ਕੌਮਾਂਤਰੀ www.amritsartimes.com
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 24 | Issue 242| 26 Aug. to 1 Sept. 2026 | Ph.: (510) 240-5949 | Email: asrtimes@gmail.com

# ਵਿਦੇਸ਼ਾਂ ’ਚ ਸਿੱਖਾਂ ’ਤੇ ਨਸਲੀ ਹਮਲੇ, ਖ਼ਤਰਨਾਕ ਰੁਝਾਨ

➤ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨਸਲੀ ਹਿੰਸਾ ਦਾ ਸ਼ਿਕਾਰ ਕਿਉਂ? ➤ ਦੁਨੀਆ ’ਚ ਸਿੱਖਾਂ ਦੀ ਪਹਿਚਾਣ ਦਰਸਾਉਣ ਲਈ ਪ੍ਰਚਾਰ ਦੀ ਲੋੜ

ਜਗਮੋਹਨ ਸਿੰਘ ‘ਲੱਕੀ’



ਲੰਘੇ ਦਿਨੀਂ ਚੜ੍ਹਦੀ ਸਵੇਰ ਕੈਨੇਡਾ ਦੇ ਅਲਬਰਟਾ ਸੂਬੇ ਦੇ ਐਡਮਿੰਟਨ ਸ਼ਹਿਰ ’ਚ ਸਥਿਤ ਗੁਰਦੁਆਰਾ ਨਾਨਕਸਰ ਸਾਹਿਬ ਵਿੱਚ ਇੱਕ ਗੋਰੇ ਹਮਲਾਵਰ ਵੱਲੋਂ ਚਾਕੂ ਨਾਲ ਹਮਲਾ ਕਰ ਕੇ ਦੋ ਸਿੱਖਾਂ ਨੂੰ ਜ਼ਖਮੀ ਕਰ ਦੇਣ ਦੀ ਘਟਨਾ ਨੇ ਕੈਨੇਡਾ ਵਿੱਚ ਸਿੱਖਾਂ ਵਿਰੁੱਧ ਵੱਧ ਰਹੀ ਨਸਲੀ ਹਿੰਸਾ ਨੂੰ ਉਜਾਗਰ ਕੀਤਾ ਹੈ। ਇਸ ਘਟਨਾ ਤੋਂ ਬਾਅਦ ਕੈਨੇਡਾ ਵਿੱਚ ਰਹਿੰਦੇ ਸਿੱਖਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਰਹੀ ਹੈ। ਕੈਨੇਡਾ ਵਿੱਚ ਇਸ ਤੋਂ ਪਹਿਲਾਂ ਵੀ ਸਿੱਖਾਂ ’ਤੇ ਕਈ ਵਾਰ ਨਸਲੀ ਹਮਲੇ ਹੋਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ, ਜੋ ਕਿ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਅਤੇ ਸਭਿਅਕ ਦੇਸ਼ ਕਹਾਉਂਦੇ ਕੈਨੇਡਾ ਦੀ ਮੌਜੂਦਾ ਅਸਲੀਅਤ ਨੂੰ ਪੇਸ਼ ਕਰਦੀਆਂ ਹਨ। ਹੁਣ ਵੱਡਾ ਸਵਾਲ ਤਾਂ ਇਹ ਪੈਦਾ ਹੋ ਰਿਹਾ ਹੈ ਕਿ ਕੀ ਸਿੱਖ ਕੈਨੇਡਾ ਵਰਗੇ ਦੇਸ਼ ਦੇ ਗੁਰਧਾਮਾਂ ਵਿੱਚ ਵੀ ਸੁਰੱਖਿਅਤ ਨਹੀਂ? ਇਸ ਦੇ ਨਾਲ ਇਹ ਸਵਾਲ ਵੀ ਪੈਦਾ ਹੋ ਰਿਹਾ ਹੈ ਕਿ ਕੈਨੇਡਾ ਵਿੱਚ ਸਿੱਖਾਂ ਖ਼ਿਲਾਫ਼ ਨਸਲੀ ਨਫਰਤ ਦਿਨੋਂ ਦਿਨ ਕਿਉਂ ਵੱਧਦੀ ਜਾ ਰਹੀ ਹੈ? ਕਿਸੇ ਸਮੇਂ ਪੰਜਾਬੀਆਂ ਖਾਸ ਕਰਕੇ ਸਿੱਖਾਂ ਦੀ ਸੁਪਨਨਗਰੀ ਰਹੇ ਕੈਨੇਡਾ ’ਚ ਜਿਸ ਤਰੀਕੇ ਨਾਲ ਸਿੱਖਾਂ ਖ਼ਿਲਾਫ਼ ਨਸਲੀ ਹਿੰਸਾ ਅਤੇ ਅਪਰਾਧ ਵਧੇ ਹਨ, ਉਹ ਕਈ ਵੱਡੇ ਸਵਾਲ ਖੜੇ ਕਰਦੇ ਹਨ।

ਪਿਛਲੇ ਕੁਝ ਸਮੇਂ ਤੋਂ ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ ’ਚ ਸਿੱਖਾਂ ਤੇ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ’ਚ ਲਗਾਤਾਰ ਵਾਧਾ ਹੋਇਆ ਹੈ। ਕਦੇ ਗੁਰਦੁਆਰਾ ਸਾਹਿਬ ਦੀਆਂ ਕੰਧਾਂ ’ਤੇ ਨਫ਼ਰਤੀ ਸੁਨੇਹੇ ਲਿਖੇ ਜਾਂਦੇ ਹਨ, ਕਦੇ ਤੋੜ-ਭੰਨ ਕੀਤੀ ਜਾਂਦੀ ਹੈ ਤੇ ਕਦੇ ਸੰਗਤ ’ਤੇ ਸਿੱਧਾ ਹਮਲਾ। ਐਡਮਿੰਟਨ ਹਮਲੇ ਤੋਂ ਪਹਿਲਾਂ ਅਲਬਰਟਾ ਦੇ ਦੋ ਗੁਰਦੁਆਰਿਆਂ ਨੂੰ ਧਮਕੀ ਭਰੇ ਫੋਨ ਆਉਣਾ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਕੀ ਅੱਗੜ-ਪਿੱਛੜ ਹੋਈਆਂ ਇਨ੍ਹਾਂ ਦੋਵਾਂ ਘਟਨਾਵਾਂ ਵਿਚਾਲੇ ਕੋਈ ਸਬੰਧ ਹੈ? ਜੇ ਹੈ ਤਾਂ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕਦਾ ਹੈ। ਇਸ ਲਈ ਪੁਲਿਸ ਤੇ ਸੁਰੱਖਿਆ ਏਜੰਸੀਆਂ ਲਈ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਜਿਹੀਆਂ ਧਮਕੀਆਂ ਨੂੰ ਸਿਰਫ਼ ਮਜ਼ਾਕ ਜਾਂ ਧਮਕੀ ਸਮਝ ਕੇ ਅਣਗੌਲਿਆ ਨਾ ਕਰਨ।

ਗੁਰਦੁਆਰਾ ਨਾਨਕਸਰ ਸਾਹਿਬ ਗੁਰਸਿੱਖ ਟੈਂਪਲ 1410 ਹੌਰਸਹਿੱਲਜ਼ ਰੋਡ ’ਤੇ ਸਥਿਤ ਹੈ। ਮੌਜੂਦਾ ਗੁਰਦੁਆਰਾ ਕੰਪਲੈਕਸ 1996 ਵਿੱਚ ਇਸ ਥਾਂ ’ਤੇ ਖੋਲ੍ਹਿਆ ਗਿਆ ਸੀ। ਲਗਭਗ 30,000 ਵਰਗ ਫੁੱਟ ਵਿੱਚ ਫੈਲਿਆ ਇਹ ਗੁਰਦੁਆਰਾ ਅਲਬਰਟਾ ਦੇ ਵੱਡੇ ਗੁਰਦੁਆਰਿਆਂ ਵਿੱਚੋਂ ਇੱਕ ਹੈ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਹਮਲਾਵਰ ਨੂੰ ਮੌਕੇ ਉੱਪਰ ਕਾਬੂ ਕਰਕੇ ਪੁਲਿਸ ਹਵਾਲੇ ਕਰ ਦਿੱਤਾ ਗਿਆ।

ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ ਅਤੇ ਕੈਨੇਡਾ ਵਿੱਚ ਅਨੇਕਾਂ ਸਿੱਖ ਉੱਚ ਅਹੁਦਿਆਂ ’ਤੇ ਵੀ ਬਿਰਾਜਮਾਨ ਹਨ। ਭਾਰਤ ਤੋਂ ਬਾਅਦ ਸਭ ਤੋਂ ਵੱਧ ਸਿੱਖ ਕੈਨੇਡਾ ’ਚ ਰਹਿੰਦੇ ਹਨ। ਕੈਨੇਡੀਅਨ ਜਨਗਣਨਾ ਅਨੁਸਾਰ, ਸਿੱਖ ਭਾਈਚਾਰਾ ਇਕੱਲਾ ਕੈਨੇਡਾ ਦੀ ਕੁੱਲ ਆਬਾਦੀ ਦਾ 2.1 ਪ੍ਰਤੀਸ਼ਤ ਬਣਦਾ ਹੈ। ਕੈਨੇਡਾ ਵਿੱਚ ਇਸ ਸਮੇਂ ਲਗਭਗ 8 ਲੱਖ ਸਿੱਖ ਰਹਿੰਦੇ ਹਨ। ਕੈਨੇਡਾ ਨੂੰ ਵਿਕਸਤ ਮੁਲਕ ਹੋਣ ਦਾ ਮਾਣ ਪ੍ਰਾਪਤ ਹੈ। ਕੈਨੇਡਾ ਦੀ ਰਾਜਨੀਤੀ, ਵਪਾਰ ਅਤੇ ਹੋਰ ਖੇਤਰਾਂ ਵਿੱਚ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਬਹੁਤ ਤਰੱਕੀ ਕੀਤੀ ਹੈ। ਇਸ ਦੇ ਬਾਵਜੂਦ ਕੈਨੇਡਾ ਵਿੱਚ ਸਿੱਖਾਂ ਨਾਲ ਨਸਲੀ ਵਿਤਕਰੇ ਹੋਣ ਦੀਆਂ ਘਟਨਾਵਾਂ ਕੈਨੇਡਾ ਦੇ ਕੁਝ ਲੋਕਾਂ ਦਾ ਦੂਜਾ ਚਿਹਰਾ ਦੁਨੀਆ ਸਾਹਮਣੇ ਲਿਆਉਂਦੀਆਂ ਹਨ।

ਸਿਰਫ਼ ਕੈਨੇਡਾ ਹੀ ਨਹੀਂ ਸਗੋਂ ਵਿਸ਼ਵ ਦੇ ਵੱਖ- ਵੱਖ ਮੁਲਕਾਂ ਵਿੱਚ ਪਿਛਲੇ ਕੁਝ ਸਾਲਾਂ ਤੋਂ ਸਿੱਖਾਂ ਖ਼ਿਲਾਫ਼ ਨਸਲੀ ਹਿੰਸਾ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ ਵਿਦੇਸ਼ੀ ਸਰਕਾਰਾਂ ਦੀ ਢਿੱਲੀ ਕਾਰਵਾਈ ਕਾਰਨ ਸਿੱਖਾਂ ’ਤੇ ਨਸਲੀ ਹਮਲੇ ਕਰਨ ਵਾਲਿਆਂ ਦੇ ਹੌਂਸਲੇ ਵਧ ਰਹੇ ਹਨ। ਪਿਛਲੇ ਸਾਲ ਬ੍ਰਿਟੇਨ ਦੇ ਓਲਡਬਰੀ ਸ਼ਹਿਰ ’ਚ ਇੱਕ 20 ਸਾਲਾ ਸਿੱਖ ਔਰਤ ਨਾਲ ਦੋ ਗੋਰਿਆਂ ਵੱਲੋਂ ਬਦਸਲੂਕੀ ਤੇ ਜਬਰ ਜਨਾਹ ਕਰਨ ਅਤੇ ਉਸ ਨੂੰ ਨਸਲੀ ਟਿੱਪਣੀਆਂ ਕਰਦਿਆਂ ਆਪਣੇ ਦੇਸ਼ ਵਾਪਸ ਜਾਣ ਦੀ ਧਮਕੀ ਦੇਣ ਦੀ ਖ਼ਬਰ ਨੇ ਪੂਰੀ ਦੁਨੀਆ ਵਿੱਚ ਰਹਿੰਦੇ ਸਿੱਖਾਂ ਦੇ ਹਿਰਦੇ ਵਲੂੰਧਰ ਦਿੱਤੇ ਸਨ। ਇਸ ਘਟਨਾ ਤੋਂ ਕੁਝ ਦਿਨ ਪਹਿਲਾਂ ਬ੍ਰਿਟੇਨ ਵਿੱਚ ਦੋ ਸਿੱਖ ਵਿਅਕਤੀਆਂ ਦੀ ਗੋਰੇ ਲੋਕਾਂ ਵੱਲੋਂ ਕੁੱਟਮਾਰ ਕਰ ਦਿੱਤੀ ਗਈ ਸੀ। ਉਸ ਸਮੇਂ ਗੋਰੀਆਂ ਮਹਿਲਾਵਾਂ ਨੇ ਹੀ ਇਹਨਾਂ ਸਿੱਖ ਵਿਅਕਤੀਆਂ ਨੂੰ ਹਮਲਾਵਰਾਂ ਤੋਂ ਬਚਾਇਆ ਸੀ ਅਤੇ ਘਟਨਾ ਦੀ ਵੀਡੀਓ ਬਣਾ ਲਈ ਸੀ, ਜੋ ਕਿ ਪੂਰੀ ਦੁਨੀਆ ’ਚ ਵਾਇਰਲ ਹੋ ਗਈ ਸੀ। ਕੁਝ ਸਾਲ ਪਹਿਲਾਂ ਵਿਸ਼ਵ ਦੀ ਮਹਾਂ ਸ਼ਕਤੀ ਮੰਨੇ ਜਾਂਦੇ ਅਮਰੀਕਾ ਦੇ ਓਹਾਇਓ ਸੂਬੇ ਦੇ ਕਸਬੇ ਵੈਸਟ ਚੈਸਟਰ ਵਿੱਚ ਰਹਿੰਦੇ ਇੱਕ ਸਿੱਖ ਪਰਿਵਾਰ ਦੇ ਚਾਰ ਮੈਂਬਰਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਅਮਰੀਕਾ ਵਿੱਚ ਹੀ ਕੁਝ ਸਾਲ ਪਹਿਲਾਂ ਅਮਰੀਕਾ ਦੇ ਵਿਸਕੋਨਸਿਨ ਰਾਜ ਦੇ ਸ਼ਹਿਰ ਓਕਕ੍ਰੀਕ ਵਿੱਚ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਦੇ ਇੱਕ ਪਵਿੱਤਰ ਗੁਰਧਾਮ ਉੱਪਰ ਹਥਿਆਰਬੰਦ ਹਮਲਾਵਰਾਂ ਵੱਲੋਂ ਕੀਤੇ ਹਮਲੇ ਵਿੱਚ 7 ਸਿੱਖ ਵਿਅਕਤੀ ਮਾਰੇ ਗਏ ਸਨ ਤੇ ਇਸ ਹਮਲੇ ਵਿੱਚ 25 ਤੋਂ ਵੱਧ ਸਿੱਖ ਜ਼ਖਮੀ ਹੋ ਗਏ ਸਨ। ਇਹ ਹਮਲਾ ਉਸ ਸਮੇਂ ਹੋਇਆ ਸੀ, ਜਦੋਂ ਇਸ ਗੁਰਦੁਆਰੇ ਵਿੱਚ ਦੀਵਾਨ ਸਜਿਆ ਹੋਇਆ ਸੀ ਅਤੇ ਸੰਗਤਾਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੈਠੀਆਂ ਸਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਦੋਂ ਤੱਕ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਨਸਲੀ ਵਿਤਕਰੇ ਦਾ ਸ਼ਿਕਾਰ ਹੁੰਦੇ ਰਹਿਣਗੇ? ਕਦੋਂ ਵਿਦੇਸ਼ਾਂ ਵਿੱਚ ਸਿੱਖਾਂ ਦੀ ਸੁਰੱਖਿਆ ਲਈ ਹੋਰ ਲੋੜੀਂਦੇ ਕਦਮ ਚੁੱਕੇ ਜਾਣਗੇ? ਇਸ ਸਵਾਲ ਦੇ ਜਵਾਬ ਵਿੱਚ ਇਹ ਗੱਲ ਕਹੀ ਜਾ ਸਕਦੀ ਹੈ, ਕਿ ਵਿਦੇਸ਼ਾਂ ਵਿੱਚ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਸਥਾਵਾਂ ਵੱਲੋਂ ਅਜੇ ਵੀ ਸਿੱਖ ਧਰਮ ਬਾਰੇ ਦੂਜੇ ਲੋਕਾਂ ਨੂੰ ਉੱਨੀ ਜਾਣਕਾਰੀ ਨਹੀਂ ਦਿੱਤੀ ਜਾ ਸਕੀ, ਜੋ ਕਿ ਦੇਣੀ ਜਰੂਰੀ ਸੀ। ਸਿੱਖ ਇੱਕ ਵੱਖਰਾ ਧਰਮ ਹੈ, ਜਿਸ ਦੀ ਆਪਣੀ ਵੱਖਰੀ ਹੋਂਦ ਹੈ। ਦੁਨੀਆ ਦਾ ਸਭ ਤੋਂ ਆਧੁਨਿਕ ਧਰਮ ਹੋਣ ਦਾ ਮਾਣ ਵੀ ਸਿੱਖ ਧਰਮ ਨੂੰ ਜਾਂਦਾ ਹੈ।

ਅਸਲ ਵਿੱਚ ਲੋੜ ਤਾਂ ਇਸ ਗੱਲ ਦੀ ਹੈ ਕਿ ਸਿੱਖ ਦੁਨੀਆ ਭਰ ਵਿੱਚ ਆਪਣੀ ਵੱਖਰੀ ਪਹਿਚਾਣ ਕਰਵਾਉਣ ਲਈ ਸੁਚੇਤ ਹੋਣ ਤੇ ਇਕੱਠੇ ਹੋ ਕੇ ਸਭ ਧਾਰਮਿਕ ਤੇ ਰਾਜਸੀ ਜਥੇਬੰਦੀਆਂ ਦੁਨੀਆ ਭਰ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਤਾਂ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਨਸਲੀ ਤੇ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਣ ਤੋਂ ਬੱਚ ਸਕਣ। ਦੂਜੇ ਮੁਲਕਾਂ ਨੂੰ ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲੇ ਮੁਲਕ ਕੈਨੇਡਾ ਦੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮੁਲਕ ਅੰਦਰ ਹੀ ਪਰਵਾਸੀ ਸਿੱਖਾਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਤਾਂ ਕਿ ਸਿੱਖ ਨਸਲੀ ਹਮਲਿਆਂ ਦੇ ਸ਼ਿਕਾਰ ਹੋਣ ਤੋਂ ਬੱਚ ਸਕਣ।

**ਸਿੱਖ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹਨ। ਦੁਨੀਆ ਦੇ ਕਿਸੇ ਵੀ ਇਲਾਕੇ ਵਿੱਚ ਜਦੋਂ ਵੀ ਕੋਈ ਕੁਦਰਤੀ ਬਿਪਤਾ ਆਉਂਦੀ ਹੈ, ਜਾਂ ਮਨੁੱਖ ਵੱਲੋਂ ਸਹੇੜੀ ਕੋਈ ਜੰਗ ਲੱਗਦੀ ਹੈ ਤਾਂ ਉਥੇ ਸਿੱਖ ਪਹੁੰਚ ਕੇ ਖਾਣ ਪੀਣ ਦੇ ਸਮਾਨ ਅਤੇ ਜ਼ਰੂਰੀ ਦਵਾਈਆਂ ਅਤੇ ਕੱਪੜਿਆਂ ਦਾ ਲੰਗਰ ਲਗਾਉਂਦੇ ਹਨ। ਇਸ ਤੋਂ ਇਲਾਵਾ ਦੁਨੀਆ ਦੇ ਹਰ ਕੋਨੇ/ਨੁਕਰ ਵਿੱਚ ਆਈ ਕਿਸੇ ਵੀ ਬਿਪਤਾ ਸਮੇਂ ਸਿੱਖ ਆਪਣੇ ਖ਼ਜ਼ਾਨੇ ਖੋਲ੍ਹ ਦਿੰਦੇ ਹਨ ਅਤੇ ਪ੍ਰਭਾਵਿਤ ਥਾਂ ’ਤੇ ਜਾ ਕੇ ਗੁਰੂ ਕਾ ਲੰਗਰ ਲਗਾ ਦਿੰਦੇ ਹਨ।**

## 65 ਫ਼ੀਸਦੀ ਸਿੱਖ ਹੋਏ ਨਸਲੀ ਵਿਤਕਰੇ ਦਾ ਸ਼ਿਕਾਰ: ਰਿਪੋਰਟ




ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਕੁਝ ਸਮਾਂ ਪਹਿਲਾਂ ਜਾਰੀ ਕੀਤੀ ਗਈ ‘ਕੈਨੇਡਾ ਵਿੱਚ ਸਿੱਖ ਵਿਰੋਧੀ ਨਫ਼ਰਤ ਨੂੰ ਸਮਝਣਾ ਅਤੇ ਹੱਲ ਕਰਨਾ’ ਨਾਮਕ 78 ਪੰਨਿਆਂ ਦੀ ਇੱਕ ਰਿਪੋਰਟ ਨੇ ਕੈਨੇਡਾ ਵਿੱਚ ਵੱਧ ਰਹੇ ਨਸਲੀ ਵਿਤਕਰੇ ਦੀ ਪੋਲ ਖੋਲ੍ਹ ਦਿੱਤੀ ਹੈ। ਜਨਵਰੀ ਅਤੇ ਮਾਰਚ 2025 ਦਰਮਿਆਨ 1,600 ਤੋਂ ਵੱਧ ਸਿੱਖ-ਕੈਨੇਡੀਅਨਾਂ ’ਤੇ ਕੀਤੇ ਗਏ ਇਸ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ 80 ਫ਼ੀਸਦੀ ਲੋਕਾਂ ਦਾ ਮੰਨਣਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਸਿੱਖਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਰਿਪੋਰਟ ਮੁਤਾਬਕ 65 ਫ਼ੀਸਦੀ ਲੋਕਾਂ ਨੇ ਮੰਨਿਆ ਕਿ ਉਨ੍ਹਾਂ ਨੂੰ ਜਨਤਕ ਥਾਵਾਂ ’ਤੇ ਜ਼ਬਾਨੀ ਤੌਰ ’ਤੇ ਤੰਗ-ਪ੍ਰੇਸ਼ਾਨ ਕੀਤਾ ਗਿਆ ਹੈ।

## ਗੁਰਦੁਆਰੇ ’ਤੇ ਹੋਇਆ ਹਮਲਾ ਭਿਆਨਕ : ਕਾਰਨੀ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਇਸਨੂੰ ‘ਭਿਆਨਕ’ ਕਰਾਰ ਦਿੱਤਾ ਅਤੇ ਐਕਸ ’ਤੇ ਇੱਕ ਪੋਸਟ ਵਿੱਚ ਲਿਖਿਆ, ਐਡਮਿੰਟਨ ਵਿੱਚ ਨਾਨਕਸਰ ਗੁਰਦੁਆਰੇ ’ਤੇ ਹੋਇਆ ਹਮਲਾ ਭਿਆਨਕ ਹੈ। ਮੇਰੀ ਹਮਦਰਦੀ ਉਨ੍ਹਾਂ ਦੋ ਵਿਅਕਤੀਆਂ ਨਾਲ ਹੈ ਜੋ ਜ਼ਖ਼ਮੀ ਹੋਏ ਹਨ ਅਤੇ ਵਿਆਪਕ ਭਾਈਚਾਰੇ ਨਾਲ ਹੈ ਜੋ ਇਸ ਭਿਆਨਕ ਘਟਨਾ ਤੋਂ ਹਿੱਲ ਗਿਆ ਹੈ।

ਅਲਬਰਟਾ ਦੀ ਪ੍ਰੀਮੀਅਰ ਡੇਨਿਏਲ ਸਮਿਥ ਨੇ ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਅਤੇ ਪਿਛਲੇ ਕੁਝ ਦਿਨਾਂ ਵਿੱਚ ਹਿੰਸਾ ਦੀਆਂ ਤਾਜ਼ਾ ਘਟਨਾਵਾਂ ਦੇ ਮੱਦੇਨਜ਼ਰ ਸਿੱਖ ਭਾਈਚਾਰੇ ਪ੍ਰਤੀ ਸਮਰਥਨ ਪ੍ਰਗਟ ਕੀਤਾ।

## ਹਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ : ਜਥੇ. ਗੜਗੱਜ



ਅੰਮ੍ਰਿਤਸਰ : ਕੈਨੇਡਾ ਦੇ ਅਲਬਰਟਾ ਪ੍ਰੋਵਿੰਸ ਦੇ ਐਡਮਿੰਟਨ ਵਿਖੇ ਸਥਿਤ ਨਾਨਕਸਰ ਗੁਰਦੁਆਰਾ ਸਾਹਿਬ ਵਿੱਚ ਇੱਕ ਵਿਅਕਤੀ ਵੱਲੋਂ ਦਾਖਲ ਹੋ ਕੇ ਸੇਵਾਦਾਰ ਸਿੱਖਾਂ ਨੂੰ ਜ਼ਖ਼ਮੀ ਕਰਨ ਦੀ ਘਟਨਾ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਚਿੰਤਾ ਪ੍ਰਗਟ ਕਰਦਿਆਂ ਇਸਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਇਸ ਘਟਨਾ ਵਿੱਚ ਫੱਟੜ ਹੋਏ ਦੋ ਸੇਵਾਦਾਰ ਸਿੱਖਾਂ ਦੀ ਸਿਹਤਯਾਬੀ ਅਤੇ ਚੜ੍ਹਦੀਕਲਾ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਕਿ ਦੋਸ਼ੀ ਵਿਅਕਤੀ ਨੂੰ ਐਡਮਿੰਟਨ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਪਰੰਤੂ ਕੈਨੇਡਾ ਦੀਆਂ ਸਿੱਖ ਸੰਸਥਾਵਾਂ ਇਸ ਮਾਮਲੇ ਵਿੱਚ ਡੂੰਘਾਈ ਤੱਕ ਜਾਂਚ ਯਕੀਨੀ ਬਣਾਉਣ ਕਿ ਕਿਸੇ ਸਿੱਖ-ਵਿਰੋਧੀ ਸਮੂਹ ਜਾਂ ਸੰਸਥਾ ਨੇ ਇਸ ਨੂੰ ਵਰਗਲਾ ਕੇ ਗੁਰੂ ਘਰ ਨੂੰ ਨਿਸ਼ਾਨਾ ਬਣਾਉਣ ਲਈ ਪ੍ਰੇਰਿਤ ਤਾਂ ਨਹੀਂ ਕੀਤਾ ਸੀ।

ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਵੀ ਕੈਲਗਰੀ ਦੇ ਗੁਰਦੁਆਰਾ ਸਾਹਿਬਾਨ ਨੂੰ ਕੁਝ ਧਮਕੀਆਂ ਮਿਲੀਆਂ ਸਨ, ਜੋ ਕਿ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਕੈਲਗਰੀ ਪੁਲਿਸ ਨੂੰ ਇਸ ਦੀ ਗੰਭੀਰਤਾ ਨਾਲ ਜਾਂਚ ਕਰਕੇ ਸੱਚ ਸਾਹਮਣੇ ਲਿਆਉਣ ਲਈ ਕਿਹਾ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

### ਮੁੱਖ ਮੰਤਰੀ ਮਾਨ ਦੀ ਪਤਨੀ 'ਤੇ ਰਿਸ਼ਵਤ ਦੇ ਦੋਸ਼

# ਸਾਬਕਾ ਜਸਟਿਸ ਰਣਜੀਤ ਸਿੰਘ ਦੇ ਬਿਆਨ 'ਤੇ ਮਚਿਆ ਸਿਆਸੀ ਘਮਾਸਾਨ

## ਸਾਬਕਾ ਜੱਜ ਵੱਲੋਂ ਲਗਾਏ ਗਏ ਗੰਭੀਰ ਇਲਜ਼ਾਮਾਂ 'ਤੇ ਡਾ. ਗੁਰਪ੍ਰੀਤ ਕੌਰ ਨੇ ਭੇਜਿਆ ਕਾਨੂੰਨੀ ਨੋਟਿਸ

## ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਪੰਜਾਬ ਦੇ ਡੀ.ਜੀ.ਪੀ. ਅਤੇ ਮੁੱਖ ਸਕੱਤਰ ਤੋਂ ਦੋ ਹ਼ਫਤਿਆਂ ਵਿੱਚ ਮੰਗੀ ਰਿਪੋਰਟ

ਪੰਜਾਬ ਦੀ ਰਾਜਨੀਤੀ ਵਿੱਚ ਇਸ ਸਮੇਂ ਇੱਕ ਬੇਹੱਦ ਸੰਵੇਦਨਸ਼ੀਲ, ਗੁੰਝਲਦਾਰ ਅਤੇ ਚਰਚਾ ਦਾ ਵਿਸ਼ਾ ਬਣਿਆ ਮਾਮਲਾ ਭਖਿਆ ਹੋਇਆ ਹੈ, ਜਿਸ ਨੇ ਸੂਬੇ ਦੇ ਸਿਆਸੀ ਗਲਿਆਰਿਆਂ ਵਿੱਚ ਤੂਫ਼ਾਨ ਲੈਣ ਆਉਂਦਾ ਹੈ। ਪੰਜਾਬ-ਹਰਿਆਣਾ ਹਾਈਕੋਰਟ ਦੇ ਸੇਵਾ-ਮੁਕਤ ਜੱਜ ਜਸਟਿਸ ਰਣਜੀਤ ਸਿੰਘ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਖ਼ਿਲਾਫ਼ ਇੱਕ ਮਾਮਲੇ ਵਿੱਚ ਕਥਿਤ ਤੌਰ 'ਤੇ ਪੰਜ ਕਰੋੜ ਰੁਪਏ ਦੀ ਰਿਸ਼ਵਤ ਮੰਗਣ ਦੇ ਇਲਜ਼ਾਮ ਲਗਾਏ ਜਾਣ ਤੋਂ ਬਾਅਦ ਇਹ ਮਾਮਲਾ ਸਿਰਫ਼ ਇੱਕ ਵਿਅਕਤੀਗਤ ਵਿਵਾਦ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਸੂਬੇ ਦੀ ਮੁੱਖ ਧਾਰਾ ਦੀ ਸਿਆਸਤ ਦਾ ਕੇਂਦਰ ਬਣ ਗਿਆ ਹੈ। ਇਸ ਪੂਰੇ ਘਟਨਾਕ੍ਰਮ ਨੇ ਕਾਨੂੰਨੀ, ਨੈਤਿਕ ਅਤੇ ਰਾਜਨੀਤਿਕ ਤੌਰ 'ਤੇ ਕਈ ਅਹਿਮ ਸਵਾਲ ਖੜ੍ਹੇ ਕਰ ਦਿੱਤੇ ਹਨ।

**ਮੁੱਖ ਘਟਨਾਕ੍ਰਮ ਅਤੇ ਇਲਜ਼ਾਮਾਂ ਦੀ ਪਿਛੋਕੜ**

ਬੀਤੇ ਦਿਨੀਂ ਰਿਟਾਇਰਡ ਜਸਟਿਸ ਰਣਜੀਤ ਸਿੰਘ ਨੇ ਇੱਕ ਪ੍ਰੈੱਸ ਕਾਨਫਰੰਸ ਕਰਕੇ ਹਾਈਕੋਰਟ ਵਿੱਚ ਦਾਖ਼ਲ ਇੱਕ ਪਟੀਸ਼ਨ ਦਾ ਹਵਾਲਾ ਦਿੱਤਾ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਮੁੱਖ ਮੰਤਰੀ ਦੀ ਪਤਨੀ ਖ਼ਿਲਾਫ਼ ਇੱਕ ਅਜਿਹੇ ਕੇਸ ਨੂੰ ਰੱਦ ਕਰਵਾਉਣ ਬਦਲੇ 5 ਕਰੋੜ ਰੁਪਏ ਦੀ ਮੰਗ ਕਰਨ ਦੇ ਗੰਭੀਰ ਦੋਸ਼ ਲਗਾਏ ਗਏ ਸਨ, ਜਿਸ ਨੇ ਹਰ ਪਾਸੇ ਸਨਸਨੀ ਫੈਲਾ ਦਿੱਤੀ ਸੀ।

ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ, ਤੱਥਹੀਣ ਅਤੇ ਸਿਆਸੀ ਬਦਨਾਮੀ ਦੀ ਸਾਜ਼ਿਸ਼ ਕਰਾਰ ਦਿੰਦਿਆਂ ਡਾ. ਗੁਰਪ੍ਰੀਤ ਕੌਰ ਵੱਲੋਂ ਸਾਬਕਾ ਜਸਟਿਸ ਰਣਜੀਤ ਸਿੰਘ ਨੂੰ ਲੀਗਲ ਨੋਟਿਸ ਭੇਜ ਕੇ ਜਵਾਬ ਮੰਗਿਆ ਗਿਆ ਹੈ। ਦੂਜੇ ਪਾਸੇ, ਸਾਬਕਾ ਜਸਟਿਸ ਰਣਜੀਤ ਸਿੰਘ ਨੇ ਬੜੇ ਸਪੱਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਹੈ ਕਿ ਉਹ ਇਸ ਨੋਟਿਸ ਦਾ ਕੋਈ ਜਵਾਬ ਨਹੀਂ ਦੇਣਗੇ, ਸਗੋਂ ਇਸ ਪੂਰੀ ਲੜਾਈ ਨੂੰ ਸਿੱਧਾ ਅਦਾਲਤ ਵਿੱਚ ਲੜਨਗੇ ਅਤੇ ਆਪਣੇ ਤੱਥ ਪੇਸ਼ ਕਰਨਗੇ।

**ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ**



**ਦਖ਼ਲਅੰਦਾਜ਼ੀ:** ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ। ਕਮਿਸ਼ਨ ਵੱਲੋਂ ਪੰਜਾਬ ਦੇ ਡੀ.ਜੀ.ਪੀ. ਅਤੇ ਮੁੱਖ ਸਕੱਤਰ ਨੂੰ ਤਲਬ ਕਰਦਿਆਂ ਦੋ ਹ਼ਫਤਿਆਂ ਦੇ ਅੰਦਰ ਇਸ ਪੂਰੇ ਮਾਮਲੇ ਦੀ ਵਿਸਤ੍ਰਿਤ ਜਾਂਚ ਰਿਪੋਰਟ ਮੰਗੀ ਗਈ ਹੈ, ਜਿਸ ਨਾਲ ਸਰਕਾਰੀ ਤੰਤਰ 'ਤੇ ਦਬਾਅ ਹੋਰ ਵਧ ਗਿਆ ਹੈ।

**ਸਿਆਸੀ ਘਮਾਸਾਨ ਅਤੇ ਵਿਰੋਧੀਆਂ ਦੇ ਤਿਖੇ ਪ੍ਰਤੀਕਰਮ**

ਇਸ ਵਿਵਾਦ ਦੇ ਸਾਹਮਣੇ ਆਉਂਦਿਆਂ ਹੀ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੂੰ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਨੂੰ ਘੇਰਨ ਦਾ ਵੱਡਾ ਮੌਕਾ ਮਿਲ ਗਿਆ ਹੈ। ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਅਤੇ




ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਸ ਮਾਮਲੇ ਵਿੱਚ ਤੁਰੰਤ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਵਿਰੋਧੀਆਂ ਦਾ ਤਰਕ ਹੈ ਕਿ ਜਦੋਂ ਦੋਸ਼ ਸਿੱਧੇ ਤੌਰ 'ਤੇ ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰਾਂ 'ਤੇ ਲੱਗੇ ਹਨ, ਤਾਂ ਸਰਕਾਰ ਨੂੰ ਪਾਰਦਰਸ਼ਤਾ ਦਿਖਾਉਂਦਿਆਂ ਇਸ ਦੀ ਉੱਚ-ਪੱਧਰੀ ਜਾਂਚ ਕਰਵਾਉਣੀ ਚਾਹੀਦੀ ਹੈ। ਦੂਜੇ ਪਾਸੇ, 'ਆਪ' ਆਗੂਆਂ ਦਾ ਕਹਿਣਾ ਹੈ ਕਿ ਵਿਰੋਧੀ ਧਿਰਾਂ ਅਤੇ ਕੁਝ ਸਾਬਕਾ ਅਧਿਕਾਰੀ ਬਿਨਾਂ ਕਿਸੇ ਠੋਸ ਸਬੂਤ ਦੇ ਸਿਰਫ਼ ਸਰਕਾਰ ਨੂੰ ਬਦਨਾਮ ਕਰਨ ਲਈ ਅਜਿਹੇ ਹਥਕੰਡੇ ਅਪਣਾ ਰਹੇ ਹਨ।

**ਕੌਣ ਸੱਚਾ, ਕੌਣ ਝੂਠਾ?**

ਇਸ ਗੁੰਝਲਦਾਰ ਸਵਾਲ ਦਾ ਜਵਾਬ ਦੇਣਾ ਫਿਲਹਾਲ ਜਲਦਬਾਜ਼ੀ ਹੋਵੇਗਾ। ਇੱਕ ਪਾਸੇ ਸਾਬਕਾ ਜਸਟਿਸ ਰਣਜੀਤ ਸਿੰਘ ਆਪਣੇ ਪਾਸੇ ਅਦਾਲਤੀ ਪਟੀਸ਼ਨਾਂ ਅਤੇ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇ ਰਹੇ ਹਨ, ਤਾਂ ਦੂਜੇ ਪਾਸੇ ਸਰਕਾਰ ਅਤੇ ਪੀੜਤ ਧਿਰ ਇਸ ਨੂੰ ਮਨਘੜਤ ਅਤੇ ਬਦਨਾਮ ਕਰਨ ਦੀ ਸਾਜ਼ਿਸ਼ ਦੱਸ ਰਹੀ ਹੈ। ਅਸਲੀ ਸੱਚਾਈ ਪੁਲਿਸ ਜਾਂਚ, ਅਦਾਲਤੀ ਫ਼ੈਸਲੇ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਹੀ ਪਰਤ-ਦਰ-ਪਰਤ ਖੁੱਲ੍ਹੇਗੀ। ਪਰ ਇਹ ਘਟਨਾ ਸਪੱਸ਼ਟ ਕਰਦੀ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਹੁਣ ਨੈਤਿਕ ਮੁੱਦਿਆਂ ਅਤੇ ਕਾਨੂੰਨੀ ਲੜਾਈਆਂ ਦਾ ਦੌਰ ਬਹੁਤ ਤਿੱਖਾ ਹੋ ਚੁੱਕਾ ਹੈ, ਜਿਸ ਦੇ ਆਉਣ ਵਾਲੇ ਸਮੇਂ ਵਿੱਚ ਦੂਰਗਾਮੀ ਸਿਆਸੀ ਨਤੀਜੇ ਦੇਖਣ ਨੂੰ ਮਿਲ ਸਕਦੇ ਹਨ।

# ਪੰਜਾਬ ਸਿਆਸਤ ਵਿੱਚ ਅਕਾਲੀ-ਭਾਜਪਾ ਗਠਜੋੜ 'ਤੇ ਪ੍ਰਸ਼ਨ ਚਿੰਨ੍ਹ

## ਬਾਦਲ ਦਲ ਗਠਜੋੜ ਲਈ ਉਤਸੁਕ, ਭਾਜਪਾ ਵੱਲੋਂ 117 ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦਾ ਦਾਅਵਾ

ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਅਕਾਲੀ-ਭਾਜਪਾ ਗਠਜੋੜ ਉੱਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਮੁੜ ਸਾਂਝ ਬਣਾਉਣ ਦੀ ਕਾਹਲ ਸਾਫ਼ ਨਜ਼ਰ ਆ ਰਹੀ ਹੈ, ਪਰ ਭਾਰਤੀ ਜਨਤਾ ਪਾਰਟੀ ਨੇ ਤਾਜ਼ਾ ਬਿਆਨਾਂ ਰਾਹੀਂ ਸਪੱਸ਼ਟ ਕਰ ਦਿੱਤਾ ਹੈ ਕਿ ਉਹ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਦੀਆਂ ਸਾਰੀਆਂ 117 ਸੀਟਾਂ 'ਤੇ ਆਪਣੇ ਦਮ 'ਤੇ ਉਤਰੇਗੀ। ਇਸ ਸਿਆਸੀ ਖਿੱਚ-ਤਾਣ ਪਿੱਛੇ ਪੰਥਕ ਹਲਕਿਆਂ ਵਿੱਚ ਬਦਲਦੇ ਹਾਲਾਤ, ਬਾਦਲ ਅਕਾਲੀ ਦਲ ਦੀ ਪੰਥਕ ਵੋਟ ਬੈਂਕ ਦੀ ਘਟਦੀ ਪਕੜ ਹੈ ਅਤੇ ਦੋਵਾਂ ਪਾਰਟੀਆਂ ਦੀਆਂ ਵੱਖ-ਵੱਖ ਰਣਨੀਤੀਆਂ ਹਨ।

ਅਕਾਲੀ ਦਲ ਵੱਲੋਂ ਮੁੜ ਗਠਜੋੜ ਲਈ ਕਾਹਲ ਕਿਉਂ?

ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਭਾਰੀ ਝਟਕਾ ਲੱਗਿਆ ਸੀ। ਪਾਰਟੀ ਆਪਣੀ ਰਾਜਨੀਤਕ ਜ਼ਮੀਨ ਮੁੜ ਹਾਸਲ ਕਰਨ ਲਈ ਕਿਸੇ ਵੱਡੇ ਸਹਾਰੇ ਦੀ ਤਲਾਸ਼ ਵਿੱਚ ਹੈ। ਰਵਾਇਤੀ ਤੌਰ 'ਤੇ ਅਕਾਲੀ-ਭਾਜਪਾ ਗਠਜੋੜ ਪੇਂਡੂ ਸਿੱਖ ਅਤੇ ਸ਼ਹਿਰੀ ਹਿੰਦੂ ਵੋਟਰਾਂ ਦਾ ਮਜ਼ਬੂਤ ਸੁਮੇਲ ਰਿਹਾ ਹੈ। ਅਕਾਲੀ ਆਗੂ ਮਹਿਸੂਸ ਕਰਦੇ ਹਨ ਕਿ ਭਾਜਪਾ ਤੋਂ ਬਿਨਾਂ ਸ਼ਹਿਰੀ ਖੇਤਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨਾ ਮੁਸ਼ਕਲ ਹੈ।

ਹਾਲ ਹੀ ਵਿੱਚ ਸਾਂਸਦ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ




ਮਾਜੀਠੀਆ ਵਰਗੇ ਆਗੂਆਂ ਨੇ ਖੁੱਲ੍ਹੇ ਤੌਰ 'ਤੇ ਕਿਹਾ ਹੈ ਕਿ ਪੰਜਾਬ ਦੇ ਲੋਕ ਸ਼ਾਂਤੀ, ਅਮਨ-ਕਾਨੂੰਨ, ਸਰਹੱਦੀ ਸੁਰੱਖਿਆ ਅਤੇ ਵਿਕਾਸ ਲਈ ਦੋਵਾਂ ਪਾਰਟੀਆਂ ਨੂੰ ਮੁੜ ਇਕੱਠੇ ਵੇਖਣਾ ਚਾਹੁੰਦੇ ਹਨ। ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹਾਲੀਆ ਮੁਲਾਕਾਤ ਨੇ ਇਨ੍ਹਾਂ ਅਟਕਲਾਂ ਨੂੰ ਹੋਰ ਹਵਾ ਦੇ ਦਿੱਤੀ ਹੈ। ਅਕਾਲੀ ਦਲ ਲਈ ਇਹ ਗਠਜੋੜ ਸਿਆਸੀ ਹੋਂਦ ਬਚਾਉਣ ਅਤੇ ਪੰਥਕ ਆਧਾਰ ਨੂੰ ਮੁੜ ਸੁਰਜੀਤ ਕਰਨ ਦਾ ਰਸਤਾ ਵੀ ਹੈ।

ਭਾਜਪਾ ਇਕੱਲੀ ਚੋਣ ਲੜਨ ਦਾ ਦਾਅਵਾ ਕਿਉਂ ਕਰ ਰਹੀ ਹੈ?

ਭਾਜਪਾ ਇਸ ਵਾਰ ਪੰਜਾਬ ਵਿੱਚ ਆਪਣੀ ਵੱਖਰੀ ਪਛਾਣ ਬਣਾਉਣਾ ਚਾਹੁੰਦੀ ਹੈ। ਰਾਸ਼ਟਰੀ ਜਨਰਲ ਸਕੱਤਰ (ਸੰਗਠਨ) ਬੀ.ਐੱਲ. ਸੰਤੋਸ਼ ਨੇ 24-25 ਅਗਸਤ ਨੂੰ ਪਟਿਆਲਾ ਅਤੇ ਹੋਰ ਥਾਵਾਂ 'ਤੇ ਜ਼ੋਨਲ ਮੀਟਿੰਗਾਂ ਦੌਰਾਨ ਸਪੱਸ਼ਟ ਕੀਤਾ ਕਿ ਪਾਰਟੀ ਸਾਰੀਆਂ 117 ਸੀਟਾਂ 'ਤੇ ਇਕੱਲੀ ਚੋਣ ਲੜੇਗੀ ਅਤੇ ਸਰਕਾਰ ਬਣਾਉਣ ਦਾ ਟੀਚਾ ਰੱਖਦੀ ਹੈ। ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੀ ਇਸੇ ਰਾਏ ਨਾਲ ਖੜ੍ਹੇ ਹਨ।

ਭਾਜਪਾ ਦੀ ਰਣਨੀਤੀ ਸੰਗਠਨਾਤਮਕ ਵਿਸਥਾਰ 'ਤੇ ਅਧਾਰਿਤ ਹੈ। ਪਾਰਟੀ ਮੰਨਦੀ ਹੈ ਕਿ ਸਾਰੀਆਂ ਸੀਟਾਂ 'ਤੇ ਲੜਨ ਨਾਲ ਹੀ ਜ਼ਮੀਨੀ ਪੱਧਰ 'ਤੇ ਕੇਡਰ ਤਿਆਰ ਹੋਵੇਗਾ ਅਤੇ ਪਾਰਟੀ 'ਸਿੰਗਲ ਪਾਰਟੀ' ਵਜੋਂ ਉੱਭਰੇਗੀ। ਕਿਸਾਨ ਅੰਦੋਲਨ ਤੋਂ ਬਾਅਦ ਪੇਂਡੂ ਪੰਜਾਬ ਵਿੱਚ ਬਣੇ ਕੁਝ ਸਿਆਸੀ ਪਰਹੇਜ਼ਾਂ ਤੋਂ ਬਾਅਦ ਭਾਜਪਾ ਆਪਣੀ ਵੱਖਰੀ ਪਛਾਣ ਬਣਾ ਕੇ ਅੱਗੇ ਵਧਣਾ ਚਾਹੁੰਦੀ ਹੈ।

(ਬਾਕੀ ਸ਼ਫ਼ਾ 26 'ਤੇ)

# ਨਿਖਿਲ ਗੁਪਤਾ ਨੇ ਮੈਨਹਟਨ ਫ਼ੈਡਰਲ ਕੋਰਟ 'ਚ ਅਮਰੀਕਾ ਵਿੱਚ ਪੰਨੂ ਦੇ ਕਤਲ ਦੀ ਸਾਜਿਸ਼ ਨੂੰ ਲੈ ਕੇ ਦੋਸ਼ ਕਬੂਲਿਆ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ 2023 ਦੀ ਅਸਫ਼ਲ ਸਾਜ਼ਿਸ਼ ਵਿੱਚ ਸ਼ਾਮਲ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਮੈਨਹਟਨ ਦੀ ਇੱਕ ਫ਼ੈਡਰਲ ਅਦਾਲਤ ਵਿੱਚ ਆਪਣੇ ਦੋਸ਼ ਕਬੂਲ ਕਰ ਲਏ ਹਨ।

ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਮੈਨਹਟਨ ਦੀ ਫ਼ੈਡਰਲ ਅਦਾਲਤ ਵਿੱਚ ਕਬੂਲ ਕੀਤਾ ਹੈ ਕਿ ਉਸਨੇ ਅਮਰੀਕਾ ਵਿੱਚ ਰਹਿ ਰਹੇ ਪ੍ਰਮੁੱਖ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚੀ ਸੀ। ਨਿਖਿਲ ਗੁਪਤਾ ਨੇ ਤਿੰਨ ਅਪਰਾਧਿਕ ਦੋਸ਼ਾਂ — ਕਿਰਾਏ 'ਤੇ ਕਤਲ ਕਰਨ (ਮਰਡਰ-ਫ਼ਾਰ-ਹਾਇਰ), ਕਿਰਾਏ 'ਤੇ ਕਤਲ ਕਰਨ ਦੀ ਸਾਜ਼ਿਸ਼ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ — ਤਹਿਤ ਆਪਣੇ ਦੋਸ਼ ਮੰਨ ਲਏ ਹਨ। ਇਸ ਨਾਲ ਵਾਸ਼ਿੰਗਟਨ, ਨਵੀਂ ਦਿੱਲੀ ਅਤੇ ਓਟਾਵਾ ਵਿਚਕਾਰ ਕੂਟਨੀਤਕ ਤਣਾਅ ਪੈਦਾ ਕਰਨ ਵਾਲੇ ਇਸ ਉੱਚ-ਪੱਧਰੀ ਮਾਮਲੇ ਵਿੱਚ ਇੱਕ ਵੱਡਾ ਕਾਨੂੰਨੀ ਮੋੜ ਆਇਆ ਹੈ।

ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਏ ਮੁੱਖ ਨੁਕਤੇ:

ਜੱਜ ਸਾਰਾ ਨੇਟਬਰਨ ਸਾਹਮਣੇ ਪੇਸ਼ ਹੋ ਕੇ, ਗੁਪਤਾ ਨੇ ਮੰਨਿਆ ਕਿ ਉਸਨੇ 2023 ਵਿੱਚ ਭਾਰਤ ਤੋਂ ਕੰਮ ਕਰਦਿਆਂ ਗੁਰਪਤਵੰਤ ਸਿੰਘ ਪੰਨੂ ਨੂੰ ਖਤਮ ਕਰਨ ਲਈ ਫ਼ੰਡ ਦਾ ਪ੍ਰਬੰਧ ਕੀਤਾ ਅਤੇ ਵਿਚੋਲਿਆਂ ਨਾਲ ਗੱਲਬਾਤ ਕੀਤੀ।




ਅਦਾਲਤੀ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਗੁਪਤਾ ਨੇ ਇੱਕ ਅਜਿਹੇ ਵਿਅਕਤੀ ਨੂੰ ਆਨਲਾਈਨ ਅਡਵਾਂਸ ਵਜੋਂ 15,000 ਡਾਲਰ ਭੇਜੇ ਸਨ ਜਿਸਨੂੰ ਉਹ ਪੇਸ਼ੇਵਰ ਕਾਤਲ ਸਮਝਦਾ ਸੀ, ਪਰ ਅਸਲ ਵਿੱਚ ਉਹ ਅਮਰੀਕੀ ਡਰੱਗ ਇਨਫ਼ੋਰਸਮੈਂਟ ਐਡਮਿਨਸਟ੍ਰੇਸ਼ਨ ਦਾ ਇੱਕ ਗੁਪਤ ਸੂਤਰ ਸੀ। ਬਚਾਅ ਪੱਖ ਦੇ ਵਕੀਲਾਂ ਨੇ ਸੰਕੇਤ ਦਿੱਤਾ ਹੈ ਕਿ ਮੁਕੱਦਮੇ ਦੇ (ਬਾਕੀ ਸ਼ਫ਼ਾ 26 'ਤੇ)

## ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਜਾਨ ਨੂੰ ਖ਼ਤਰਾ

### ਐਫ.ਬੀ.ਆਈ. ਅਤੇ ਕੈਨੇਡਾ ਪੁਲਿਸ ਨੇ ਕੀਤਾ ਸੁਚੇਤ

ਨਿਊਯਾਰਕ/ਏ.ਟੀ.ਨਿਊਜ਼: ਪ੍ਰਮੁੱਖ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਅਮਰੀਕੀ ਸੰਘੀ ਜਾਂਚ ਬਿਊਰੋ (ਐਫ.ਬੀ.ਆਈ.) ਅਤੇ ਰੋਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਉਸਦੀ ਜਾਨ ਨੂੰ ਖ਼ਤਰਾ ਹੋਣ ਬਾਰੇ ਜਾਣਕਾਰੀ ਦਿੱਤੀ ਹੈ। ਪੰਨੂ ਨੂੰ ਇਹ ਚਿਤਾਵਨੀ ਅਜਿਹੇ ਸਮੇਂ ਵਿੱਚ ਮਿਲੀ ਹੈ ਜਦੋਂ ਭਾਰਤ ਦੇ ਇੱਕ ਨਾਗਰਿਕ ਨੂੰ ਉਸ ਦੇ ਖ਼ਿਲਾਫ਼ 2023 ਵਿੱਚ ਹੱਤਿਆ ਦੀ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਇਸ ਸਾਲ ਦੇ ਅੰਤ ਵਿੱਚ ਸਜ਼ਾ ਸੁਣਾਈ ਜਾਣੀ ਹੈ।

'ਸਿੱਖਸ ਫਾਰ ਜਸਟਿਸ' ਦੇ ਕਾਨੂੰਨੀ ਮਾਮਲਿਆਂ ਦੇ ਮੁਖੀ ਪੰਨੂ ਨੇ ਕਿਹਾ ਕਿ ਪਿਛਲੇ ਹ਼ਫਤੇ ਐੱਫ.ਬੀ.ਆਈ. ਦੇ ਅਧਿਕਾਰੀ ਉਸ ਨੂੰ ਮਿਲਣ ਆਏ ਸਨ ਅਤੇ ਉਨ੍ਹਾਂ ਨੇ ਉਸ ਨੂੰ ਸਲਾਹ ਦਿੱਤੀ ਕਿ ਜਦੋਂ ਤੱਕ ਖ਼ਤਰਾ ਟਲ ਨਹੀਂ ਜਾਂਦਾ, ਉਦੋਂ ਤੱਕ ਉਹ ਯਾਤਰਾ ਨਾ ਕਰੇ ਅਤੇ ਜੇ ਉਹ ਯਾਤਰਾ (ਬਾਕੀ ਸ਼ਫ਼ਾ 26 'ਤੇ)

# ਆਇਸ਼ਾ ਵਹਾਬ ਦਾ ਕਾਂਗਰਸਵੂਮੈਨ ਬਣਨਾ SCOPE ਅਤੇ ਸਿੱਖ ਭਾਈਚਾਰੇ ਲਈ ਇਤਿਹਾਸਕ ਜਿੱਤ

ਅੱਜ ਅਸੀਂ ਇੱਕ ਬਹੁਤ ਹੀ ਮਾਣ ਵਾਲੇ ਅਤੇ ਇਤਿਹਾਸਕ ਪਲ ਦਾ ਜਸ਼ਨ ਮਨਾ ਰਹੇ ਹਾਂ—ਆਇਸ਼ਾ ਵਹਾਬ ਦਾ ਕਾਂਗਰਸਵੂਮੈਨ ਬਣਨਾ। ਸਾਨੂੰ ਮਾਣ ਹੈ ਕਿ SCOPE (ਸਿੱਖ ਕਮਿਊਨਿਟੀ ਆਰਗੇਨਾਈਜ਼ਡ ਫਾਰ ਪੁਲੀਟੀਕਲ ਇੰਗੇਜ਼ਮੈਂਟ) ਨੇ ਉਨ੍ਹਾਂ ਦੀ ਇਸ ਯਾਤਰਾ ਵਿੱਚ ਲਗਾਤਾਰ ਅਤੇ ਮਜ਼ਬੂਤ ਸਮਰਥਨ ਦਿੱਤਾ।ਆਇਸ਼ਾ ਵਹਾਬ ਲਈ SCOPE ਦਾ ਸਮਰਥਨ ਇਸ ਕਾਂਗਰਸੀ ਚੋਣ ਤੋਂ ਸ਼ੁਰੂ ਨਹੀਂ ਹੋਇਆ। SCOPE ਨੇ 2018 ਤੋਂ ਹੀ ਆਇਸ਼ਾ ਵਹਾਬ ਦਾ ਸਾਥ ਦਿੱਤਾ ਹੈ, ਜਦੋਂ ਉਨ੍ਹਾਂ ਨੇ ਪਹਿਲੀ ਵਾਰ ਹੇਵਰਡ ਸਿਟੀ ਕੌਂਸਲ ਲਈ ਚੋਣ ਲੜੀ ਸੀ। ਇਸ ਤੋਂ ਬਾਅਦ ਜਦੋਂ ਉਨ੍ਹਾਂ ਨੇ ਕੈਲੀਫੋਰਨੀਆ ਸਟੇਟ ਸੈਨੇਟ ਲਈ ਚੋਣ ਲੜੀ, ਤਦ ਵੀ SCOPE ਨੇ ਉਨ੍ਹਾਂ ਦਾ ਸਮਰਥਨ ਜਾਰੀ ਰੱਖਿਆ। ਇਸ ਕਾਂਗਰਸੀ ਦੌੜ ਦੌਰਾਨ ਵੀ SCOPE ਨੇ ਕਈ ਕਮਿਊਨਿਟੀ ਸਮਾਗਮ ਕਰਵਾਏ ਅਤੇ ਸਿੱਖ ਭਾਈਚਾਰੇ ਵਿੱਚ ਉਨ੍ਹਾਂ ਲਈ ਸਮਰਥਨ ਇਕੱਠਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।



ਇਹ ਜਿੱਤ ਸਾਨੂੰ ਦਿਖਾਉਂਦੀ ਹੈ ਕਿ ਜਦੋਂ ਇੱਕ ਭਾਈਚਾਰਾ ਇਕੱਠਾ ਹੁੰਦਾ ਹੈ, ਸੰਗਠਿਤ ਹੁੰਦਾ ਹੈ, ਰਾਜਨੀਤਿਕ ਤੌਰ 'ਤੇ ਸਰਗਰਮ ਹੁੰਦਾ ਹੈ ਅਤੇ ਆਪਣੀ ਵੋਟ ਦੀ ਤਾਕਤ ਦੀ ਵਰਤੋਂ ਕਰਦਾ ਹੈ, ਤਾਂ ਉਹ ਵੱਡਾ ਬਦਲਾਅ ਲਿਆ ਸਕਦਾ ਹੈ।

ਸਿੱਖ ਭਾਈਚਾਰੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਸੀਂ ਸਿਰਫ਼ ਰਾਜਨੀਤਿਕ ਪ੍ਰਕਿਰਿਆ ਦੇ ਦਰਸ਼ਕ ਨਹੀਂ ਹਾਂ—ਅਸੀਂ ਆਪਣੇ ਭਾਈਚਾਰੇ ਅਤੇ ਦੇਸ਼ ਦੇ ਭਵਿੱਖ ਨੂੰ ਬਣਾਉਣ ਵਿੱਚ ਇੱਕ ਮਜ਼ਬੂਤ ਤਾਕਤ ਹਾਂ।

ਕਾਂਗਰਸਵੂਮੈਨ ਆਇਸ਼ਾ ਵਹਾਬ ਨੂੰ ਇਸ ਇਤਿਹਾਸਕ ਉਪਲਬਧੀ ਲਈ ਬਹੁਤ-ਬਹੁਤ ਵਧਾਈਆਂ! ਸਾਨੂੰ ਮਾਣ ਹੈ ਕਿ SCOPE ਅਤੇ ਸਿੱਖ ਭਾਈਚਾਰਾ ਉਨ੍ਹਾਂ ਦੀ ਸਿਟੀ ਕੌਂਸਲ ਤੋਂ ਲੈ ਕੇ ਯੂਨਾਇਟਿਡ ਸਟੇਟ ਕਾਂਗਰਸ ਤੱਕ ਦੀ ਯਾਤਰਾ ਦਾ ਹਿੱਸਾ ਰਹੇ ਹਨ।

SCOPE ਅੱਗੇ ਵੀ ਸਿੱਖ ਭਾਈਚਾਰੇ ਨੂੰ ਸੰਗਠਿਤ, ਜਾਗਰੂਕ ਅਤੇ ਸਸ਼ਕਤ ਕਰਦਾ ਰਹੇਗਾ, ਤਾਂ ਜੋ ਹਰ ਪੱਧਰ 'ਤੇ ਸਾਡੀ ਆਵਾਜ਼ ਹੋਰ ਮਜ਼ਬੂਤ ਹੋਵੇ।

### ਟਰੰਪ ਪ੍ਰਸ਼ਾਸਨ ਨੂੰ ਝਟਕਾ

# ਅਦਾਲਤ ਨੇ 75 ਦੇਸ਼ਾਂ ਦੇ ਵੀਜ਼ੇ ਮੁਅੱਤਲ ਕਰਨ ਦੀ ਨੀਤੀ ਕੀਤੀ ਰੱਦ

ਵਾਸ਼ਿੰਗਟਨ/ਏ.ਟੀ.ਨਿਊਜ਼: ਨਿਊਯਾਰਕ ਦੇ ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਦੀ ਉਸ ਨੀਤੀ ਨੂੰ ਰੱਦ ਕਰ ਦਿੱਤਾ ਹੈ ਜਿਸ ਤਹਿਤ 75 ਦੇਸ਼ਾਂ ਤੋਂ ਆਉਣ ਵਾਲੇ ਪ੍ਰਵਾਸੀਆਂ ਦੇ ਵੀਜ਼ਿਆਂ ਦੀ ਪ੍ਰਕਿਰਿਆ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਦੇਸ਼ਾਂ ਵਿੱਚ ਅਫਗਾਨਿਸਤਾਨ, ਇਰਾਨ, ਰੂਸ ਅਤੇ ਸੋਮਾਲੀਆ ਸ਼ਾਮਲ ਸਨ, ਜਿਨ੍ਹਾਂ ਦੇ ਨਾਗਰਿਕਾਂ ਬਾਰੇ ਟਰੰਪ ਪ੍ਰਸ਼ਾਸਨ ਦਾ ਮੰਨਣਾ ਸੀ ਕਿ ਉਨ੍ਹਾਂ ਨੂੰ ਅਮਰੀਕਾ ਵਿੱਚ ਸਰਕਾਰੀ ਮਦਦ ਦੀ ਲੋੜ ਪੈ ਸਕਦੀ ਹੈ।

ਯੂ ਐੱਸ ਡਿਸਟ੍ਰਿਕਟ ਜੱਜ ਜੈਨੇਟ ਵਰਗਾਸ (ਸਾਬਕਾ ਰਾਸ਼ਟਰਪਤੀ ਜੋਇ ਬਾਇਡੇਨ ਵੱਲੋਂ ਨਿਯੁਕਤ) ਨੇ ਲੰਘੇ ਦਿਨੀਂ ਇਸ ਨੀਤੀ ਨੂੰ ਕਾਨੂੰਨ ਦੇ ਉਲਟ ਅਤੇ ਵਿਧਾਨਕ ਅਧਿਕਾਰਾਂ ਤੋਂ ਬਾਹਰ ਦੱਸਦਿਆਂ ਰੱਦ ਕਰ ਦਿੱਤਾ। ਜੱਜ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਅਜਿਹੀ ਨੀਤੀ ਬਣਾ ਕੇ ਆਪਣੇ ਅਧਿਕਾਰਾਂ ਦੀ ਹੱਦ ਟੱਪੀ ਹੈ ਜੋ ਇਮੀਗ੍ਰੇਸ਼ਨ ਅਤੇ ਨੈਸ਼ਨੈਲਿਟੀ ਐਕਟ ਦੀ ਉਲੰਘਣਾ ਕਰਦੀ ਹੈ ਕਿਉਂਕਿ ਇਹ ਬਿਨਾਂ ਕਿਸੇ ਕਾਨੂੰਨੀ ਆਧਾਰ ਦੇ ਯੋਗ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਦਾ ਹੁਕਮ ਦਿੰਦੀ ਹੈ।



ਜੱਜ ਨੇ ਕਿਹਾ ਕਿ ਇਹ ਨੀਤੀ ਕਾਂਗਰਸ ਦੇ ਉਸ ਨਿਯਮ ਨੂੰ ਵੀ ਕਮਜ਼ੋਰ ਕਰਦੀ ਹੈ ਜੋ ਕੌਂਸਲਰ ਅਧਿਕਾਰੀਆਂ ਨੂੰ ਕਿਸੇ ਵੀ ਵੀਜ਼ਾ ਫੈਸਲੇ ਵਿੱਚ ਸਭ ਤੋਂ ਅੱਗੇ ਰੱਖਦਾ ਹੈ। ਉਨ੍ਹਾਂ ਲਿਖਿਆ ਕਿ ਕਾਂਗਰਸ ਨੇ ਇਨ੍ਹਾਂ ਅਧਿਕਾਰੀਆਂ ਨੂੰ ਨਿਵੇਕਲੀ ਸ਼ਕਤੀ ਦਿੱਤੀ ਹੈ ਕਿ ਉਹ ਕਾਨੂੰਨ ਵਿੱਚ ਤੈਅ ਕੀਤੇ ਗਏ ਖਾਸ ਅਤੇ ਵਿਸਤ੍ਰਿਤ ਮਾਪਦੰਡਾਂ ਦੇ ਆਧਾਰ 'ਤੇ ਤੈਅ ਕਰਨ ਕਿ ਕੋਈ ਪਰਵਾਸੀ ਵੀਜ਼ੇ ਲਈ ਯੋਗ ਹੈ ਜਾਂ ਨਹੀਂ।ਅਰਜ਼ੀ ਦੇਣ ਵਾਲੇ ਦੀ ਕੌਮੀਅਤ ਦੇ ਆਧਾਰ 'ਤੇ ਵੀਜ਼ਾ ਜਾਰੀ ਕਰਨ 'ਤੇ ਪਾਬੰਦੀ ਲਗਾਉਣਾ ਇਸ ਕਾਨੂੰਨੀ ਪ੍ਰਣਾਲੀ ਦੀ ਸਿੱਧੀ ਉਲੰਘਣਾ ਹੈ।

ਇਸ ਨੀਤੀ ਨੂੰ 11 ਜਣਿਆਂ ਵੱਲੋਂ ਚੁਣੌਤੀ ਦਿੱਤੀ ਗਈ ਸੀ, ਜਿਨ੍ਹਾਂ ਵਿੱਚ ਛੇ ਉਹ ਲੋਕ ਸ਼ਾਮਲ ਸਨ ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਬਾਕੀ ਪੰਜ ਉਹ ਵਿਅਕਤੀ ਹਨ ਜੋ ਦੇਸ਼ ਤੋਂ ਬਾਹਰ ਹਨ ਅਤੇ ਅਮਰੀਕਾ ਆਉਣ ਲਈ 'ਰੁਜ਼ਗਾਰ-ਆਧਾਰਿਤ ਅਰਜ਼ੀਆਂ' ਦਾਖ਼ਲ ਕਰ ਚੁੱਕੇ ਸਨ। ਮੁਕੱਦਮੇ ਵਿੱਚ ਸ਼ਾਮਲ ਇੱਕ ਰਾਸ਼ਟਰੀ ਗੈਰ-ਲਾਭਕਾਰੀ ਸੰਸਥਾ ਕਲੀਨਿਕ ਦੀ ਕਾਰਜਕਾਰੀ ਨਿਰਦੇਸ਼ਕ ਐਨਾ ਗੈਲਾ ਨੇ ਕਿਹਾ ਕਿ ਉਹ ਇਸ ਫੈਸਲੇ ਦਾ ਸਵਾਗਤ ਕਰਦੇ ਹਨ ਕਿਉਂਕਿ ਇਸ ਦਾ ਮੁੱਖ ਮਕਸਦ ਪਰਿਵਾਰਾਂ ਨੂੰ ਇਕੱਠੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਡੇ ਕਦਰਾਂ-ਕੀਮਤਾਂ ਅਤੇ ਕਾਨੂੰਨ ਦੇ ਰਾਜ ਦੀ ਪੁਸ਼ਟੀ ਕਰਦਾ ਹੈ।

ਰਾਸ਼ਟਰਪਤੀ ਡੋਨਾਲਡ ਟੰਪ ਵੱਲੋਂ ਮੁੱਖ ਤੌਰ 'ਤੇ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਲੋਕਾਂ ਲਈ ਇਮੀਗ੍ਰੇਸ਼ਨ ਅਤੇ ਯਾਤਰਾ 'ਤੇ ਲਗਾਤਾਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਵਿਦੇਸ਼ ਵਿਭਾਗ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੀਜ਼ਾ ਬਿਨੈਕਾਰਾਂ ਦੀ ਜਾਂਚ ਦੇ ਉੱਚਤਮ ਮਿਆਰਾਂ ਨੂੰ ਕਾਇਮ ਰੱਖ ਕੇ ਅਮਰੀਕੀ ਲੋਕਾਂ ਦੀ ਰੱਖਿਆ ਕਰ ਰਿਹਾ ਹੈ ਅਤੇ ਉਹ ਚੱਲ ਰਹੀ ਕਾਨੂੰਨੀ ਕਾਰਵਾਈ 'ਤੇ ਕੋਈ ਟਿੱਪਣੀ ਨਹੀਂ ਕਰਨਗੇ। ਜਦੋਂ ਇਹ ਨੀਤੀ ਜਾਰੀ ਕੀਤੀ ਗਈ ਸੀ ਤਾਂ ਵਿਦੇਸ਼ ਵਿਭਾਗ ਨੇ ਕਿਹਾ ਸੀ ਕਿ ਸੰਭਾਵੀ ਪਰਵਾਸੀਆਂ ਦੇ ਨਿਯਮਾਂ ਨੂੰ ਸਖ਼ਤ ਕਰਨ ਦੇ ਆਦੇਸ਼ਾਂ ਤਹਿਤ ਇਨ੍ਹਾਂ 75 ਦੇਸ਼ਾਂ ਤੋਂ ਆਉਣ ਵਾਲੀਆਂ ਵੀਜ਼ਾ ਅਰਜ਼ੀਆਂ ਨੂੰ ਰੋਕਿਆ ਗਿਆ ਸੀ।

ਇਹ ਫੈਸਲਾ ਅਦਾਲਤਾਂ ਵੱਲੋਂ ਟਰੰਪ ਦੇ ਇਮੀਗ੍ਰੇਸ਼ਨ ਏਜੰਡੇ ਨੂੰ ਉਲਟਾਉਣ ਦੀ ਤਾਜ਼ਾ ਮਿਸਾਲ ਹੈ। ਇਸ ਤੋਂ ਪਹਿਲਾਂ ਜੂਨ ਵਿੱਚ ਵੀ ਇੱਕ ਫੈਡਰਲ ਜੱਜ ਨੇ ਟਰੰਪ ਪ੍ਰਸ਼ਾਸਨ ਦੀ ਉਸ ਨੀਤੀ ਨੂੰ ਰੱਦ ਕਰ ਦਿੱਤਾ ਸੀ ਜਿਸ ਨਾਲ ਦਰਜਨਾਂ ਦੇਸ਼ਾਂ ਦੇ ਪਰਵਾਸੀਆਂ ਲਈ ਅਮਰੀਕਾ ਵਿੱਚ ਦਾਖ਼ਲ ਹੋਣਾ ਅਤੇ ਰਹਿਣਾ ਔਖਾ ਹੋ ਗਿਆ ਸੀ। ਜੱਜ ਨੇ ਕਿਹਾ ਸੀ ਕਿ ਉਸ ਨੀਤੀ ਨੇ ਅਣਗਿਣਤ ਪਰਵਾਸੀਆਂ ਦੀ ਜ਼ਿੰਦਗੀ ਨੂੰ ਕਾਨੂੰਨੀ ਦੁਬਿਧਾ ਵਿੱਚ ਪਾ ਦਿੱਤਾ ਹੈ ਅਤੇ ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ 'ਤੇ ਕਾਨੂੰਨ ਨੂੰ ਨਜ਼ਰਅੰਦਾਜ਼ ਕਰਨ ਦੇ ਦੋਸ਼ ਲਾਏ ਸਨ।

## ਕੈਲੀ.ਫੋਰਨੀਆ ਅਸੈਂਬਲੀ ਨੇ ਪਾਸ ਕੀਤਾ ਦਿਵਾਲੀ ਮਨਾਉਣ ਲਈ ਮਤਾ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਕੈਲੀਫ਼ੋਰਨੀਆ ਸਟੇਟ ਅਸੈਂਬਲੀ ਨੇ 8 ਨਵੰਬਰ ਨੂੰ ਦਿਵਾਲੀ ਦਿਵਸ ਵਜੋਂ ਮਾਨਤਾ ਦੇਣ ਵਾਲਾ ਇੱਕ ਮਤਾ ਪਾਸ ਕੀਤਾ ਹੈ ਅਤੇ ਸੂਬੇ ਦੇ ਨਾਗਰਿਕਾਂ ਨੂੰ ਇਸ ਜਸ਼ਨ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਹੈ।



ਅਸੈਂਬਲੀ ਮੈਂਬਰਾਂ ਦਰਸ਼ਨਾ ਪਟੇਲ ਅਤੇ ਅਸ਼ ਕਾਲਰਾ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਵਿੱਚ ਇਸ ਪ੍ਰਮੁੱਖ ਮੌਕੇ 'ਤੇ ਭਾਰਤੀ ਅਮਰੀਕੀਆਂ ਅਤੇ ਕੈਲੀਫ਼ੋਰਨੀਆ ਅਤੇ ਦੁਨੀਆ ਭਰ ਦੇ ਭਾਰਤੀ ਭਾਈਚਾਰੇ ਲਈ ਡੂੰਘੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ ਹੈ।ਅਸੈਂਬਲੀ ਦੁਆਰਾ ਪਾਸ ਕੀਤੇ ਗਏ ਮਤੇ ਵਿੱਚ ਕਿਹਾ ਗਿਆ ਹੈ ਕਿ "...ਅਸੈਂਬਲੀ ਐਤਵਾਰ, 8 ਨਵੰਬਰ, 2026 ਨੂੰ ਇਸ ਸਾਲ ਦੇ ਦਿਵਾਲੀ ਤਿਉਹਾਰ ਨੂੰ ਮਾਨਤਾ ਦਿੰਦੀ ਹੈ ਅਤੇ (ਬਾਕੀ ਸਫ਼ਾ 26 'ਤੇ)

## ਅਸੀਂ ਇਰਾਨ ਨੂੰ ਪ੍ਰਮਾਣੂ ਹਥਿਆਰ ਨਹੀਂ ਰੱਖਣ ਦੇ ਸਕਦੇ: ਟਰੰਪ

ਮਿਰਟਲ ਬੀਚ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਰਾਨ ਨੂੰ ਕਦੇ ਵੀ ਪਰਮਾਣੂ ਹਥਿਆਰ ਹਾਸਲ ਨਹੀਂ ਕਰਨ ਦੇਣਾ ਚਾਹੀਦਾ ਅਤੇ ਵਾਸ਼ਿੰਗਟਨ ਤੇ ਤਹਿਰਾਨ ਵਿਚਾਲੇ ਵਧਦੇ ਤਣਾਅ ਦਰਮਿਆਨ ਹਰਮੁਜ਼ ਜਲ ਮਾਰਗ ਨੂੰ 'ਅਮਰੀਕੀ ਖ਼ਿੱਤਾ' ਕਰਾਰ ਦਿੱਤਾ। ਇਹ ਜਾਣਕਾਰੀ ਅਲ ਜਜ਼ੀਰਾ ਦੀ ਰਿਪੋਰਟ 'ਚ ਦਿੱਤੀ ਗਈ ਹੈ।ਦੱਖਣੀ ਕੈਰੋਲੀਨਾ ਦੇ ਮਿਰਟਲ ਬੀਚ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ, "ਅਸੀਂ ਇਰਾਨ ਨੂੰ ਪਰਮਾਣੂ ਹਥਿਆਰ ਨਹੀਂ ਰੱਖਣ ਦੇ ਸਕਦੇ, ਨਹੀਂ ਤਾਂ ਤੁਸੀਂ ਕੁਝ ਬਹੁਤ ਮਾੜੀਆਂ ਚੀਜ਼ਾਂ ਦੇਖੋਗੇ।" ਉਨ੍ਹਾਂ ਹੋਰ ਕਿਹਾ, "ਅਸੀਂ ਉੱਥੇ ਗਏ ਅਤੇ ਅਸੀਂ ਉਨ੍ਹਾਂ ਨੂੰ ਰੋਕ ਦਿੱਤਾ; ਉਨ੍ਹਾਂ ਕੋਲ ਕਦੇ ਵੀ ਪਰਮਾਣੂ ਹਥਿਆਰ ਨਹੀਂ ਹੋਵੇਗਾ।" ਅਲ ਜਜ਼ੀਰਾ ਨੇ (ਬਾਕੀ ਸਫ਼ਾ 26 'ਤੇ)




ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.


All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ‘ਢਾਹਾਂ ਸਾਹਿਤ’ ਇਨਾਮ ਦੇ ਫ਼ਾਈਨਲ ਵਿੱਚ ਪੁੱਜੀਆਂ ਤਿੰਨ ਪੰਜਾਬੀ ਪੁਸਤਕਾਂ ਤੇ ਲੇਖਕਾਂ ਦੇ ਨਾਵਾਂ ਦਾ ਐਲਾਨ

## ਅੰਬਰ ਹੁਸੈਨੀ, ਰਾਜਪ੍ਰੀਤ ਕੌਰ ਬੈਨੀਪਾਲ ਅਤੇ ਅਕਮਲ ਸ਼ਹਿਜ਼ਾਦ ਘੁੰਮਣ ਦੀਆਂ ਰਚਨਾਵਾਂ ਅੰਤਿਮ ਮੁਕਾਬਲੇ ਵਿੱਚ

### ਪਹਿਲੀ ਵਾਰ ਦੋ ਮਹਿਲਾ ਸਾਹਿਤਕਾਰ ਫ਼ਾਈਨਲ ’ਚ




Amber Hosseini, ‘New Village’
ਅੰਬਰ ਹੁਸੈਨੀ, ‘ਨਵਾਂ ਪਿੰਡ’
امبر حُسینی، ’نواں پنڈ‘

Akmal Shahzad Ghumman, ‘Shadow’
ਅਕਮਲ ਸ਼ਹਿਜ਼ਾਦ ਘੁੰਮਣ, ‘ਪਰਛਾਵਾਂ’
اکمل شہزاد گھمن، ’پرچھاواں‘

Rajpreet Kaur Benipal, ‘Flowers Growing in a Graveyard’
ਰਾਜਪ੍ਰੀਤ ਕੌਰ ਬੈਨੀਪਾਲ, ‘ਕਬਰਾਂ ਵਿੱਚ ਉੱਗੇ ਫੁੱਲ’

ਸਰੀ (ਬੀ.ਸੀ.)/ਏ.ਟੀ.ਨਿਊਜ਼: ਮਾਂ-ਬੋਲੀ ਪੰਜਾਬੀ ਸਾਹਿਤ ਨੂੰ ਸਮਰਪਿਤ ਅੰਤਰਰਾਸ਼ਟਰੀ ਸਨਮਾਨ ਢਾਹਾਂ ਪੰਜਾਬੀ ਸਾਹਿਤ ਇਨਾਮ-2026 ਦੇ ਅੰਤਿਮ ਪੜਾਅ ਵਿੱਚ ਪਹੁੰਚੀਆਂ ਤਿੰਨ ਪੰਜਾਬੀ ਪੁਸਤਕਾਂ ਅਤੇ ਉਨ੍ਹਾਂ ਦੇ ਲੇਖਕਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਰੀ ਲਾਇਬ੍ਰੇਰੀ ਦੀ ਨਿਊਟਨ ਸ਼ਾਖਾ ਵਿਖੇ ਹੋਈ ਵਿਸ਼ੇਸ਼ ਪ੍ਰੈੱਸ ਕਾਨਫਰੰਸ ਦੌਰਾਨ ਇਨਾਮ ਦੇ ਬਾਨੀ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਨੇ ਸਾਲ 2026 ਦੇ ਤਿੰਨ ਫਾਈਨਲਿਸਟਾਂ ਦੇ ਨਾਵਾਂ ਦਾ ਐਲਾਨ ਕੀਤਾ। ਇਸ ਸਾਲ 51,000 ਕੈਨੇਡੀਅਨ ਡਾਲਰ ਦੀ ਕੁੱਲ ਇਨਾਮੀ ਰਾਸ਼ੀ ਵਾਲੇ ਇਸ ਅੰਤਰਰਾਸ਼ਟਰੀ ਸਨਮਾਨ ਲਈ ਬੀਬੀ ਅੰਬਰ ਹੁਸੈਨੀ (ਸਰਗੋਧਾ, ਪੰਜਾਬ, ਪਾਕਿਸਤਾਨ) ਦੇ ਨਾਵਲ ‘ਨਵਾਂ ਪਿੰਡ’, ਸ੍ਰੀ ਅਕਮਲ ਸ਼ਹਿਜ਼ਾਦ ਘੁੰਮਣ (ਇਸਲਾਮਾਬਾਦ) ਦੇ ਨਾਵਲ ‘ਪਰਛਾਵਾਂ’ ਅਤੇ ਬੀਬੀ ਰਾਜਪ੍ਰੀਤ ਕੌਰ ਬੈਨੀਪਾਲ (ਖੰਨਾ, ਪੰਜਾਬ, ਭਾਰਤ) ਦੇ ਕਹਾਣੀ ਸੰਗ੍ਰਹਿ ‘ਕਬਰਾਂ ਵਿੱਚ ਉੱਗੇ ਫੁੱਲ’ ਨੂੰ ਫਾਈਨਲ ਵਿੱਚ ਚੁਣਿਆ ਗਿਆ ਹੈ। ਢਾਹਾਂ ਸਾਹਿਤ ਇਨਾਮ ਦਾ ਸ਼ਾਨਦਾਰ ਸਨਮਾਨ ਸਮਾਰੋਹ 18 ਨਵੰਬਰ 2026 ਨੂੰ ਸਰੀ ਦੇ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਖੇ ਹੋਵੇਗਾ। ਸਮਾਰੋਹ ਦੌਰਾਨ ਤਿੰਨ ਫਾਈਨਲਿਸਟ ਪੁਸਤਕਾਂ ਵਿੱਚੋਂ ਇੱਕ ਨੂੰ 25,000 ਕੈਨੇਡੀਅਨ ਡਾਲਰ ਦਾ ਮੁੱਖ ਇਨਾਮ ਪ੍ਰਦਾਨ ਕੀਤਾ ਜਾਵੇਗਾ, ਜਦਕਿ ਬਾਕੀ ਦੋ ਫਾਈਨਲਿਸਟਾਂ ਨੂੰ 10,000-10,000 ਕੈਨੇਡੀਅਨ ਡਾਲਰ ਦੇ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ 6000 ਕੈਨੇਡੀਅਨ ਡਾਲਰ ਦਾ ਇਨਾਮ ਜੇਤੂ ਪੁਸਤਕਾਂ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿੱਚ ਲਿਪੀਅੰਤਰਨ ਕਰਨ ਲਈ ਦਿੱਤੀ ਜਾਵੇਗੀ। ਇਸ ਉਪਰਾਲੇ ਦਾ ਮਕਸਦ ਪੰਜਾਬੀ ਸਾਹਿਤ ਦੀਆਂ ਉੱਤਮ ਰਚਨਾਵਾਂ ਨੂੰ ਦੁਨੀਆ ਭਰ ਦੇ ਪੰਜਾਬੀ ਪਾਠਕਾਂ ਤੱਕ ਪਹੁੰਚਾਉਣਾ ਹੈ। ਸ. ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਮਾਂ ਬੋਲੀ ਪੰਜਾਬੀ ਵਿੱਚ ਰਚੇ ਪੰਜਾਬੀ ਸਾਹਿਤ ਦਾ ਵਿਸ਼ਵ ਪੱਧਰ ’ਤੇ ਪ੍ਰਚਾਰ ਅਤੇ ਪਸਾਰ ਕਰਨਾ, ਪੰਜਾਬੀ ਗਲਪ ਦੀਆਂ ਨਵੀਆਂ ਉੱਤਮ ਰਚਨਾਵਾਂ ਲਈ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨੀ ਅਤੇ ਸਰਹੱਦੋਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਇਸ ਇਨਾਮ ਦੇ ਜੇਤੂ ਜਿੱਥੇ ਪੰਜਾਬੀ ਸਾਹਿਤ ਜਗਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਵੀ ਸਮਾਜ ਨੂੰ ਇਕ ਵਿੱਲਖਣ ਸੁਨੇਹਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਗਲਪ ਅੱਜ ਸਿਰਫ਼ ਇੱਕ ਖੇਤਰ ਜਾਂ ਦੇਸ਼ ਤੱਕ ਸੀਮਤ ਨਹੀਂ ਰਿਹਾ, ਸਗੋਂ ਭਾਰਤ ਅਤੇ ਪਾਕਿਸਤਾਨ ਸਮੇਤ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਨਵੇਂ ਵਿਸ਼ਿਆਂ, ਨਵੇਂ ਅਨੁਭਵਾਂ ਅਤੇ ਨਵੇਂ ਸਾਹਿਤਕ ਅੰਦਾਜ਼ ਨਾਲ ਲਗਾਤਾਰ ਵਿਕਸਤ ਹੋ ਰਿਹਾ ਹੈ। ਪਿਛਲੇ 14 ਸਾਲਾਂ ਤੋਂ ਢਾਹਾਂ ਸਾਹਿਤ ਇਨਾਮ ਨੇ ਸਰਹੱਦਾਂ ਤੋਂ ਉੱਪਰ ਉੱਠਕੇ ਪੰਜਾਬੀ ਦੇ ਉੱਘੇ ਅਤੇ ਉਭਰਦੇ ਲੇਖਕਾਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪਛਾਣ ਦਿਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਖਾਸ ਤੌਰ ’ਤੇ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਵਿੱਚ ਲਿਖੇ ਸਾਹਿਤ ਨੂੰ ਇੱਕੋ ਮੰਚ ’ਤੇ ਸਨਮਾਨਿਤ ਕਰਨਾ ਇਸ ਇਨਾਮ ਦੀ ਵਿਸ਼ੇਸ਼ਤਾ ਹੈ।

(ਬਾਕੀ ਸਫ਼ਾ 26 ’ਤੇ)

# ਕੈਨੇਡਾ ਹੋਇਆ ਵੱਡੇ ਆਰਥਿਕ ਸੰਕਟ ਦਾ ਸ਼ਿਕਾਰ

## ਘਾਟੇ ’ਚ ਜਾ ਰਿਹੈ ਟਰਾਂਸਪੋਰਟ ਕਾਰੋਬਾਰ

ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਮਹਿੰਗਾਈ, ਉੱਚੀਆਂ ਵਿਆਜ ਦਰਾਂ ਅਤੇ ਆਰਥਿਕ ਸੁਸਤੀ ਨੇ ਆਮ ਲੋਕਾਂ ਦੇ ਨਾਲ-ਨਾਲ ਛੋਟੇ ਕਾਰੋਬਾਰਾਂ ’ਤੇ ਵੀ ਵਿੱਤੀ ਦਬਾਅ ਵਧਾ ਦਿੱਤਾ ਹੈ। ਸੰਘੀ ਸਰਕਾਰ ਦੇ ਤਾਜ਼ਾ ਅੰਕੜਿਆਂ ਮੁਤਾਬਕ 2026 ਦੀ ਦੂਜੀ ਤਿਮਾਹੀ ਦੌਰਾਨ 37,523 ਕੈਨੇਡੀਅਨਾਂ ਨੇ ਦਿਵਾਲੀਆਪਣ ਜਾਂ ਕਰਜ਼ਾ-ਰਾਹਤ ਨਾਲ ਸਬੰਧਿਤ ਪ੍ਰਕਿਰਿਆਵਾਂ ਲਈ ਅਰਜ਼ੀਆਂ ਦਾਇਰ ਕੀਤੀਆਂ। ਇਹ ਪੱਧਰ 2008 ਦੇ ਵਿਸ਼ਵ ਵਿੱਤੀ ਸੰਕਟ ਤੋਂ ਬਾਅਦ ਦੇ ਸਭ ਤੋਂ ਉੱਚੇ ਪੱਧਰਾਂ ਵਿੱਚੋਂ ਇੱਕ ਹੈ।

ਮਹਿੰਗਾਈ ਕਾਰਨ ਖਾਣ-ਪੀਣ, ਰਿਹਾਇਸ਼ ਅਤੇ ਰੋਜ਼ਾਨਾ ਦੀਆਂ ਜ਼ਰੂਰਤਾਂ ਦੀ ਲਾਗਤ ਵਧਣ ਨਾਲ ਕਈ ਪਰਿਵਾਰਾਂ ਦਾ ਮਹੀਨਾਵਾਰ ਬਜਟ ਵਿਗੜ ਗਿਆ ਹੈ। ਬੱਚਤ ਘਟਣ ਤੋਂ ਬਾਅਦ ਲੋਕ ਰੋਜ਼ਾਨਾ ਖ਼ਰਚੇ ਪੂਰੇ ਕਰਨ ਲਈ ਕ੍ਰੈਡਿਟ ਕਾਰਡਾਂ ਅਤੇ ਹੋਰ ਕਰਜ਼ਿਆਂ ’ਤੇ ਨਿਰਭਰ ਹੋ ਰਹੇ ਹਨ। ਦੂਜੇ ਪਾਸੇ, ਮਾਰਟਗੇਜ ਦੀਆਂ ਵਧੀਆਂ ਕਿਸ਼ਤਾਂ ਨੇ ਘਰਾਂ ਦੇ ਬਜਟ ’ਤੇ ਹੋਰ ਦਬਾਅ ਪਾਇਆ ਹੈ। ਜਦੋਂ ਕਰਜ਼ੇ ਦੀ ਅਦਾਇਗੀ ਮੁਸ਼ਕਿਲ ਹੋ ਜਾਂਦੀ ਹੈ ਤਾਂ ਕਈ ਲੋਕ ‘ਕੰਜ਼ਿਊਮਰ ਪ੍ਰਪੋਜ਼ਲ’ ਜਾਂ ਦਿਵਾਲੀਆਪਣ ਵਰਗੇ ਕਾਨੂੰਨੀ ਵਿਕਲਪਾਂ ਦਾ ਸਹਾਰਾ ਲੈਂਦੇ ਹਨ।



**ਟਰੱਕਿੰਗ ਖੇਤਰ ਨੂੰ ਲੱਗ ਰਹੇ ਵੱਡੇ ਵਿੱਤੀ ਝਟਕੇ**

ਕੈਨੇਡਾ ਦਾ ਟਰੱਕਿੰਗ ਖੇਤਰ ਵੀ ਲੰਮੇ ਸਮੇਂ ਤੋਂ ਵਧ ਰਹੀਆਂ ਲਾਗਤਾਂ ਅਤੇ ਘਟਦੇ ਮਾਰਜਿਨਾਂ ਨਾਲ ਜੂਝ ਰਿਹਾ ਹੈ। ਡੀਜ਼ਲ, ਵਪਾਰਕ ਬੀਮਾ, ਟਰੱਕਾਂ ਦੀਆਂ ਕਿਸ਼ਤਾਂ, ਮੁਰੰਮਤ, ਪਾਰਟਸ ਅਤੇ ਮਜ਼ਦੂਰੀ ਦੇ ਖ਼ਰਚੇ ਵਧੇ ਹਨ, ਜਦਕਿ ਮਾਲ ਢੋਆ-ਢੁਆਈ ਦੇ ਰੇਟਾਂ ’ਤੇ ਦਬਾਅ ਬਣਿਆ ਹੋਇਆ ਹੈ। ਇਸ ਕਾਰਨ ਕਈ ਕੰਪਨੀਆਂ ਦੀ ਨਕਦੀ ਦੀ ਸਥਿਤੀ ਕਮਜ਼ੋਰ ਹੋਈ ਹੈ।

ਇਸ ਦੀ ਇੱਕ ਵੱਡੀ ਮਿਸਾਲ ਮਿਸੀਸਾਗਾ ਸਥਿਤ ਪ੍ਰਾਈਡ ਗਰੁੱਪ ਹੋਲਡਿੰਗਜ਼ ਹੈ। ਕੰਪਨੀ ਨੇ 2024 ਵਿੱਚ ਕਰਜ਼ਦਾਤਿਆਂ ਤੋਂ ਸੁਰੱਖਿਆ ਮੰਗੀ ਸੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਇਸ ਨਾਲ ਜੁੜੇ ਕਰਜ਼ਦਾਤਿਆਂ ਦੇ ਦਾਅਵੇ ਲਗਪਗ 1.6 ਅਰਬ ਕੈਨੇਡੀਅਨ ਡਾਲਰ ਅਤੇ 637 ਮਿਲੀਅਨ ਅਮਰੀਕੀ ਡਾਲਰ ਤੱਕ ਸਨ। ਕੰਪਨੀ ਦਾ ਕਾਰੋਬਾਰ ਕੈਨੇਡਾ ਅਤੇ ਅਮਰੀਕਾ ਵਿੱਚ ਟਰੱਕਿੰਗ, ਲੀਜ਼ਿੰਗ ਅਤੇ ਹੋਰ ਆਵਾਜਾਈ ਸੇਵਾਵਾਂ ਤੱਕ ਫੈਲਿਆ ਹੋਇਆ ਸੀ।

(ਬਾਕੀ ਸਫ਼ਾ 26 ’ਤੇ)

# ਕੈਨੇਡਾ ’ਚ ਕੌਮਾਂਤਰੀ ਵਿਦਿਆਰਥੀਆਂ ਦੀ ਬੀਮਾ ਫ਼ੀਸ ਵਿੱਚ ਵਾਧਾ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਜਾਣ ਦੇ ਚਾਹਵਾਨ ਪੰਜਾਬੀ ਵਿਦਿਆਰਥੀਆਂ ’ਤੇ ਆਰਥਿਕ ਬੋਝ ਵਧ ਗਿਆ ਹੈ। ਸਰਕਾਰ ਦੇ ਨਵੇਂ ਐਲਾਨ ਮੁਤਾਬਕ 1 ਸਤੰਬਰ ਤੋਂ ਲਾਜ਼ਮੀ ਸਿਹਤ ਬੀਮੇ ਲਈ ਵਿਦਿਆਰਥੀਆਂ ਨੂੰ 20 ਫ਼ੀਸਦੀ ਵਾਧੂ ਰਕਮ ਅਦਾ ਕਰਨੀ ਹੋਵੇਗੀ। ਇੱਥੇ ਦੱਸ ਦਈਏ ਕਿ ਓਨਟਾਰੀਓ ਵਿੱਚ ਯੂਨੀਵਰਸਿਟੀ ਹੈਲਥ ਇੰਸ਼ੋਰੈਂਸ ਪਲਾਨ ਦਾ ਖ਼ਰਚਾ 792 ਡਾਲਰ ਤੋਂ ਵਧ ਕੇ 948 ਡਾਲਰ ਹੋ ਗਿਆ ਹੈ। ਜੇਕਰ ਕੋਈ ਵਿਦਿਆਰਥੀ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ, ਤਾਂ ਤਿੰਨ ਮੈਂਬਰਾਂ ਦੇ ਪਰਿਵਾਰ ਲਈ ਯੂਨੀਵਰਸਿਟੀ ਹੈਲਥ ਇੰਸ਼ੋਰੈਂਸ ਪਲਾਨ ਦਾ ਪ੍ਰੀਮੀਅਮ 469 ਡਾਲਰ ਵਧਾਇਆ ਗਿਆ ਹੈ। ਇਸ ਵਾਧੇ ਨਾਲ ਸਾਲਾਨਾ ਫ਼ੀਸ 2,376 ਡਾਲਰ ਤੋਂ ਵਧ ਕੇ 2,845 ਡਾਲਰ ਹੋ ਜਾਵੇਗੀ, ਜੋ ਕਿ 1 ਸਤੰਬਰ 2026 ਤੋਂ 31 ਅਗਸਤ 2027 ਦੇ ਪਾਲਿਸੀ ਸਾਲ ਲਈ ਲਾਗੂ ਹੋਵੇਗੀ। ਅਗਲੇ ਸਾਲ ਇਨ੍ਹਾਂ ਦਰਾਂ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਸਰਕਾਰੀ ਸਹਾਇਤਾ ਨਾਲ ਚਲਦੀਆਂ 22 ਯੂਨੀਵਰਸਿਟੀਜ਼ ਵਿੱਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਤੋਂ ਟਿਊਸ਼ਨ ਫ਼ੀਸ ਦੇ ਨਾਲ ਹੀ ਸਿਹਤ ਬੀਮੇ ਦੀ ਰਕਮ ਵਸੂਲ ਕਰ ਲਈ ਜਾਂਦੀ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਯੂਨੀਵਰਸਿਟੀ ਆਫ਼ ਟੋਰਾਂਟੋ, ਯੂਨੀਵਰਸਿਟੀ ਆਫ਼ ਵਾਟਰਲੂ, ਮੈਕਮਾਸਟਰ ਯੂਨੀਵਰਸਿਟੀ, ਯਾਰਕ ਯੂਨੀਵਰਸਿਟੀ, ਕੁਈਨਜ਼ ਯੂਨੀਵਰਸਿਟੀ ਅਤੇ ਟੋਰਾਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਵਰਗੇ ਵੱਡੇ ਨਾਮ ਸ਼ਾਮਲ ਹਨ। ਸੀ.ਆਈ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਇਹ ਬਦਲਾਅ ਨਵੇਂ ਅਕਾਦਮਿਕ ਸਾਲ ਮਤਲਬ 1 ਸਤੰਬਰ ਤੋਂ ਲਾਗੂ ਹੋ ਰਿਹਾ ਹੈ।

(ਬਾਕੀ ਸਫ਼ਾ 27 ’ਤੇ)

# ਕੈਨੇਡਾ ’ਚ ‘ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ’ ਹਾਸਲ ਕਰਨਾ ਹੋਇਆ ਮੁਸ਼ਕਿਲ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ’ਚ ਵੀ ਹੁਣ ਇਮੀਗ੍ਰੇਸ਼ਨ ਨੀਤੀਆਂ ਸਖ਼ਤ ਹੁੰਦੀਆਂ ਜਾ ਰਹੀਆਂ ਹਨ। ਇੱਥੇ ਪੜ੍ਹਾਈ ਪੂਰੀ ਕਰ ਚੁੱਕੇ ਭਾਰਤੀ ਵਿਦਿਆਰਥੀਆਂ, ਖਾਸ ਕਰ ਕੇ ਪੰਜਾਬੀ ਨੌਜਵਾਨਾਂ ਲਈ ‘ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ’ ਹਾਸਲ ਕਰਨਾ ਹੋਰ ਵੀ ਮੁਸ਼ਕਿਲ ਹੋ ਗਿਆ ਹੈ। ਕੈਲਗਰੀ ਤੋਂ ਬਾਅਦ ਹੁਣ ਐਡਮਿੰਟਨ ’ਚ ਵੀ ‘ਕੈਨੇਡਾ ਬਾਰਡਰ ਸਰਵਿਸ ਏਜੰਸੀ’ ਵੱਲੋਂ ਵਿਦਿਆਰਥੀਆਂ ਦੇ ਇਮੀਗ੍ਰੇਸ਼ਨ ਸਟੇਟਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਇਹ ਮਾਮਲਾ ‘ਪੋਰਟੇਜ ਕਾਲਜ’ ਦੇ ਪਾਰਟਨਰ ਕੈਂਪਸਾਂ ਨਾਲ ਜੁੜਿਆ ਹੋਇਆ ਹੈ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਕਾਲਜ ’ਚ ਦਾਖਲਾ ਲੈਂਦੇ ਸਮੇਂ ਉਨ੍ਹਾਂ ਨੂੰ ਵਰਕ ਪਰਮਿਟ ਮਿਲਣ ਦਾ ਭਰੋਸਾ ਦਿਵਾਇਆ ਗਿਆ ਸੀ, ਪਰ ਹੁਣ ਇਹ ਕਹਿ ਕੇ ਉਨ੍ਹਾਂ ਦੇ ਵਰਕ ਪਰਮਿਟ ਦੀਆਂ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ ਕਿ ਉਨ੍ਹਾਂ ਦੇ ਸਿਲੇਬਸ ‘ਨੌਨ-ਕ੍ਰੈਡਿਟ’ ਕੈਟੇਗਰੀ ’ਚ ਆਉਂਦੇ ਹਨ। ਹਾਲਾਂਕਿ ਇਮੀਗ੍ਰੇਸ਼ਨ ਵਿਭਾਗ ਅਨੁਸਾਰ, ਵਰਕ ਪਰਮਿਟ ਦੇ ਨਿਯਮਾਂ ’ਚ ਕੋਈ ਬਦਲਾਅ ਨਹੀਂ ਕੀਤਾ ਗਿਆ, ਸਗੋਂ ‘ਨੌਨ-ਕ੍ਰੈਡਿਟ’ ਕੋਰਸਾਂ ਲਈ ਪਹਿਲਾਂ ਤੋਂ ਮੌਜੂਦ ਨਿਯਮਾਂ ਨੂੰ ਹੀ ਹੋਰ ਸਪੱਸ਼ਟ ਕੀਤਾ ਗਿਆ ਹੈ। ਇਸ ਮਾਮਲੇ ’ਚ ਕਾਲਜ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਵਿਭਾਗ ਤੋਂ ਸਪੱਸ਼ਟੀਕਰਨ ਮੰਗਿਆ ਹੈ ਅਤੇ ਵਿਦਿਆਰਥੀਆਂ ਨੂੰ ਕਾਨੂੰਨੀ ਮਾਹਿਰਾਂ ਦੀ ਸਲਾਹ ਲੈਣ ਦੀ ਅਪੀਲ ਕੀਤੀ ਹੈ।



# ਟੈਕਸਾਂ ਦੇ ਬੋਝ ਕਾਰਨ ਕੈਨੇਡਾ ’ਚ ਵਧੀ ਮਹਿੰਗਾਈ

ਵਿੰਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਮਹਿੰਗਾਈ ਅਤੇ ਵਧ ਰਹੇ ਰਹਿਣ-ਸਹਿਣ ਦੇ ਖ਼ਰਚਿਆਂ ਦਰਮਿਆਨ ਟੈਕਸਾਂ ਦਾ ਬੋਝ ਵੀ ਪਰਿਵਾਰਾਂ ਦੇ ਘਰੇਲੂ ਬਜਟ ਦਾ ਵੱਡਾ ਹਿੱਸਾ ਬਣਿਆ ਹੋਇਆ ਹੈ। ਇੱਕ ਰਿਪੋਰਟ ਮੁਤਾਬਕ 2024 ਵਿੱਚ ਇੱਕ ਔਸਤ ਕੈਨੇਡੀਅਨ ਪਰਿਵਾਰ ਨੇ ਆਪਣੀ ਨਗਦ ਆਮਦਨ ਦਾ 42.3 ਫ਼ੀਸਦੀ ਹਿੱਸਾ ਵੱਖ-ਵੱਖ ਟੈਕਸਾਂ ਵਜੋਂ ਅਦਾ ਕੀਤਾ। ਇਹ ਹਿੱਸਾ ਖਾਣ-ਪੀਣ, ਰਿਹਾਇਸ਼ ਅਤੇ ਕੱਪੜਿਆਂ ’ਤੇ ਹੋਏ ਸਾਂਝੇ ਖ਼ਰਚੇ 35.5 ਫ਼ੀਸਦੀ ਤੋਂ ਵੀ ਵੱਧ ਸੀ। ਰਿਪੋਰਟ ਅਨੁਸਾਰ 2024 ਵਿੱਚ ਔਸਤ ਪਰਿਵਾਰ ਦੀ ਨਕਦ ਆਮਦਨ 1,14,289 ਡਾਲਰ ਸੀ ਅਤੇ ਕੁੱਲ ਟੈਕਸ ਬਿੱਲ 48,306 ਡਾਲਰ ਬਣਿਆ। ਗਣਨਾ ਵਿੱਚ ਕੇਵਲ ਇਨਕਮ ਟੈਕਸ ਹੀ ਨਹੀਂ, ਸਗੋਂ ਸੰਘੀ, ਸੂਬਾਈ ਅਤੇ ਸਥਾਨਕ ਸਰਕਾਰਾਂ ਵੱਲੋਂ ਲਾਏ ਜਾਣ ਵਾਲੇ ਵੱਖ-ਵੱਖ ਟੈਕਸ ਸ਼ਾਮਲ ਹਨ। ਇਨ੍ਹਾਂ ਵਿੱਚ ਪੈਰੋਲ ਟੈਕਸ, ਸੇਲਜ਼ ਟੈਕਸ, ਪ੍ਰਾਪਰਟੀ ਟੈਕਸ, ਤੇਲ ਅਤੇ ਵਾਹਨ-ਸਬੰਧੀ ਟੈਕਸ, ਕਾਰਬਨ ਟੈਕਸ ਅਤੇ ਹੋਰ ਦੇਣਦਾਰੀਆਂ ਤੋਂ ਇਲਾਵਾ ਕਾਰੋਬਾਰੀ ਟੈਕਸਾਂ ਦਾ ਉਹ ਹਿੱਸਾ ਵੀ ਸ਼ਾਮਲ ਕੀਤਾ ਜਾਂਦਾ ਹੈ ਜੋ ਆਖ਼ਰਕਾਰ ਖਪਤਕਾਰਾਂ ’ਤੇ ਪੈ ਸਕਦਾ ਹੈ। ਤੁਲਨਾ ਲਈ 2024 ਵਿੱਚ ਔਸਤ ਪਰਿਵਾਰ ਨੇ 25,199 ਡਾਲਰ ਰਿਹਾਇਸ਼, 12,925 ਡਾਲਰ ਖਾਣ-ਪੀਣ ਅਤੇ 2,435 ਡਾਲਰ ਕੱਪੜਿਆਂ ’ਤੇ ਖ਼ਰਚ ਕੀਤੇ। ਇਨ੍ਹਾਂ ਤਿੰਨਾਂ ਦਾ ਕੁੱਲ ਖ਼ਰਚ 40,559 ਡਾਲਰ ਜਾਂ ਆਮਦਨ ਦਾ 35.5 ਫ਼ੀਸਦੀ ਬਣਦਾ ਹੈ। 1961 ਵਿੱਚ ਤਸਵੀਰ ਕਾਫ਼ੀ ਵੱਖਰੀ ਸੀ। ਉਸ ਵੇਲੇ ਔਸਤ ਪਰਿਵਾਰ ਆਪਣੀ ਆਮਦਨ ਦਾ 33.5 ਫ਼ੀਸਦੀ ਟੈਕਸਾਂ ਵਿੱਚ ਦਿੰਦਾ ਸੀ, ਜਦਕਿ ਖਾਣ-ਪੀਣ, ਰਿਹਾਇਸ਼ ਅਤੇ ਕੱਪੜਿਆਂ ’ਤੇ 56.5 ਫ਼ੀਸਦੀ ਖ਼ਰਚ ਹੁੰਦਾ ਸੀ। 1961 ਤੋਂ 2024 ਤੱਕ ਔਸਤ ਪਰਿਵਾਰ ਦਾ ਕੁੱਲ ਟੈਕਸ ਬਿੱਲ 2,784 ਫ਼ੀਸਦੀ ਵਧਿਆ। ਇਸੇ ਸਮੇਂ ਦੌਰਾਨ ਰਿਹਾਇਸ਼ੀ ਖ਼ਰਚੇ 2,129 ਫ਼ੀਸਦੀ, ਖਾਣ-ਪੀਣ ਦੇ ਖ਼ਰਚੇ 927 ਫ਼ੀਸਦੀ ਅਤੇ ਕੱਪੜਿਆਂ ਦੇ ਖ਼ਰਚੇ 460 ਫ਼ੀਸਦੀ ਵਧੇ।




(ਬਾਕੀ ਸਫ਼ਾ 26 ’ਤੇ)




# ਸੂਬੇ ਦੇ ਹਿੱਤ ਵਿੱਚ ਨਹੀਂ 'ਪੰਜਾਬ ਬੰਦ' ਦੀ ਰਾਜਨੀਤੀ

## 'ਬੰਦ' ਨਹੀਂ ਸਗੋਂ 'ਹੱਲ' ਚਾਹੀਦੇ ਨੇ ਪੰਜਾਬ ਨੂੰ

## ਆਵਾਜਾਈ, ਦੁਕਾਨਾਂ, ਵਿਦਿਅਕ ਅਤੇ ਵਪਾਰਕ ਅਦਾਰੇ ਬੰਦ ਕਰਵਾਉਣ ਲਈ ਮਜ਼ਬੂਰ ਕਿਉਂ ਹੁੰਦੀਆਂ ਨੇ ਸੰਘਰਸ਼ੀਲ ਜਥੇਬੰਦੀਆਂ ?

**ਅੰਮ੍ਰਿਤਸਰ ਟਾਈਮਜ਼ ਬਿਊਰੋ**

**ਕੌਮੀ ਇਨਸਾਫ਼ ਮੋਰਚੇ ਵੱਲੋਂ ਲੰਘੇ ਦਿਨੀਂ ਦਿੱਤਾ ਗਿਆ 'ਪੰਜਾਬ ਬੰਦ' ਦਾ ਸੱਦਾ ਉਸ ਗਹਿਰੀ ਪੀੜ ਦਾ ਹਿੱਸਾ ਸੀ, ਜੋ ਦਹਾਕਿਆਂ ਤੋਂ ਸਿੱਖ ਭਾਈਚਾਰੇ ਦੀ ਮਾਨਸਿਕਤਾ ਵਿੱਚ ਲਟਕ ਰਹੀ ਹੈ, ਇਸ ਵਿੱਚ ਇਨਸਾਫ਼ ਦੀ ਭੁੱਖ, ਇਤਿਹਾਸਕ ਜ਼ਖ਼ਮਾਂ ਦੀ ਯਾਦ ਅਤੇ ਰਾਜਨੀਤਿਕ ਉਦਾਸੀਨਤਾ ਦਾ ਭਾਰ ਵੀ ਸ਼ਾਮਲ ਹੈ। ਹੁਣ ਇੱਕ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਗਈ ਹੈ ਕਿ ਪੰਜਾਬ ਦੇ ਲੋਕ ਲਗਾਤਾਰ ਬੰਦਾਂ, ਧਰਨਿਆਂ ਅਤੇ ਆਵਾਜਾਈ ਠੱਪ ਕਰਨ ਦੀ ਮਾਨਸਿਕਤਾ ਨੂੰ ਹੰਡਾ ਚੁੱਕੇ ਹਨ। ਇਹ 'ਬੰਦ' ਜਿੰਨਾ ਮਰਜ਼ੀ ਵਜੂਦੀ ਹੋਵੇ, ਉਸ ਦੇ ਆਰਥਿਕ, ਸਮਾਜਿਕ ਅਤੇ ਮਾਨਸਿਕ ਨੁਕਸਾਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਜਾਬ ਨੂੰ ਇਸ ਸਮੇਂ 'ਬੰਦ' ਦੀ ਨਹੀਂ ਸਗੋਂ 'ਹੱਲ' ਦੀ ਵੱਡੀ ਲੋੜ ਹੈ ਅਤੇ ਇਹ ਸਮੇਂ ਦੀ ਮੁੱਖ ਮੰਗ ਵੀ ਹੈ।**

ਲੰਘੇ ਦਿਨੀਂ ਕੌਮੀ ਇਨਸਾਫ਼ ਮੋਰਚੇ ਵੱਲੋਂ 15 ਅਗਸਤ ਨੂੰ ਚੰਡੀਗੜ੍ਹ ਵੱਲ ਕੂਚ ਕਰ ਰਹੀ ਸੰਗਤ 'ਤੇ ਅਥਰੂ ਗੈਸ ਦੇ ਗੋਲੇ ਵਰ੍ਹਾਉਣ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਖ਼ਿਲਾਫ਼ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਇਨਸਾਫ਼ ਮੋਰਚੇ ਦੇ ਆਗੂਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਸਵੇਰੇ 7 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਆਵਾਜਾਈ, ਦੁਕਾਨਾਂ ਅਤੇ ਵਪਾਰਕ ਅਦਾਰੇ ਬੰਦ ਕਰਵਾਉਣ ਦਾ ਯਤਨ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਕਈ ਜਥੇਬੰਦੀਆਂ ਵੱਲੋਂ ਸੂਬੇ ਵਿੱਚ 'ਪੰਜਾਬ ਬੰਦ' ਦਾ ਸੱਦਾ ਦਿੱਤਾ ਜਾ ਚੁੱਕਿਆ ਹੈ ਅਤੇ ਕੁਝ ਦਿਨ ਪਹਿਲਾਂ ਦਲਿਤ ਜਥੇਬੰਦੀਆਂ ਵੱਲੋਂ ਵੀ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ ਸੀ। ਕਿਸਾਨ ਜਥੇਬੰਦੀਆਂ ਵੀ ਪਿਛਲੇ ਸਮੇਂ ਦੌਰਾਨ 'ਪੰਜਾਬ ਬੰਦ' ਕਰ ਚੁੱਕੀਆਂ ਹਨ। ਹੁਣ ਪੰਜਾਬ ਦੀਆਂ ਮੁਲਾਜਮ ਜਥੇਬੰਦੀਆਂ ਵੱਲੋਂ 27 ਅਗਸਤ ਨੂੰ 'ਮਹਾਂ ਬੰਦ ' ਦਾ ਸੱਦਾ ਦਿੱਤਾ ਗਿਆ ਹੈ। ਜਿਸ ਕਰਕੇ ਇਹ ਮਹਿਸੂਸ ਹੋ ਰਿਹਾ ਹੈ ਕਿ ਸੂਬੇ ਵਿੱਚ 'ਪੰਜਾਬ ਬੰਦ' ਦੀ ਰਾਜਨੀਤੀ ਇੱਕ ਵਾਰ ਮੁੜ ਸ਼ੁਰੂ ਹੋ ਗਈ ਹੈ।

ਇਸ ਮੌਕੇ ਇਕ ਵੱਡਾ ਸਵਾਲ ਪੁੱਛਣਾ ਵੀ ਜ਼ਰੂਰੀ ਹੈ ਕਿ ਕੀ ਆਪਣੀਆਂ ਮੰਗਾਂ ਮਨਵਾਉਣ ਲਈ ਬੰਦ ਹੀ ਇਕੋ-ਇਕ ਰਾਹ ਰਹਿ ਗਿਆ ਹੈ ? ਕਦੇ ਕਿਸਾਨ ਸੜਕਾਂ ਤੇ ਰੇਲਾਂ ਰੋਕਦੇ ਹਨ, ਕਦੇ ਮੁਲਾਜ਼ਮ ਜਥੇਬੰਦੀਆਂ ਬੰਦ ਦਾ ਸੱਦਾ ਦਿੰਦੀਆਂ ਹਨ ਅਤੇ ਫੇਰ ਕੌਮੀ ਇਨਸਾਫ਼ ਮੋਰਚਾ ਵੱਲੋਂ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ। ਹਰ ਸੰਘਰਸ਼ ਪਿੱਛੇ ਕੋਈ ਨਾ ਕੋਈ ਦਰਦ, ਮੰਗ ਜਾਂ ਹੱਕ ਦਾ ਸਵਾਲ ਹੁੰਦਾ ਹੈ ਪਰ ਜਦੋਂ ਹਰ ਮਸਲੇ ਦਾ ਅੰਤ ਸੜਕਾਂ 'ਤੇ ਚੱਕਾ ਜਾਮ ਨਾਲ ਹੋਵੇ ਤਾਂ ਇਸ ਦੇ ਪ੍ਰਭਾਵ ਆਮ ਲੋਕਾਂ ਤੇ ਸੂਬੇ ਦੀ ਅਰਥਵਿਵਸਥਾ 'ਤੇ ਪੈਂਦੇ ਹਨ। ਸਵਾਲ ਸਿਰਫ਼ 'ਬੰਦ' ਕਰਨ ਵਾਲਿਆਂ ਤੋਂ ਨਹੀਂ, ਸਰਕਾਰਾਂ ਤੋਂ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਜਦੋਂ ਕੋਈ ਸੰਗਠਨ ਆਪਣੀ ਮੰਗ ਲੈ ਕੇ ਪਹਿਲੀ ਵਾਰ ਆਵਾਜ਼ ਉਠਾਉਂਦਾ ਹੈ ਤਾਂ ਉਸੇ ਵੇਲੇ ਗੰਭੀਰਤਾ ਨਾਲ ਸੁਣਵਾਈ ਕਿਉਂ ਨਹੀਂ ਹੁੰਦੀ ? ਜੇ ਗੱਲਬਾਤ, ਕਮੇਟੀ, ਕਾਨੂੰਨੀ ਪ੍ਰਕਿਰਿਆ ਜਾਂ ਪ੍ਰਸ਼ਾਸਨਿਕ ਫ਼ੈਸਲੇ ਨਾਲ ਮਸਲਾ ਹੱਲ ਹੋ ਸਕਦਾ ਹੈ ਤਾਂ ਉਸ ਨੂੰ ਸਾਲਾਂ ਤੱਕ ਲਟਕਾਉਣ ਦੀ ਲੋੜ ਕੀ ਹੈ?

ਪੰਜਾਬੀਆਂ ਨੂੰ ਉਹ ਲੰਘਿਆ ਸਮਾਂ ਅਜੇ ਵੀ ਚੰਗੀ ਤਰ੍ਹਾਂ ਚੇਤੇ ਹੈ, ਜਦੋਂ ਸੂਬੇ ਵਿੱਚ ਹਰ ਤੀਜੇ ਦਿਨ 'ਪੰਜਾਬ ਬੰਦ' ਦਾ ਸੱਦਾ ਦਿੱਤਾ ਜਾਂਦਾ ਸੀ। ਉਸ ਸਮੇਂ ਪੰਜਾਬ ਦਾ ਮਾਹੌਲ ਠੀਕ ਨਹੀਂ ਸੀ ਅਤੇ ਡਰਦੇ ਹੋਏ ਲੋਕ ਕੁਝ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ ਦਿੱਤੇ ਜਾਂਦੇ 'ਪੰਜਾਬ ਬੰਦ' ਦੇ ਸੱਦੇ ਦੌਰਾਨ ਆਪਣੀਆਂ ਦੁਕਾਨਾਂ ਅਤੇ ਵਪਾਰਕ ਅਦਾਰੇ ਬੰਦ ਰੱਖਦੇ ਸਨ। ਇਸ ਦੇ ਨਾਲ ਹੀ ਵਿਦਿਅਕ ਅਦਾਰੇ



ਵੀ ਅਕਸਰ ਬੰਦ ਰਹਿੰਦੇ ਸਨ। ਉਸ ਸਮੇਂ ਅਕਸਰ ਰੇਲ ਅਤੇ ਬੱਸ ਆਵਾਜਾਈ ਵੀ ਠੱਪ ਕਰ ਦਿੱਤੀ ਜਾਂਦੀ ਸੀ। ਪੰਜਾਬ ਵਿੱਚ ਅਮਨ-ਸ਼ਾਂਤੀ ਪਰਤ ਆਉਣ ਤੋਂ ਬਾਅਦ ਇਹ 'ਬੰਦ ਦੀ ਰਾਜਨੀਤੀ' ਵੀ ਇੱਕ ਤਰ੍ਹਾਂ ਸਮਾਪਤ ਹੋ ਗਈ ਸੀ।




ਹੁਣ ਇੱਕ ਵਾਰ ਫ਼ੇਰ ਪੰਜਾਬ ਵਿੱਚ 'ਬੰਦ' ਦੀ ਰਾਜਨੀਤੀ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਤਰੀਕੇ ਦੀ ਸਿਆਸਤ ਦੀ ਸ਼ੁਰੂਆਤ ਭਾਵੇਂ ਸਿਆਸੀ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਕੀਤੀ ਜਾਂਦੀ ਮੰਨੀ ਜਾਂਦੀ ਹੈ ਪਰ ਕਿਸਾਨ ਜਥੇਬੰਦੀਆਂ ਜਦੋਂ ਵੀ ਕਿਸੇ ਥਾਂ ਧਰਨਾ ਲਗਾਉਂਦੀਆਂ ਹਨ ਤਾਂ ਪੂਰੇ ਅਨੁਸ਼ਾਸਨ ਵਿੱਚ ਰਹਿੰਦੀਆਂ ਹਨ ਅਤੇ ਉਥੇ ਇਹਨਾਂ ਜਥੇਬੰਦੀਆਂ ਵੱਲੋਂ 'ਲੰਗਰ' ਵੀ ਲਗਾਏ ਜਾਂਦੇ ਹਨ। ਇਹਨਾਂ 'ਲੰਗਰਾਂ' ਵਿੱਚ ਕੋਈ ਵੀ ਵਿਅਕਤੀ ਬਿਨਾਂ ਕਿਸੇ ਭੇਦਭਾਵ ਦੇ ਖਾਣਾ ਖਾ ਸਕਦਾ ਹੈ। ਕੁਝ ਕਿਸਾਨ ਆਗੂ ਕਹਿੰਦੇ ਹਨ ਕਿ ਉਹਨਾਂ ਦੀ ਲੜਾਈ ਸਰਕਾਰਾਂ ਨਾਲ ਹੈ ਅਤੇ ਉਹ ਆਮ ਲੋਕਾਂ ਦੀਆਂ ਸਮੱਸਿਆਵਾਂ ਸਮਝਦੇ ਹਨ। ਇਸੇ ਤਰ੍ਹਾਂ ਪੰਥਕ ਜਥੇਬੰਦੀਆਂ ਵੀ ਪੂਰੇ ਸ਼ਾਂਤੀਪੂਰਨ ਢੰਗ ਨਾਲ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਧਰਨੇ ਲਗਾਉਂਦੀਆਂ ਹਨ ਪਰ ਪ੍ਰਸ਼ਾਸਨ ਵੱਲੋਂ ਜਾਣਬੁੱਝ ਕੇ ਇਹਨਾਂ ਜਥੇਬੰਦੀਆਂ ਦੇ ਆਗੂਆਂ ਖਾਸ ਕਰਕੇ ਨੌਜਵਾਨਾਂ ਨੂੰ ਉਕਸਾਉਣ ਦਾ ਯਤਨ ਕੀਤਾ ਜਾਂਦਾ ਹੈ ਤਾਂ ਕਿ ਸਖ਼ਤੀ ਕਰਨ ਦਾ ਬਹਾਨਾ ਮਿਲ ਸਕੇ। ਅਸਲ ਵਿੱਚ ਕੁਝ ਪੰਜਾਬ ਦੋਖੀ ਤਾਕਤਾਂ ਨੂੰ ਪੰਜਾਬ 'ਚ ਕਾਇਮ ਅਮਨ-ਸ਼ਾਂਤੀ ਬਹੁਤ ਰੜਕ ਰਹੇ ਹਨ। ਇਹ ਪੰਜਾਬ ਦੋਖੀ ਅਤੇ ਫ਼ਿਰਕੂ ਤਾਕਤਾਂ ਕਿਸੇ ਨਾ ਕਿਸੇ ਤਰੀਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦਾ ਯਤਨ ਕਰਦੀਆਂ ਰਹਿੰਦੀਆਂ ਹਨ। ਭਾਵੇਂ ਇਹਨਾਂ ਸ਼ਕਤੀਆਂ ਨੂੰ ਅਜੇ ਆਪਣੇ ਯਤਨਾਂ ਵਿੱਚ ਸਫ਼ਲਤਾ ਨਹੀਂ ਮਿਲੀ ਪਰ ਇਹ ਸ਼ਕਤੀਆਂ ਲਗਾਤਾਰ ਯਤਨਸ਼ੀਲ ਹਨ। ਇਹੋ ਕਾਰਨ ਹੈ ਕਿ ਜਦੋਂ ਵੀ ਕੋਈ ਜਥੇਬੰਦੀ ਆਪਣੀਆਂ ਮੰਗਾਂ ਲਈ ਸੰਘਰਸ਼ ਕਰਦੀ ਹੈ ਤਾਂ ਅਕਸਰ ਉਸ ਜਥੇਬੰਦੀ ਦੇ ਕਾਰਕੁੰਨਾਂ ਵਿੱਚ ਫ਼ਿਰਕੂ ਅਤੇ ਭੜਕਾਊ ਅਨਸਰ ਸ਼ਾਮਲ ਹੋ ਜਾਂਦੇ ਹਨ, ਜੋ ਕਿ ਆਪਣੀਆਂ ਭੜਕਾਊ ਕਾਰਵਾਈਆਂ ਕਾਰਨ ਪੂਰੀ ਜਥੇਬੰਦੀ ਨੂੰ ਬਦਨਾਮ ਕਰਨ ਦਾ ਯਤਨ ਕਰਦੇ ਹਨ। ਇਹਨਾਂ ਭੜਕਾਊ ਅਨਸਰਾਂ ਦਾ ਕੰਮ ਸਿਰਫ਼ ਅਸ਼ਾਂਤੀ ਫ਼ੈਲਾਉਣਾ ਹੁੰਦਾ ਹੈ।

ਪੰਜਾਬ ਵਿੱਚ ਵੱਡੀ ਗਿਣਤੀ ਲੋਕ ਅਜਿਹੇ ਹਨ, ਜੋਕਿ ਹਰ ਦਿਨ ਦਿਹਾੜੀ ਲਗਾਉਂਦੇ ਹਨ ਜਾਂ ਰੇਹੜੀਆਂ ਫੜੀਆਂ ਲਗਾਉਂਦੇ ਹਨ। ਇਸ ਤੋਂ ਇਲਾਵਾ ਦੁਕਾਨਦਾਰਾਂ ਨੇ ਵੀ ਹਰ ਦਿਨ ਕਮਾਈ ਕਰਨੀ ਹੁੰਦੀ ਹੈ,ਕਿਉਂਕਿ ਹਰ ਦੁਕਾਨ ਦਾ ਹਰ ਦਿਨ ਖਰਚਾ ਪੈਂਦਾ ਰਹਿੰਦਾ ਹੈ। ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜਮ ਵੀ ਇੱਕ ਤਰ੍ਹਾਂ ਦਿਹਾੜੀਦਾਰਾਂ ਵਰਗੇ ਹੁੰਦੇ ਹਨ। ਜਦੋਂ ਵੀ ਕਿਸੇ ਥਾਂ ਆਵਾਜਾਈ ਠੱਪ ਹੁੰਦੀ ਹੈ ਜਾਂ 'ਬੰਦ' ਹੁੰਦਾ ਹੈ ਤਾਂ ਅਕਸਰ ਆਮ ਲੋਕਾਂ ਦੇ ਕੰਮ ਕਾਰ ਬੰਦ ਹੋ ਜਾਂਦੇ ਹਨ ਅਤੇ ਪ੍ਰਾਈਵੇਟ ਮੁਲਾਜਮ ਆਪਣੇ ਦਫਤਰਾਂ ਵਿੱਚ ਸਮੇਂ ਸਿਰ ਨਹੀਂ ਪਹੁੰਚ ਸਕਦੇ। ਜਿਸ ਕਾਰਨ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਟਰੱਕ ਅਤੇ ਹੋਰ ਵਪਾਰਕ ਵਾਹਨਾਂ ਦੇ ਹਰ ਦਿਨ ਦੇ ਕਾਫੀ ਖਰਚੇ ਹੁੰਦੇ ਹਨ, ਜਿਹਨਾਂ ਨੂੰ ਪੂਰਾ ਕਰਨ ਲਈ ਇਹਨਾਂ ਵਾਹਨਾਂ ਦੇ ਪਹੀਏ ਲਗਾਤਾਰ ਘੁੰਮਦੇ ਰਹਿਣੇ ਚਾਹੀਦੇ ਹਨ। ਜਦੋਂ 'ਬੰਦ' ਹੁੰਦਾ ਹੈ ਤਾਂ ਸਿਰਫ਼ ਆਵਾਜਾਈ ਬੰਦ ਨਹੀਂ ਸਗੋਂ ਵੱਡੀ ਗਿਣਤੀ ਲੋਕਾਂ ਦੀ ਰੋਜ਼ੀ ਰੋਟੀ ਵੀ ਬੰਦ ਹੋ ਜਾਂਦੀ ਹੈ।

ਪੰਜਾਬ ਵਿੱਚ ਸਰਕਾਰ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦੀ ਹੋਵੇ, ਹਰ ਸਰਕਾਰ ਦੀ ਕਾਰਗੁਜ਼ਾਰੀ ਤੋਂ ਪੰਜਾਬੀ ਅਕਸਰ ਨਿਰਾਸ਼ ਰਹਿੰਦੇ ਹਨ। ਹਰ ਵਿਰੋਧੀ ਪਾਰਟੀ ਅਕਸਰ ਸਰਕਾਰ ਦਾ ਵਿਰੋਧ ਕਰਨ ਲਈ ਬੰਦ ਦੇ ਸੱਦੇ ਦਿੰਦੀ ਰਹਿੰਦੀ ਹੈ, ਜਿਸ ਕਾਰਨ ਕਈ ਵਾਰ ਤਨਾਓ ਵਾਲੇ ਹਾਲਾਤ ਬਣ ਜਾਂਦੇ ਹਨ। ਇਸ ਲਈ ਸਿਆਸੀ ਤੇ ਹੋਰ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ 'ਪੰਜਾਬ ਬੰਦ' ਦੀ ਰਾਜਨੀਤੀ ਨੂੰ ਕਰਨ ਤੋਂ ਗੁਰੇਜ਼ ਕਰਨ ਅਤੇ ਲੋਕਤੰਤਰੀ ਤਰੀਕਿਆਂ ਨਾਲ ਆਪਣੀਆਂ ਮੰਗਾਂ ਅਤੇ ਆਪਣੇ ਹੱਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ। ਪੰਜਾਬ ਵਿੱਚ ਹੁਣ ਰਾਜਨੀਤੀ ਪਰਿਵਾਰਵਾਦ, ਗੱਦੀ ਦੀ ਲੜਾਈ ਅਤੇ ਵੋਟ ਬੈਂਕ ਦੀ ਖੇਡ ਬਣ ਕੇ ਰਹਿ ਗਈ ਹੈ। ਕੋਈ ਵੀ ਪਾਰਟੀ ਬੰਦੀ ਸਿੰਘਾਂ, ਕਿਸਾਨਾਂ ਦੇ ਮਸਲਿਆਂ, ਪਾਣੀਆਂ ਦਾ ਮਸਲਾ, ਨਸ਼ਾ ਦੇ ਕਹਿਰ ਅਤੇ ਪੰਜਾਬੀਆਂ ਦੀਆਂ ਹੋਰ ਮੁੱਖ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਇਹੋ ਕਾਰਨ ਹੈ ਕਿ ਇਹਨਾਂ ਮੰਗਾਂ ਲਈ ਸੰਘਰਸ਼ ਕਰ ਰਹੀਆਂ ਜਥੇਬੰਦੀਆਂ 'ਪੰਜਾਬ ਬੰਦ' ਵਰਗੇ ਸੱਦੇ ਦੇਣ ਲਈ ਮਜ਼ਬੂਰ ਹੁੰਦੀਆਂ ਹਨ, 'ਪੰਜਾਬ ਬੰਦ' ਦੇ ਸੱਦੇ ਦੇਣ ਤੋਂ ਪਹਿਲਾਂ ਜਥੇਬੰਦੀਆਂ ਨੂੰ ਇਸ ਕਾਰਨ ਆਮ ਲੋਕਾਂ ਦੇ ਹੁੰਦੇ ਆਰਥਿਕ, ਸਮਾਜਿਕ ਅਤੇ ਮਾਨਸਿਕ ਨੁਕਸਾਨ ਬਾਰੇ ਵੀ ਸੋਚਣਾ ਚਾਹੀਦਾ ਹੈ। ਇਸ ਸਮੇਂ ਇਤਿਹਾਸ, ਵਰਤਮਾਨ ਰਾਜਨੀਤੀ, ਆਰਥਿਕ ਹਕੀਕਤਾਂ ਅਤੇ ਸਮਾਜਿਕ ਮਨੋਵਿਗਿਆਨ ਨੂੰ ਇਕੱਠੇ ਰੱਖ ਕੇ ਵਿਚਾਰ ਚਰਚਾ ਕਰਨੀ ਜ਼ਰੂਰੀ ਹੈ।





# ਨੌਜਵਾਨਾਂ ਦੇ 'ਮਨ ਕੀ ਬਾਤ' ਬਨਾਮ ਸਰਕਾਰਾਂ

**ਬਲਰਾਜ ਪੰਨੂੰ**






ਜਿਸ ਦੇਸ਼ ਦੇ ਵਿੱਚ 60 ਫੀਸਦੀ ਜਨਸੰਖਿਆ 35 ਸਾਲ ਤੋਂ ਘੱਟ ਹੋਵੇ ਤਾਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਜਾਣ ਲੈਣ ਕਿ ਉਹਨਾਂ ਦੇ 'ਮਨ ਕੀ ਬਾਤ' ਕੀ ਹੈ? ਸਾਡੇ ਦੇਸ਼ ਦੇ ਨੇਤਾ ਆਪਣੀ ਗੱਲ ਕਹਿ ਕੇ ਗੱਡੀਆਂ ਦਾ ਰੌਲਾ ਰੱਪਾ ਪਾਉਂਦੇ ਨਿਕਲ ਜਾਂਦੇ ਨੇ। ਲੋਕਾਂ ਦੀ ਗੱਲ ਘੱਟ ਸੁਣਦੇ ਨੇ। ਜਨਤਾ ਕੀ ਕਹਿ ਰਹੀ ਹੈ, ਇਸ ਦਾ ਅੰਦਾਜ਼ਾ ਜੰਤਰ ਮੰਤਰ ਤੋਂ ਸਰਕਾਰਾਂ ਨੂੰ ਕਾਫੀ ਹੱਦ ਤੱਕ ਪਤਾ ਚੱਲਿਆ। ਝਾਰਖੰਡ ਦੇ ਵਿੱਚ ਤਾਂ ਕੁਝ ਜ਼ਿਆਦਾ ਹੀ ਹੋ ਗਿਆ, ਉਥੋਂ ਦੀ ਸਰਕਾਰ ਨੂੰ ਸਮਰਪਣ ਕਰਨਾ ਪਿਆ। ਜਦੋਂ ਦੇਸ਼ 80ਵਾਂ ਆਜ਼ਾਦੀ ਦਿਵਸ ਇਸ ਵਾਰ ਮਨਾ ਰਿਹਾ ਸੀ ਤਾਂ ਦੇਸ਼ ਦੇ ਕਈ ਹਿੱਸਿਆਂ ਦੇ ਵਿੱਚ ਛੋਟੇ ਛੋਟੇ ਬੱਚੇ ਤਿਰੰਗੇ ਝੰਡੇ ਦੇ ਨਾਲ ਨਾਲ ਸਕੂਲਾਂ ਨੂੰ ਸਹੂਲਤਾਂ ਦੇਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ। ਸੁਣਿਆ ਇਹ ਹੈ ਕਿ ਸੀ.ਜੇ.ਪੀ. ਵੀ "ਸਕੂਲ ਠੀਕ ਕਰੋ" ਦੀ ਮੁਹਿੰਮ ਚਲਾਉਣ ਜਾ ਰਿਹਾ ਹੈ। ਬੱਸ ਦੁਆ ਇਹ ਹੈ ਕਿ ਸੀ.ਜੇ.ਪੀ. ਕਿੱਧਰੇ ਰਾਜਨੀਤੀ ਦੇ ਵਿੱਚ ਕਦਮ ਰੱਖਣ ਦੀ ਮੂਰਖਤਾ ਨਾ ਕਰ ਲਵੇ। ਬਹੁਤ ਕੁਝ ਬਦਲਿਆ ਬਦਲਿਆ ਮਹਿਸੂਸ ਹੋ ਰਿਹਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇੰਡੀਅਨ ਐਕਸਪ੍ਰੈਸ ਦੇ ਨਾਲ ਇੱਕ ਇੰਟਰਵਿਊ ਵਿੱਚ ਸਵੀਕਾਰ ਕੀਤਾ ਕਿ "ਡਿਗਰੀ ਦੇ ਨਾਲ ਨੌਕਰੀ ਨਹੀਂ ਮਿਲੇਗੀ ਸਾਨੂੰ ਹੋਰ ਵੀ ਬਹੁਤ ਕੁਝ ਕਰਨਾ ਪਵੇਗਾ।" ਪੁੱਛਣਾ ਤਾਂ ਨਿਰਮਲਾ ਸੀਤਾਰਮਨ ਨੂੰ ਇਹ ਵੀ ਚਾਹੀਦਾ ਕਿ ਉਹਨਾਂ ਦੇ ਸਮੇਂ ਦੇ ਵਿੱਚ ਸਿੱਖਿਆ ਸਹੂਲਤਾਂ ਵਿੱਚ ਗਿਰਾਵਟ ਕਿਉਂ ਆਈ? ਉਹਨਾਂ ਦੇ ਹੀ ਕਾਰਜਕਾਲ ਵਿੱਚ ਬਜਟ ਵਿੱਚ ਸਿੱਖਿਆ ਦੀ ਰਕਮ ਪਹਿਲਾਂ ਨਾਲੋਂ ਅੱਧੀ ਕਿਉਂ ਰਹਿ ਗਈ? ਅੱਜਕੱਲ੍ਹ ਤਾਂ ਬਰਸਾਤੀ ਡੱਡੂ ਵੀ ਆਪਣਾ ਮਿਜਾਜ ਬਦਲ ਰਹੇ ਨੇ। ਪੱਤਰਕਾਰਾਂ ਦੇ ਸਾਹਮਣੇ ਬਾਬਾ ਰਾਮਦੇਵ ਨੇ ਇਹ ਕਿਹਾ ਕਿ "ਸੁਧਰ ਜਾਓ!!! ਬਹੁਤ ਘਪਲਾ ਹੈ।" ਕੀ ਸੱਚਮੁੱਚ ਬਾਬੇ ਰਾਮਦੇਵ ਨੂੰ ਜ਼ਮੀਨੀ ਹਾਲਾਤ ਬਾਰੇ ਪਤਾ ਚਲ ਗਿਆ ਹੈ। ਬਦਲਿਆ ਤਾਂ ਬਿਹਾਰ ਦਾ ਬਾਂਕੀਪੁਰ ਵੀ ਹੈ ਕਿਉਂਕਿ ਉਥੋਂ ਦੀਆਂ ਉਪ ਚੋਣਾਂ ਦੇ ਵਿੱਚ ਪ੍ਰਸ਼ਾਂਤ ਕਿਸ਼ੋਰ ਨੇ ਭਾਜਪਾ ਦੀ ਪਰੰਪਰਾਗਤ ਸੀਟ 'ਤੇ ਕਬਜ਼ਾ ਕਰ ਲਿਆ। ਬਾਂਕੀਪੁਰ ਦੇ ਵਿੱਚ ਭਾਜਪਾ ਲਗਾਤਾਰ 9 ਵਾਰ ਜਿੱਤਦੀ ਰਹੀ ਹੈ। ਇਹਨਾਂ 9 ਚੋਣਾਂ ਦੇ ਵਿੱਚ ਭਾਜਪਾ ਨੂੰ 60 ਫੀਸਦੀ ਤੋਂ ਵੱਧ ਵੋਟਾਂ ਮਿਲਦੀਆਂ ਰਹੀਆਂ ਹਨ। ਪਿਛਲੇ ਸਾਲ ਨਿਤਿਨ ਨਵੀਨ ਨੂੰ 62 ਫੀਸਦੀ ਵੋਟਾਂ ਮਿਲੀਆਂ ਸਨ ਪਰ ਇਸ ਵਾਰ ਨਿਤਿਨ ਨਵੀਨ ਦੀ ਜ਼ੁਬਾਨ ਨੇ 'ਟੁਕੜੇ ਟੁਕੜੇ ਗੈਂਗ' ਕਹਿ ਕੇ ਭਾਜਪਾ ਨੂੰ 34 ਫੀਸਦੀ ਵੋਟਾਂ 'ਤੇ ਲਿਆ ਕੇ ਖੜਾ ਕਰ ਦਿੱਤਾ ਤੇ ਪ੍ਰਸ਼ਾਂਤ ਕਿਸ਼ੋਰ ਨੂੰ 49 ਫੀਸਦੀ ਵੋਟਾਂ ਮਿਲੀਆਂ। ਸਿੱਧੀ ਗੱਲ ਕਿ ਇੱਕ ਸਾਲ ਦੇ ਅੰਦਰ ਭਾਜਪਾ ਦੇ ਵੋਟ ਬੈਂਕ ਵਿੱਚ 28 ਫੀਸਦੀ




ਗਿਰਾਵਟ ਆਈ।

ਬਦਲਦੇ ਮਾਹੌਲ ਦਾ ਇਸ਼ਾਰਾ ਤਾਂ ਤਮਿਲਨਾਡੂ ਤੋਂ ਮਿਲ ਗਿਆ ਸੀ ਜਦੋਂ ਇੱਕ ਫ਼ਿਲਮ ਸਟਾਰ ਜੋਸ਼ਫ ਵਿਜੈ ਨੇ ਵਿਧਾਨ ਸਭਾ ਚੋਣਾਂ ਦੇ ਵਿੱਚ ਇੱਕ ਘਾਗ ਪਾਰਟੀ ਨੂੰ ਗੁੱਠੇ ਲਗਾ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਜੋਸਫ਼ ਇਸਾਈ ਹੈ ਤੇ ਲੋਕਾਂ ਨੇ ਬਿਲਕੁਲ ਵੀ ਇਤਰਾਜ਼ ਨਹੀਂ ਕੀਤਾ। ਬਿਹਾਰ ਦੇ ਵਿੱਚ ਏਨੀ ਜਲਦੀ ਭਾਜਪਾ ਆਪਣਾ ਵਜੂਦ ਕਿਵੇਂ ਹਲਕਾ ਕਰ ਗਈ? ਕਿਤੇ ਇਸ ਦਾ ਕਾਰਨ ਨੌਜਵਾਨਾਂ ਦਾ ਅੰਦੋਲਨ ਤਾਂ ਨਹੀਂ? ਜਾਂ ਉਨ੍ਹਾਂ ਦੇ ਉੱਤੇ ਹੋਇਆ ਲਾਠੀਚਾਰਜ ਜਾਂ ਫਾਇਰਿੰਗ ਤਾਂ ਨਹੀਂ? ਕਦੀ ਇਹਨਾਂ ਦੇ ਹੀ ਨੇਤਾ ਕਹਿੰਦੇ ਹੁੰਦੇ ਸੀ ਕਿ ਸਾਡੇ ਚੋਣ ਨਿਸ਼ਾਨ 'ਤੇ ਤਾਂ ਕੁੱਤਾ ਬਿਲੀ ਵੀ ਜਿੱਤ ਜਾਣਗੇ ਪਰ ਚੰਦਾ ਚੋਰੀ ਦੇ ਮਾਮਲੇ ਵਿੱਚ ਉਹ ਤਾਂ ਆਪਣੀ ਪਰੰਪਰਾਗਤ ਹਿੰਦੂ ਵੋਟ ਵੀ ਨਾਰਾਜ਼ ਕਰ ਬੈਠੇ ਨੇ। ਜਿਸ ਤਰ੍ਹਾਂ ਦੇ ਵਿਰੋਧ ਹੋ ਰਹੇ ਨੇ ਇਹ ਚਿਤਾਵਨੀ ਕੇਵਲ ਭਾਜਪਾ ਲਈ ਨਹੀਂ ਬਲਕਿ ਦੇਸ਼ ਦੀਆਂ ਸਾਰੀਆਂ ਪਾਰਟੀਆਂ ਦੇ ਲਈ ਹੈ ਤੇ ਜਨਤਾ ਵੱਲੋਂ ਸੰਦੇਸ਼ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਦਿੱਤਾ ਜਾ ਰਿਹਾ ਕਿ ਜ਼ਹਿਰੀਲੀ ਰਾਜਨੀਤੀ ਤੋਂ ਅਸੀਂ ਤੰਗ ਆ ਗਏ ਹਾਂ। ਜਿਥੋਂ ਤੱਕ ਗੱਲ ਸੰਘ ਪਰਿਵਾਰ ਦੀ ਹੈ। ਸਭ ਤੋਂ ਪਹਿਲਾਂ ਇਸ ਦੇ ਨੇਤਾ ਮੋਹਨ ਭਾਗਵਤ ਨੇ ਇਸ ਬਦਲਦੀ ਹਵਾ ਨੂੰ ਮਹਿਸੂਸ ਕੀਤਾ ਤੇ ਸਪਸ਼ਟ ਕਿਹਾ ਕਿ "ਜ਼ੈਨ ਜ਼ੀ ਅੰਦੋਲਨ ਐਂਟੀ ਨੈਸ਼ਨਲ ਨਹੀਂ ਹੈ" ਤੇ ਇਹ ਵੀ ਕਿਹਾ ਕਿ "ਵਿਰੋਧ ਪ੍ਰਦਰਸ਼ਨ ਲੋਕਤੰਤਰ ਦੇ ਵਿੱਚ ਆਮ ਸਹਿਮਤੀ ਬਣਾਉਣ ਦਾ ਤਰੀਕਾ ਹੈ।" ਮੋਹਨ ਭਾਗਵਤ ਦੇ ਵਿਚਾਰਾਂ ਦਾ ਸਵਾਗਤ ਕਰਨਾ ਬਣਦਾ ਹੈ ਭਾਵੇਂ ਕਿ ਜੰਤਰ ਮੰਤਰ ਦੀ 20 ਜੁਲਾਈ ਦੀ ਘਟਨਾਂ ਤੋਂ ਲਗਭਗ ਤਿੰਨ ਹਫਤਿਆਂ ਬਾਅਦ ਉਨ੍ਹਾਂ ਨੇ ਆਪਣੀ ਚੁੱਪੀ ਤੋੜੀ। ਇਹ ਪਹਿਲੀ ਵਾਰ ਨਹੀਂ ਹੈ ਕਿ ਮੋਹਨ ਭਾਗਵਤ ਨੇ ਅਜਿਹੇ ਬਿਆਨ ਦਿੱਤੇ ਹੋਣ। ਇਸ ਤੋਂ ਪਹਿਲਾਂ ਵੀ ਕਈ ਵਾਰ ਸਹੀ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਕਿ ਉਹਨਾਂ ਕਿਹਾ ਸੀ ਕਿ "ਹਰ ਮਸਜਿਦ ਦੇ ਥੱਲੇ ਸ਼ਿਵਲਿੰਗ ਨਹੀਂ ਲੱਭਣਾ ਚਾਹੀਦਾ।" ਕੁਝ ਵੀ ਹੈ ਇਹ ਬਿਆਨ ਬੜਾ ਦਲੇਰੀ ਵਾਲਾ ਹੈ। ਉਹ ਇਹ ਵੀ ਕਹਿ ਚੁੱਕੇ ਨੇ ਕਿ "ਹਿੰਦੂ ਮੁਸਲਮਾਨ ਦਾ ਡੀ.ਐਨ.ਏ. ਇੱਕ ਹੈ ਤੇ ਦੇਸ਼ ਸਭ ਦਾ ਸਾਂਝਾ ਹੈ।" ਪਰ ਉਨ੍ਹਾਂ ਦੇ ਸੰਦੇਸ਼ਾਂ ਦਾ ਅਸਰ ਹੇਠਲੇ ਪੱਧਰ ਤੱਕ ਨਹੀਂ ਹੁੰਦਾ। ਇਸ ਦੇ ਉਲਟ ਜਬਰਦਸਤੀ ਆਪਣੀ ਵਿਚਾਰਧਾਰਾ ਥੋਪੀ ਜਾਂਦੀ ਹੈ।

ਖੈਰ ਜਦੋਂ ਮੋਦੀ ਸਰਕਾਰ ਆਈ ਤਾਂ ਗੁਜਰਾਤ ਮਾਡਲ ਬੜਾ ਚਰਚਾ ਦੇ ਵਿੱਚ ਸੀ ਪਰ ਉਮੀਦਾਂ ਦੇ ਉਲਟ ਉਨ੍ਹਾਂ ਦਾ ਧਿਆਨ ਸਿਰਫ਼ ਤੇ ਸਿਰਫ਼ ਰਾਜਨੀਤੀ, ਸੰਸਕ੍ਰਿਤੀ ਤੇ ਧਾਰਮਿਕ ਮਾਮਲਿਆਂ ਤੱਕ ਸਿਮਟ ਕੇ ਰਹਿ ਗਿਆ। ਬੱਸ ਉਹ ਤਾਂ ਬੰਦੇ ਮਾਤਰਮ 'ਤੇ ਕਾਨੂੰਨ ਬਣਾਉਂਦੇ ਰਹਿ ਗਏ, ਹਾਕੀ ਟੀਮ ਦੀ ਜਰਸੀ ਦਾ ਰੰਗ ਭਗਵਾਂ ਕਰਨਾ ਵੀ ਕੋਈ ਸੌਖਾ ਕੰਮ ਥੋੜਾ ਸੀ। ਕਈ ਵਿਰੋਧੀ ਪਾਰਟੀਆਂ ਤੋੜੀਆਂ ਤੇ ਭਰਮ ਪਾਲ ਲਿਆ ਕਿ ਅਕਾਉਂਟਸ ਵਿੱਚ ਪੈਸੇ ਪਾਉਣ ਦੇ ਨਾਲ ਵੋਟਾਂ ਪੱਕੀਆਂ ਹੋ ਜਾਂਦੀਆਂ ਹਨ ਪਰ ਜੰਤਰ ਮੰਤਰ ਦੇ ਵਿਰੋਧ ਨੇ ਇਸ ਸਾਰੀ ਖਿੱਚੜੀ ਤੋਂ ਢੱਕਣ ਚੁੱਕ ਦਿੱਤਾ। ਇਸ ਵਿਰੋਧ ਨੇ ਹੀ ਕਿਉਂ ਸਗੋਂ ਪੂਰੇ ਦੇਸ਼ ਦੇ ਵਿੱਚ ਹੋ ਰਹੇ ਵੱਖ ਵੱਖ ਵਿਰੋਧਾਂ ਨੇ ਤਾਂ ਸਾਰੀਆਂ ਸਰਕਾਰਾਂ ਨੂੰ ਇਹ ਦੱਸ ਦਿੱਤਾ ਕਿ ਪਹਿਲੀਆਂ ਪੀੜ੍ਹੀਆਂ ਸਮਝੌਤਾ ਕਰ ਲੈਂਦੀਆਂ ਸੀ ਨਵੀਂ ਪੀੜ੍ਹੀ ਉਡੀਕ ਨਹੀਂ ਕਰ ਸਕਦੀ। ਗਾਂਧੀ ਜੀ ਨੇ ਕਿਹਾ ਸੀ ਕਿ ਸਿਧਾਂਤਾਂ ਤੋਂ ਬਿਨਾਂ ਰਾਜਨੀਤੀ ਪਾਪ ਹੈ ਪਰ ਅੱਜ ਦੇ ਨੇਤਾਵਾਂ ਨੂੰ ਗਾਂਧੀ ਦੇ ਸਿਧਾਂਤਾਂ ਨਾਲ ਕੀ ਮਤਲਬ? 46 ਫੀਸਦੀ ਸਾਂਸਦਾਂ 'ਤੇ ਤਾਂ ਕ੍ਰਿਮਨਲ ਕੇਸ ਚੱਲ ਰਹੇ ਨੇ। ਸੜਕਾਂ 'ਤੇ ਉਠ ਰਹੇ ਅੰਦੋਲਨ ਚਾਹੇ ਉਹ ਦਿੱਲੀ ਹੋਵੇ, ਚਾਹੇ ਪੰਜਾਬ ਹੋਵੇ ਭਾਵੇਂ ਪਟਨਾ, ਇਹ ਸੁਨੇਹਾ ਦੇ ਰਹੇ ਨੇ ਕਿ ਸਾਡਾ ਵਿਸ਼ਵਾਸ਼ ਸਰਕਾਰਾਂ ਤੋਂ ਉਠ ਗਿਆ ਹੈ। ਉਹ ਦੱਸ ਰਹੇ ਨੇ ਕਿ ਅਸੀਂ ਪੜ੍ਹੇ ਲਿਖੇ ਹਾਂ, ਹੁਸ਼ਿਆਰ ਹਾਂ, ਪਰ ਤੁਹਾਡੇ ਤੋਂ ਬੇਚੈਨ ਹਾਂ। ਉਹ ਠੋਸ ਬਦਲਾਓ ਚਾਹੁੰਦੇ ਨੇ, ਮੁਫਤ ਦਾ ਰਾਸ਼ਨ ਨਹੀਂ। ਨੌਜਵਾਨਾਂ ਦਾ ਵਿਸ਼ਵਾਸ ਜਿੱਤਣਾ ਹਰ ਰਾਜ ਦੀ ਸਰਕਾਰ ਲਈ ਇੱਕ ਚੁਣੌਤੀ ਹੈ।

# ਨਿੱਝਰ ਕਤਲ ਕਾਂਡ ਵਿੱਚ ਨਵਾਂ ਮੋੜ: ਗੋਲਡੀ ਬਰਾੜ ਵੱਲੋਂ ਕਤਲ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ


## ਕਿਹਾ ਕਿ ਸੁੱਖਾ ਦੁਨੇਕੇ ਤੇ ਅਰਸ਼ ਡੱਲਾ ਨੂੰ ਪਨਾਹ ਦੇਣ ਅਤੇ ਨੌਜਵਾਨਾਂ ਨੂੰ ਨਸ਼ਿਆਂ 'ਚ ਧੱਕਣ ਕਾਰਨ ਮਾਰਿਆ ਨਿੱਝਰ

## ਪੰਥਕ ਧਿਰਾਂ ਤੇ ਅਰਸ਼ ਡੱਲਾ ਨੇ ਦੱਸਿਆ 'ਗੋਲਡੀ ਬਰਾੜ ਨੂੰ ਭਾਰਤੀ ਏਜੰਸੀਆਂ ਦਾ ਟਾਊਟ'

ਕੈਨੇਡਾ ਦੇ ਸਰੀ ਸ਼ਹਿਰ ਸਥਿਤ ਗੁਰਦੁਆਰਾ ਸਾਹਿਬ ਦੇ ਬਾਹਰ 18 ਜੂਨ 2023 ਨੂੰ ਹੋਏ ਹਰਦੀਪ ਸਿੰਘ ਨਿੱਝਰ ਦੇ ਹਾਈ-ਪ੍ਰੋਫਾਈਲ ਕਤਲ ਤੋਂ ਤਿੰਨ ਸਾਲ ਬਾਅਦ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਗੈਂਗਸਟਰ ਗੋਲਡੀ ਬਰਾੜ ਦੀ ਕਥਿਤ ਆਡੀਓ ਨੇ ਇਸ ਮਾਮਲੇ ਨੂੰ ਇੱਕ ਨਵਾਂ ਅਤੇ ਬੇਹੱਦ ਵਿਵਾਦਪੂਰਨ ਮੋੜ ਦੇ ਦਿੱਤਾ ਹੈ। ਬੱਬਰ ਖ਼ਾਲਸਾ ਨਾਲ ਜੁੜੇ ਪਰਮਜੀਤ ਸਿੰਘ ਪੰਮਾ ਨਾਲ ਹੋਈ ਇਸ ਕਥਿਤ ਗੱਲਬਾਤ ਦੌਰਾਨ ਗੋਲਡੀ ਬਰਾੜ ਨੇ ਨਿੱਝਰ ਦੇ ਕਤਲ ਦੀ ਜ਼ਿੰਮੇਵਾਰੀ ਕਬੂਲਦਿਆਂ ਦੋਸ਼ ਲਾਇਆ ਕਿ ਨਿੱਝਰ ਉਸ ਦੇ ਵਿਰੋਧੀ ਗੈਂਗਸਟਰਾਂ ਸੁੱਖਾ ਦੁਨੇਕੇ ਅਤੇ ਅਰਸ਼ ਡੱਲਾ ਵਰਗਿਆਂ ਨੂੰ ਪਨਾਹ ਦਿੰਦਾ ਸੀ ਅਤੇ 16-17 ਸਾਲਾਂ ਦੇ ਨੌਜਵਾਨਾਂ ਤੋਂ ਨਸ਼ਾ ਤਸਕਰੀ ਕਰਵਾ ਕੇ ਉਨ੍ਹਾਂ ਨੂੰ ਬਲੈਕਮੇਲ ਕਰਦਾ ਸੀ।

ਹਾਲਾਂਕਿ ਇਸ ਆਡੀਓ ਦੀ ਪ੍ਰਮਾਣਿਕਤਾ ਸਵਾਲਾਂ ਦੇ ਘੇਰੇ ਵਿੱਚ ਹੈ, ਪਰ ਤਿੰਨ ਸਾਲਾਂ ਦੀ ਲੰਮੀ ਖ਼ਾਮੋਸ਼ੀ ਤੋਂ ਬਾਅਦ ਅਜਿਹਾ ਕਬੂਲਨਾਮਾ ਸਾਹਮਣੇ ਆਉਣਾ ਵਿਦੇਸ਼ਾਂ ਵਿੱਚ ਚੱਲ ਰਹੇ ਅਪਰਾਧਿਕ ਗੱਠਜੋੜ ਅਤੇ ਸਿਆਸੀ ਹਿੱਤਾਂ ਦੇ ਡੂੰਘੇ ਤਾਣੇ-ਬਾਣੇ ਵੱਲ ਸਿੱਧਾ ਇਸ਼ਾਰਾ ਕਰਦਾ ਹੈ।

ਇਸ ਕਥਿਤ ਆਡੀਓ ਕਲਿੱਪ ਦੇ ਜਨਤਕ ਹੋਣ ਸਾਰ ਹੀ ਪੰਥਕ ਜਥੇਬੰਦੀਆਂ ਅਤੇ ਗੈਂਗਸਟਰ ਅਰਸ਼ ਡੱਲਾ ਧੜੇ ਵੱਲੋਂ ਬੇਹੱਦ ਤਿੱਖਾ ਅਤੇ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਗਿਆ ਹੈ। ਪੰਥਕ ਹਲਕਿਆਂ ਅਤੇ ਅਰਸ਼ ਡੱਲਾ ਨੇ ਗੋਲਡੀ ਬਰਾੜ ਦੇ ਇਨ੍ਹਾਂ ਸਾਰੇ ਦਾਅਵਿਆਂ ਨੂੰ ਸਿਰੇ ਤੋਂ ਨਕਾਰਦਿਆਂ ਉਸ ਨੂੰ ਭਾਰਤੀ ਖ਼ੁਫ਼ੀਆ ਏਜੰਸੀਆਂ ਦਾ 'ਟਾਊਟ' (ਦਲਾਲ) ਕਰਾਰ ਦਿੱਤਾ ਹੈ। ਪੰਥਕ ਧਿਰਾਂ ਦਾ ਸਪੱਸ਼ਟ ਦੋਸ਼ ਹੈ ਕਿ ਕੈਨੇਡਾ ਦੀ ਧਰਤੀ 'ਤੇ ਵਾਪਰੇ ਇਸ ਕਾਂਡ ਤੋਂ ਬਾਅਦ ਜਦੋਂ ਕੈਨੇਡਾ ਅਤੇ ਭਾਰਤ ਦੇ ਕੂਟਨੀਤਕ ਸਬੰਧਾਂ ਵਿੱਚ ਵੱਡਾ ਤਣਾਅ ਪੈਦਾ ਹੋਇਆ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਜਾਂਚ ਦੀ ਸੂਈ ਇੱਕ ਖ਼ਾਸ ਪਾਸੇ ਘੁੰਮੀ, ਤਾਂ ਮਾਮਲੇ ਨੂੰ ਮਹਿਜ਼ ਇੱਕ ਆਪਸੀ ਗੈਂਗਵਾਰ ਅਤੇ ਨਸ਼ਿਆਂ ਦੀ ਰੰਜਿਸ਼ ਦਾ ਰੰਗ ਦੇ ਕੇ ਅਸਲ ਜ਼ਿੰਮੇਵਾਰਾਂ ਨੂੰ





ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਮੁਤਾਬਕ ਗੋਲਡੀ ਬਰਾੜ ਵਰਗੇ ਅਨਸਰ ਏਜੰਸੀਆਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਹਨ ਤਾਂ ਜੋ ਅਸਲ ਕਤਲ ਕਾਂਡ ਦੇ ਮੁੱਖ ਸਾਜ਼ਿਸ਼ ਘਾੜਿਆਂ ਤੋਂ ਧਿਆਨ ਭਟਕਾ ਕੇ ਇਸ ਨੂੰ ਆਪਸੀ ਜੁਰਮ ਦੀ ਦੁਨੀਆ ਦਾ ਝਗੜਾ ਸਾਬਤ ਕੀਤਾ ਜਾ ਸਕੇ।

ਅਰਸ਼ ਡੱਲਾ ਧੜੇ ਵੱਲੋਂ ਇਹ ਤਰਕ ਵੀ ਦਿੱਤਾ ਜਾ ਰਿਹਾ ਹੈ ਕਿ ਜੇਕਰ ਗੋਲਡੀ ਬਰਾੜ ਨੇ ਇਹ ਕਤਲ ਕੀਤਾ ਸੀ ਤਾਂ ਉਸ ਨੇ ਤਿੰਨ ਸਾਲ ਤੱਕ ਚੁੱਪ ਕਿਉਂ ਧਾਰੀ ਰੱਖੀ? ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਲੈ ਕੇ ਹੋਰ ਕਈ ਵੱਡੀਆਂ ਵਾਰਦਾਤਾਂ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ 'ਤੇ ਕੁਝ ਹੀ ਮਿੰਟਾਂ ਵਿੱਚ ਲੈਣ ਵਾਲਾ ਗਰੋਹ ਅੰਤਰਰਾਸ਼ਟਰੀ ਪੱਧਰ ਦੇ ਇੰਨੇ ਵੱਡੇ ਮਾਮਲੇ ਵਿੱਚ ਤਿੰਨ ਸਾਲ ਬਾਅਦ ਅਚਾਨਕ ਸਾਹਮਣੇ ਕਿਉਂ ਆਇਆ? ਇਸ ਤੋਂ ਇਲਾਵਾ, ਅਮਰੀਕੀ ਜਾਂਚ ਏਜੰਸੀ ਐੱਫ.ਬੀ.ਆਈ. ਅਤੇ ਇੰਟਰਪੋਲ ਵੱਲੋਂ ਗੋਲਡੀ ਬਰਾੜ ਉੱਤੇ ਵਧਾਏ ਜਾ ਰਹੇ ਕਾਨੂੰਨੀ ਸ਼ਿਕੰਜੇ ਅਤੇ ਇਨਾਮਾਂ ਦੇ ਐਲਾਨ ਦਰਮਿਆਨ ਇਹ ਦਾਅਵਾ ਉਸ ਦੀ ਸਾਖ਼ ਅਤੇ ਦਹਿਸ਼ਤ ਬਣਾਈ ਰੱਖਣ ਜਾਂ ਫਿਰ ਕਿਸੇ ਪਲਾਨ ਅਧੀਨ ਲੀਕ ਕਰਵਾਇਆ ਗਿਆ ਪ੍ਰਤੀਤ ਹੁੰਦਾ ਹੈ। ਨਿੱਝਰ 'ਤੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਧੱਕਣ ਦੇ ਲਾਏ ਗਏ ਦੋਸ਼ਾਂ ਨੂੰ ਵੀ ਪੰਥਕ ਧਿਰਾਂ ਨੇ ਕਿਰਦਾਰਕੁਸ਼ੀ ਦੀ ਸਾਜ਼ਿਸ਼ ਕਰਾਰ ਦਿੰਦਿਆਂ ਬੇਬੁਨਿਆਦ ਦੱਸਿਆ ਹੈ।

ਇਹ ਪੂਰਾ ਘਟਨਾਕ੍ਰਮ ਦਰਸਾਉਂਦਾ ਹੈ ਕਿ ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਵਸਦੇ ਭਾਈਚਾਰੇ ਅੰਦਰ ਗੈਂਗਸਟਰਵਾਦ, ਆਪਸੀ ਦੁਸ਼ਮਣੀਆਂ ਅਤੇ ਏਜੰਸੀਆਂ ਦੇ ਕਥਿਤ ਦਖ਼ਲ ਦਾ ਸੰਕਟ ਕਿੰਨਾ ਡੂੰਘਾ ਹੋ ਚੁੱਕਾ ਹੈ। ਇੱਕ ਪਾਸੇ ਗੋਲਡੀ ਬਰਾੜ ਵੱਲੋਂ ਨਿੱਜੀ ਰੰਜਿਸ਼ ਅਤੇ ਵਿਰੋਧੀ ਧੜਿਆਂ ਨੂੰ ਪਨਾਹ ਦੇਣ ਦੀ ਦਲੀਲ ਪੇਸ਼ ਕੀਤੀ ਜਾ ਰਹੀ ਹੈ, ਜਦਕਿ ਦੂਜੇ ਪਾਸੇ ਪੰਥਕ ਧਿਰਾਂ ਇਸ ਨੂੰ ਏਜੰਸੀਆਂ ਦੀ ਪੂਰਵ-ਨਿਰਧਾਰਤ ਸਕ੍ਰਿਪਟ ਦੱਸ ਕੇ ਖਾਰਜ ਕਰ ਰਹੀਆਂ ਹਨ। ਨਿਰਪਖ ਸੂਤਰਾਂ ਦੀ ਰਾਇ ਹੈ ਕਿ ਸੋਸ਼ਲ ਮੀਡੀਆ 'ਤੇ ਲੀਕ ਹੋਣ ਵਾਲੀਆਂ ਆਡੀਓ ਕਲਿੱਪਾਂ ਅਤੇ ਦੋਸ਼-ਤਰਾਸ਼ੀਆਂ ਨਾਲ ਕਿਸੇ ਕਤਲ ਦਾ ਸੱਚ ਤੈਅ ਨਹੀਂ ਹੁੰਦਾ। ਜਦੋਂ ਤੱਕ ਕੈਨੇਡਾ ਅਤੇ ਅੰਤਰਰਾਸ਼ਟਰੀ ਜਾਂਚ ਏਜੰਸੀਆਂ ਇਸ ਸਾਜ਼ਿਸ਼ ਦੇ ਹਰ ਪਹਿਲੂ ਦੀ ਨਿਰਪੱਖ ਅਤੇ ਪੁਖ਼ਤਾ ਫੋਰੈਂਸਿਕ ਜਾਂਚ ਕਰਕੇ ਠੋਸ ਸਬੂਤ ਅਦਾਲਤ ਵਿੱਚ ਪੇਸ਼ ਨਹੀਂ ਕਰਦੀਆਂ, ਉਦੋਂ ਤੱਕ ਇਹ ਦਾਅਵੇ ਅਤੇ ਜਵਾਬੀ ਦੋਸ਼ ਮਹਿਜ਼ ਪ੍ਰਾਪੇਗੰਡੇ ਅਤੇ ਸ਼ੱਕ ਦੇ ਘੇਰੇ ਵਿੱਚ ਹੀ ਰਹਿਣਗੇ।

### ਗਊ ਮੂਤਰ 'ਤੇ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਰਿਪੋਰਟਾਂ ਦਾ ਖ਼ੁਲਾਸਾ

# ਯੂ.ਪੀ. ਵਿੱਚ ਆਲੂ ਸੜਕਾਂ 'ਤੇ, ਗਊ ਮੂਤਰ 10 ਰੁਪਏ ਲੀਟਰ

## ਯੂ.ਪੀ. ਦੀ ਖੇਤੀਬਾੜੀ ਦਾ ਵਿਕਾਸ ਜਾਂ ਧਿਆਨ ਭਟਕਾਊ ਰਾਜਨੀਤੀ ?

## ਕੀਟਨਾਸ਼ਕ 'ਚ 80% ਅਸਰਦਾਰ, ਪਰ ਮੈਡੀਕਲ ਸਾਇੰਸ ਵਿੱਚ ਜ਼ੀਰੋ





ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਦੀ ਸਿਆਨਾ ਤਹਿਸੀਲ ਦੇ ਨਰਸੈਨਾ ਪਿੰਡ ਤੋਂ ਸ਼ੁਰੂ ਕੀਤਾ ਗਿਆ 10 ਰੁਪਏ ਪ੍ਰਤੀ ਲੀਟਰ ਦੀ ਦਰ ਨਾਲ ਗਊ ਮੂਤਰ ਖ਼ਰੀਦਣ ਦਾ ਪਾਇਲਟ ਪ੍ਰੋਜੈਕਟ ਇਸ ਸਮੇਂ ਪੂਰੇ ਦੇਸ਼ ਵਿੱਚ ਚਰਚਾ ਅਤੇ ਬਹਿਸ ਦਾ ਕੇਂਦਰ ਬਣਿਆ ਹੋਇਆ ਹੈ। 'ਨਰਸੈਨਾ ਆਰਗੈਨਿਕ ਫ਼ਾਰਮਰ ਪ੍ਰੋਡਿਊਸਰ ਕੰਪਨੀ ਲਿਮਟਿਡ' ਨਾਮਕ ਕਿਸਾਨ ਉਤਪਾਦਕ ਸੰਗਠਨ ਵੱਲੋਂ ਸ਼ੁਰੂ ਕੀਤੀ ਗਈ ਇਸ ਪਹਿਲਕਦਮੀ ਦਾ ਮੁੱਖ ਮਨੋਰਥ ਪ੍ਰਾਕ੍ਰਿਤਿਕ (ਜੈਵਿਕ) ਖੇਤੀ ਨੂੰ ਉਤਸ਼ਾਹਿਤ ਕਰਨਾ ਅਤੇ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਦੇ ਨਵੇਂ ਸਾਧਨ ਪੈਦਾ ਕਰਨਾ ਹੈ। ਇਸ ਯੋਜਨਾ ਤਹਿਤ ਨਰਸੈਨਾ ਅਤੇ ਆਸ-ਪਾਸ ਦੇ 15 ਪਿੰਡਾਂ ਨੂੰ ਜੋੜਿਆ ਗਿਆ ਹੈ, ਜਿੱਥੇ ਲਗਭਗ 300 ਔਰਤਾਂ ਰੋਜ਼ਾਨਾ 500 ਲੀਟਰ ਗਊ ਮੂਤਰ ਇਕੱਠਾ ਕਰਦੀਆਂ ਹਨ। 6000 ਵਰਗ ਫ਼ੁੱਟ ਵਿੱਚ ਫ਼ੈਲੇ ਪ੍ਰੋਸੈਸਿੰਗ ਪਲਾਂਟ ਵਿੱਚ ਗਊ ਮੂਤਰ ਵਿੱਚ ਵੱਖ-ਵੱਖ ਜੜ੍ਹੀ-ਬੂਟੀਆਂ ਮਿਲਾ ਕੇ ਉਬਾਲਿਆ ਜਾਂਦਾ ਹੈ ਅਤੇ ਤਰਲ, ਪਾਊਡਰ ਤੇ ਦਾਣੇਦਾਰ ਜੈਵਿਕ ਖਾਦਾਂ ਅਤੇ ਕੁਦਰਤੀ ਕੀਟਨਾਸ਼ਕ ਤਿਆਰ ਕੀਤੇ ਜਾਂਦੇ ਹਨ, ਜਿਨ੍ਹਾਂ ਨੂੰ ਕੋਆਪ੍ਰੇਟਿਵ ਸੰਸਥਾਵਾਂ ਰਾਹੀਂ ਵੇਚਿਆ ਜਾ ਰਿਹਾ ਹੈ ਆਰਥਿਕ ਅਤੇ ਖੇਤੀ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਸ ਪਹਿਲਕਦਮੀ ਦੇ ਕਈ ਮਹੱਤਵਪੂਰਨ ਅਤੇ ਹਾਂਵਾਚਕ ਪਹਿਲੂ ਸਾਹਮਣੇ ਆਉਂਦੇ ਹਨ। ਪ੍ਰੋਜੈਕਟ ਨਾਲ ਜੁੜੇ ਖੇਤੀ ਵਿਗਿਆਨੀਆਂ ਅਤੇ ਵੈਟਰਨਰੀ ਮਾਹਿਰਾਂ ਅਨੁਸਾਰ, ਗਊ ਮੂਤਰ ਨੂੰ ਨੀਮ, ਧਤੂਰਾ ਅਤੇ ਹੋਰ ਵਨਸਪਤੀ ਅਰਕਾਂ ਨਾਲ ਮਿਲਾ ਕੇ ਤਿਆਰ ਕੀਤੇ ਗਏ ਜੈਵਿਕ ਕੀਟਨਾਸ਼ਕ ਫ਼ਸਲਾਂ ਨੂੰ ਫ਼ੰਗਸ ਅਤੇ ਬਿਮਾਰੀਆਂ ਤੋਂ ਬਚਾਉਣ ਵਿੱਚ ਕਾਫ਼ੀ ਮਦਦਗਾਰ ਹੁੰਦੇ ਹਨ। ਭਾਰਤੀ ਖੇਤੀ ਖੋਜ ਪਰਿਸ਼ਦ ਅਤੇ ਹੋਰ ਖੇਤੀਬਾੜੀ ਯੂਨੀਵਰਸਿਟੀਆਂ ਦੇ ਅਧਿਐਨਾਂ ਦਾ ਹਵਾਲਾ ਦਿੰਦਿਆਂ ਇਹ ਦਾਅਵਾ ਕੀਤਾ ਗਿਆ ਹੈ ਕਿ ਅਜਿਹੇ ਫ਼ਾਰਮੂਲੇਸ਼ਨਾਂ ਨਾਲ ਟਮਾਟਰ ਵਰਗੀਆਂ ਫ਼ਸਲਾਂ ਵਿੱਚ ਕੀੜਿਆਂ 'ਤੇ 70 ਤੋਂ 80 ਫ਼ੀਸਦੀ ਤੱਕ ਕਾਬੂ ਪਾਇਆ ਜਾ ਸਕਦਾ ਹੈ। ਰਸਾਇਣਕ ਖਾਦਾਂ ਅਤੇ ਮਹਿੰਗੇ ਕੀਟਨਾਸ਼ਕਾਂ 'ਤੇ ਨਿਰਭਰਤਾ ਘਟਣ ਨਾਲ ਕਿਸਾਨਾਂ ਦੀ ਖੇਤੀ ਲਾਗਤ ਵਿੱਚ ਕਮੀ ਆਉਂਦੀ ਹੈ ਅਤੇ ਪਸ਼ੂਪਾਲਕਾਂ, ਵਿਸ਼ੇਸ਼ ਤੌਰ 'ਤੇ ਪੇਂਡੂ ਔਰਤਾਂ ਨੂੰ ਗੋਮੂਤਰ ਵੇਚ ਕੇ ਇੱਕ ਨਿਯਮਿਤ ਵਾਧੂ ਆਮਦਨ ਪ੍ਰਾਪਤ ਹੁੰਦੀ ਹੈ।



ਹਾਲਾਂਕਿ, ਜਦੋਂ ਗੋਮੂਤਰ ਦੀ ਵਰਤੋਂ ਖੇਤੀਬਾੜੀ ਤੋਂ ਬਾਹਰ ਨਿਕਲ ਕੇ ਮਨੁੱਖੀ ਮੈਡੀਕਲ ਖੇਤਰ ਜਾਂ ਸਿਹਤ ਦਾਅਵਿਆਂ ਤੱਕ ਪਹੁੰਚਦੀ ਹੈ, ਤਾਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਮੈਡੀਕਲ ਰਿਪੋਰਟਾਂ ਬਹੁਤ ਹੀ ਸਪਸ਼ਟ ਅਤੇ ਚਿਤਾਵਨੀਪੂਰਨ ਤੱਥ ਪੇਸ਼ ਕਰਦੀਆਂ ਹਨ। ਵਿਸ਼ਵ ਸਿਹਤ ਸੰਗਠਨ, ਆਈ.ਸੀ.ਐਮ.ਆਰ. ਅਤੇ ਦੁਨੀਆ ਭਰ ਦੇ ਮੈਡੀਕਲ ਵਿਗਿਆਨੀਆਂ ਅਨੁਸਾਰ ਗਊ ਮੂਤਰ ਨੂੰ ਮਨੁੱਖੀ ਬਿਮਾਰੀਆਂ (ਜਿਵੇਂ ਕੈਂਸਰ, ਡਾਇਬਟੀਜ਼ ਜਾਂ ਇਨਫ਼ੈਕਸ਼ਨਾਂ) ਦੇ ਇਲਾਜ ਵਜੋਂ ਵਰਤਣ ਦਾ ਕੋਈ ਵੀ ਠੋਸ ਕਲੀਨਿਕਲ ਜਾਂ ਵਿਗਿਆਨਕ ਪ੍ਰਮਾਣ ਮੌਜੂਦ ਨਹੀਂ ਹੈ। ਇਸ ਤੋਂ ਵੀ ਵੱਧ, 'ਇੰਡੀਅਨ ਵੈਟਰਨਰੀ ਰਿਸਰਚ ਇੰਸਟੀਚਿਊਟ' ਵਰਗੀਆਂ ਮੁੱਖ ਖੋਜ ਸੰਸਥਾਵਾਂ ਦੀਆਂ ਰਿਪੋਰਟਾਂ ਵਿੱਚ ਇਹ ਚਿਤਾਵਨੀ ਦਿੱਤੀ ਗਈ ਹੈ ਕਿ ਅਣਸ਼ੋਧਿਤ ਜਾਂ ਤਾਜ਼ੇ ਗਊ ਮੂਤਰ ਵਿੱਚ ਕਈ ਤਰ੍ਹਾਂ ਦੇ ਹਾਨੀਕਾਰਕ ਬੈਕਟੀਰੀਆ ਹੋ ਸਕਦੇ ਹਨ, ਜੋ ਮਨੁੱਖੀ ਸਰੀਰ ਵਿੱਚ ਪੇਟ ਅਤੇ ਇਨਫ਼ੈਕਸ਼ਨ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਇਸ ਲਈ ਵਿਗਿਆਨਕ ਤੌਰ 'ਤੇ ਖੇਤੀ ਵਿੱਚ ਕੀਟਨਾਸ਼ਕ ਵਜੋਂ ਵਰਤੋਂ ਅਤੇ ਮਨੁੱਖੀ ਦਵਾਈ ਵਜੋਂ ਸੇਵਨ ਵਿੱਚ ਸਪਸ਼ਟ ਲਕੀਰ ਖਿੱਚਣੀ ਬਹੁਤ ਜ਼ਰੂਰੀ ਹੈ।

ਸਿਆਸੀ ਮੈਦਾਨ ਵਿੱਚ ਇਸ ਯੋਜਨਾ ਨੂੰ ਲੈ ਕੇ ਤਿੱਖੀ ਬਹਿਸ ਛਿੜ ਚੁਕੀ ਹੈ, ਜਿਸ ਨੂੰ ਵਿਰੋਧੀ ਧਿਰਾਂ 'ਹਿੰਦੂ ਰਾਜਨੀਤੀ ਅਤੇ ਚੋਣ ਸਟੰਟ' ਕਰਾਰ ਦੇ ਰਹੀਆਂ ਹਨ। ਸਮਾਜਵਾਦੀ ਪਾਰਟੀ ਵਰਗੀਆਂ ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਉੱਤਰ ਪ੍ਰਦੇਸ਼ ਵਿੱਚ ਕਿਸਾਨਾਂ ਦੀਆਂ ਅਸਲ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ; ਉਦਾਹਰਨ ਵਜੋਂ ਰਾਜ ਵਿੱਚ ਆਲੂ ਉਤਪਾਦਕ ਕਿਸਾਨਾਂ ਨੂੰ ਇੱਕ ਰੁਪਏ ਕਿਲੋ ਦਾ ਭਾਅ ਵੀ ਨਹੀਂ ਮਿਲ ਰਿਹਾ ਅਤੇ ਉਹ ਫ਼ਸਲ ਸੜਕਾਂ 'ਤੇ ਸੁੱਟਣ ਲਈ ਮਜਬੂਰ ਹਨ। ਇਸ ਤੋਂ ਇਲਾਵਾ, ਪੇਪਰ ਲੀਕ, ਬੇਰੋਜ਼ਗਾਰੀ ਅਤੇ ਮਹਿੰਗਾਈ ਵਰਗੇ ਭਖਦੇ ਮੁੱਦਿਆਂ ਤੋਂ ਜਨਤਾ ਦਾ ਧਿਆਨ ਭਟਕਾਉਣ ਲਈ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗਊ ਮੂਤਰ ਅਤੇ ਗੌ-ਪ੍ਰਚਾਰ ਵਰਗੇ ਭਾਵਨਾਤਮਕ ਮੁੱਦਿਆਂ ਦਾ ਸਹਾਰਾ ਲਿਆ ਜਾ ਰਿਹਾ ਹੈ। ਦੂਜੇ ਪਾਸੇ, ਸੱਤਾਧਾਰੀ ਭਾਜਪਾ ਦਾ ਤਰਕ ਹੈ ਕਿ ਇਹ ਕੋਈ ਰਾਜਨੀਤਿਕ ਡਰਾਮਾ ਨਹੀਂ ਬਲਕਿ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ, ਰਸਾਇਣ ਮੁਕਤ ਫ਼ਸਲਾਂ ਉਗਾਉਣ ਅਤੇ ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚੁੱਕਿਆ ਗਿਆ ਇੱਕ ਵਿਵਹਾਰਕ ਅਤੇ ਨਿਗਰ ਕਦਮ ਹੈ।

ਜੇਕਰ ਪੁਰਾਣੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਗੋਬਰ ਅਤੇ ਗੋਮੂਤਰ ਦੀ ਸਰਕਾਰੀ ਖ਼ਰੀਦ ਦਾ ਇਹ ਪ੍ਰਯੋਗ ਨਵਾਂ ਨਹੀਂ ਹੈ। ਇਸ ਤੋਂ ਪਹਿਲਾਂ ਛੱਤੀਸਗੜ੍ਹ ਦੀ ਤਤਕਾਲੀ ਕਾਂਗਰਸ ਸਰਕਾਰ ਨੇ 'ਗੋਧਨ ਨਿਆਏ ਯੋਜਨਾ' ਤਹਿਤ 2 ਰੁਪਏ ਕਿਲੋ ਗੋਬਰ ਅਤੇ 4 ਰੁਪਏ ਲੀਟਰ ਗਊ ਮੂਤਰ ਖ਼ਰੀਦਣ ਦੀ ਸ਼ੁਰੂਆਤ ਕੀਤੀ ਸੀ ਅਤੇ ਗੁਜਰਾਤ ਦੇ ਬਨਾਸਕਾਂਠਾ ਵਿੱਚ ਵੀ 10,000 ਲੀਟਰ ਦੀ ਗੋਮੂਤਰ ਡਾਇਰੀ ਚਲਾਈ ਜਾ ਰਹੀ ਹੈ। ਇਨ੍ਹਾਂ ਪ੍ਰਯੋਗਾਂ ਤੋਂ ਇਹ ਸਾਫ਼ ਹੁੰਦਾ ਹੈ ਕਿ ਪਸ਼ੂ ਧਨ ਆਧਾਰਿਤ ਆਰਥਿਕਤਾ ਦਾ ਸੰਕਲਪ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਵਰਤਿਆ ਗਿਆ ਹੈ।

ਕਈ ਕਿਸਾਨਾਂ ਦਾ ਮੰਨਣਾ ਹੈ ਕਿ ਗਊਮੂਤਰ ਦੀ ਜੈਵਿਕ ਖੇਤੀ ਅਤੇ ਕੀਟਨਾਸ਼ਕ ਵਜੋਂ ਵਰਤੋਂ ਦਾ ਇੱਕ ਸੀਮਤ ਖੇਤੀਬਾੜੀ ਆਧਾਰ ਹੋ ਸਕਦਾ ਹੈ, ਜੋ ਕਿਸਾਨਾਂ ਦੀ ਲਾਗਤ ਘਟਾਉਣ ਅਤੇ ਪੇਂਡੂ ਔਰਤਾਂ ਨੂੰ ਕੁਝ ਆਰਥਿਕ ਸਹਾਰਾ ਦੇਣ ਵਿੱਚ ਮਦਦ ਕਰ ਸਕਦਾ ਹੈ। ਪਰ ਇਸ ਨੂੰ ਕਿਸੇ ਅਲੌਕਿਕ ਮੈਡੀਕਲ ਵਰਦਾਨ ਵਜੋਂ ਪੇਸ਼ ਕਰਨਾ ਜਾਂ ਇਸ ਦੇ ਨਾਮ 'ਤੇ ਅਸਲ ਕਿਸਾਨੀ ਮੁੱਦਿਆਂ (ਜਿਵੇਂ ਫ਼ਸਲਾਂ ਦਾ ਸਮਰਥਨ ਮੁੱਲ, ਆਲੂ-ਗੰਨਾ ਕਿਸਾਨਾਂ ਦੀਆਂ ਮੁਸ਼ਕਿਲਾਂ) ਤੋਂ ਅੱਖਾਂ ਮੀਟਣਾ ਬਿਲਕੁਲ ਵੀ ਜਾਇਜ਼ ਨਹੀਂ ਹੈ। ਅਜਿਹੇ ਪਾਇਲਟ ਪ੍ਰੋਜੈਕਟਾਂ ਨੂੰ ਰਾਜਨੀਤਿਕ ਨਫ਼ੇ-ਨੁਕਸਾਨ ਅਤੇ ਧਾਰਮਿਕ ਪ੍ਰਚਾਰ ਤੋਂ ਵੱਖ ਕਰਕੇ ਸਿਰਫ਼ ਆਰਥਿਕ, ਖੇਤੀਬਾੜੀ ਅਤੇ ਵਿਗਿਆਨਕ ਕਸੌਟੀ 'ਤੇ ਪਰਖਣਾ ਹੀ ਦੇਸ਼ ਅਤੇ ਕਿਸਾਨਾਂ ਦੇ ਹਿੱਤ ਵਿੱਚ ਹੋਵੇਗਾ।

# ਵੋਟਾਂ ਦੇ ਨਾਲ ਗਿਆਨ ਦੇ ਵੀ ਖ਼ੋਜੀ ਹਨ 50 ਸੰਸਦ ਮੈਂਬਰ

## ਭਾਰਤੀ ਸੰਸਦ 'ਚ ਪੀਐਚ.ਡੀ. ਪਾਸ ਨੇ 20 ਫ਼ੀਸਦੀ ਮੌਜੂਦਾ ਮੈਂਬਰ

ਨਵੀਂ ਦਿੱਲੀ/ਏ.ਟੀ.ਨਿਊਜ਼ : ਟਾਵੇਂ ਹੀ ਨੇਤਾ ਬਚੇ ਹਨ ਜਿਹੜੇ ਗਿਆਨ ਦੇ ਵੀ ਖ਼ੋਜੀ ਹਨ ਅਤੇ ਨਾਲੇ ਵੋਟਾਂ ਦੀ ਖੋਜ 'ਚ ਵੀ ਨਿਕਲਦੇ ਹਨ। ਅਕਾਦਮਿਕ ਪ੍ਰੀਖਿਆ ਪਾਸ ਕਰਨ ਵਾਲੇ ਸਿਆਸੀ ਪੇਪਰਾਂ ਵਿੱਚ ਕਦੇ ਫੇਲ੍ਹ ਹੁੰਦੇ ਹਨ ਤੇ ਕਦੇ ਪਾਸ। ਭਾਰਤੀ ਸੰਸਦ 'ਚ ਇਸ ਵੇਲੇ ਸਿਰਫ਼ ਵੀਹ ਫ਼ੀਸਦੀ ਸੰਸਦ ਮੈਂਬਰ ਹਨ ਜਿਨ੍ਹਾਂ ਕੋਲ ਡਾਕਟਰੇਟ ਦੀ ਉਪਾਧੀ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਇਕਲੌਤੇ ਸੰਸਦ ਮੈਂਬਰ ਹਨ ਜਿਨ੍ਹਾਂ ਦੀ ਡਿਗਰੀ ਮੁਕਾਬਲੇ 'ਚ ਝੰਡੀ ਹੈ। ਲੋਕ ਸਭਾ 'ਚ ਇਸ ਵੇਲੇ 18 ਸੰਸਦ ਮੈਂਬਰ ਅਤੇ ਰਾਜ ਸਭਾ 'ਚ 32 ਸੰਸਦ ਮੈਂਬਰਾਂ ਕੋਲ ਅਕਾਦਮਿਕ ਖੇਤਰ ਦੀ ਸਿਖਰਲੀ ਪੀਐੱਚ. ਡੀ. ਦੀ ਡਿਗਰੀ ਹੈ।

1952 ਤੋਂ ਲੈ ਕੇ ਹੁਣ ਤੱਕ ਦੇ ਸੰਸਦ ਮੈਂਬਰਾਂ 'ਤੇ ਝਾਤ ਮਾਰੀਏ ਤਾਂ ਤਾਂ ਪੀਐੱਚ ਡੀ. ਵਾਲੇ 126 ਸੰਸਦ ਮੈਂਬਰ ਲੋਕ ਸਭਾ 'ਚ ਪੁੱਜੇ ਹਨ। ਰਾਜ ਸਭਾ ਨੂੰ ਪਾਇਦਾਰ ਅਤੇ ਵਿਦਵਤਾ ਵਾਲੇ ਲੋਕਾਂ ਦਾ ਸਦਨ ਮੰਨਿਆ ਜਾਂਦਾ ਹੈ। ਇਸ ਕਰ ਕੇ ਇਸ ਹਾਊਸ 'ਚ ਪੀਐੱਚ. ਡੀ. ਹੋਲਡਰ ਸੰਸਦ ਮੈਂਬਰਾਂ ਦੀ ਗਿਣਤੀ ਜ਼ਿਆਦਾ ਹੈ। ਵੱਡੇ ਚਿਹਰੇ ਇਸ ਸਦਨ ਦਾ ਮਾਣ ਵੀ ਰਹੇ ਹਨ। ਡਾ. ਮਨਮੋਹਨ ਸਿੰਘ, ਪ੍ਰਣਬ ਮੁਖਰਜੀ, ਨਜ਼ਮਾ ਹੈਪਤੁੱਲਾ, ਲਤਾ ਮੰਗੇਸ਼ਕਰ ਤੇ ਕੁਲਦੀਪ ਨਈਅਰ ਆਦਿ ਕੋਲ ਡਾਕਟਰੇਟ ਦੀ ਉਪਾਧੀ ਰਹੀ ਹੈ।



ਪੰਜਾਬ ਵਿੱਚੋਂ ਇਸ ਵੇਲੇ ਲੋਕ ਸਭਾ 'ਚ ਇਕਲੌਤੇ ਸੰਸਦ ਮੈਂਬਰ ਚਰਨਜੀਤ ਚੰਨੀ ਹਨ ਜਿਨ੍ਹਾਂ ਕੋਲ ਪੀਐੱਚ. ਡੀ. ਦੀ ਡਿਗਰੀ ਹੈ। ਇਸੇ ਤਰ੍ਹਾਂ ਰਾਜ ਸਭਾ ਵਿੱਚ ਭਾਜਪਾ ਦੇ ਸੰਦੀਪ ਪਾਠਕ ਡਾਕਟਰੇਟ ਹਨ। ਉਂਝ ਲੋਕ ਸਭਾ 'ਚ ਡਾ. ਧਰਮਵੀਰ ਗਾਂਧੀ ਅਤੇ ਡਾ. ਰਾਜ ਕੁਮਾਰ ਚੱਬੇਵਾਲ ਵੀ ਹਨ ਪਰ ਉਹ ਮੈਡੀਕਲ ਖੇਤਰ ਵਿੱਚੋਂ ਹਨ। ਲੋਕ ਸਭਾ ਦੇ ਐੱਮ. ਪੀ. ਸ਼ਸ਼ੀ ਥਰੂਰ ਵੀ ਪੀਐੱਚ. ਡੀ. ਹਨ ਅਤੇ ਇਕਲੌਤੀ ਮਹਿਲਾ ਸੰਸਦ ਮੈਂਬਰ ਡਾ. ਟੀ. ਸਮੁਤੀ ਵੀ ਅੰਗਰੇਜ਼ੀ ਸਾਹਿਤ 'ਚ ਪੀਐੱਚ. ਡੀ. ਹੈ। ਆਗਰਾ ਤੋਂ ਭਾਜਪਾ ਐੱਮ. ਪੀ. ਪ੍ਰੋ. ਐੱਸ. ਪੀ. ਸਿੰਘ ਬਘੇਲ ਇਤਿਹਾਸ 'ਚ ਪੀਐੱਚ. ਡੀ. ਅਤੇ ਨਾਲ ਐੱਲ. ਐੱਲ. ਬੀ. ਹਨ।

ਭਾਜਪਾ ਦੇ ਯੂ. ਪੀ. ਤੋਂ ਸੰਸਦ ਮੈਂਬਰ ਡਾ. ਕੁਮਾਰ ਆਨੰਦ ਐੱਮ. ਬੀ. ਏ. ਵੀ ਹਨ ਅਤੇ ਪੀਐੱਚ. ਡੀ. ਵੀ ਹਨ। ਮੱਧ ਪ੍ਰਦੇਸ਼ ਤੋਂ ਭਾਜਪਾ ਦੇ ਸੰਸਦ ਮੈਂਬਰ ਡਾ. ਵਰਿੰਦਰ ਕੁਮਾਰ ਨੇ ਬਾਲ ਮਜ਼ਦੂਰੀ ਦੇ ਵਿਸ਼ੇ 'ਤੇ ਪੀਐੱਚ. ਡੀ. ਕੀਤੀ ਹੋਈ ਹੈ। ਸਿਆਸੀ ਹਲਕੇ ਆਖਦੇ ਹਨ ਕਿ ਮੁਲਕ ਦੀਆਂ ਨੀਤੀਆਂ ਨੂੰ ਸਮਝਣ 'ਚ ਅਕਾਦਮਿਕ ਪਕੜ ਸਹਾਈ ਹੁੰਦੀ ਹੈ। ਸੰਸਦ 'ਚ ਬਹਿਸ ਮੌਕੇ ਇਹ ਗਿਆਨ ਕੰਮ ਆਉਂਦਾ ਹੈ। ਸਮਾਜ 'ਚ ਰੁਤਬਾ ਤੇ ਮਾਣ ਸਤਿਕਾਰ ਵੀ ਵਧਦਾ ਹੈ।

**ਡਿਗਰੀ ਮੁਕਾਬਲੇ 'ਚ ਚੰਨੀ ਦੀ ਝੰਡੀ**

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਆਪਣੇ ਨਾਮ ਨਾਲ ਹਾਲੇ 'ਡਾਕਟਰ' ਨਹੀਂ ਲਾਉਂਦੇ। ਚੰਨੀ ਨੇ ਸਾਲ 2023 'ਚ ਪੀਐੱਚ. ਡੀ. ਕੀਤੀ ਸੀ ਅਤੇ ਹੁਣ ਉਹ ਇੱਕ ਹੋਰ ਵਿਸ਼ੇ 'ਚ ਪੀਐੱਚ. ਡੀ. ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਐੱਮ. ਬੀ. ਏ. ਅਤੇ ਐੱਲ. ਐੱਲ. ਬੀ. ਵੀ ਕੀਤੀ ਹੋਈ ਹੈ।

**ਚੰਨੀ ਨੇ ਪੀ ਯੂ 'ਚ ਐੱਮ. ਏ. ਦੀ ਪ੍ਰੀਖਿਆ ਦਿੱਤੀ**

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਲੰਘੇ ਦਿਨੀਂ ਪੰਜਾਬ ਯੂਨੀਵਰਸਿਟੀ (ਪੀ. ਯੂ.) ਚੰਡੀਗੜ੍ਹ ਵਿੱਚ ਲੋਕ ਪ੍ਰਸ਼ਾਸਨ ਦੀ ਪ੍ਰੀਖਿਆ ਦਿੱਤੀ। ਉਹ ਪੀ. ਯੂ. ਤੋਂ ਲੋਕ ਪ੍ਰਸ਼ਾਸਨ ਵਿੱਚ ਐੱਮ. ਏ. ਕਰ ਰਹੇ ਹਨ। ਪ੍ਰੀਖਿਆ ਕੇਂਦਰ ਤੋਂ ਬਾਹਰ ਆਉਣ 'ਤੇ ਗੱਲਬਾਤ ਦੌਰਾਨ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਬਾਰੇ ਸਵਾਲਾਂ ਦੇ ਜਵਾਬ ਵਿੱਚ ਸ੍ਰੀ ਚੰਨੀ ਨੇ ਕਿਹਾ ਕਿ ਕਮੇਟੀ ਦੀ ਮੀਟਿੰਗ ਤਾਂ ਅਗਲੇ ਮਹੀਨੇ ਵੀ ਹੋ ਜਾਵੇਗੀ ਪਰ ਉਨ੍ਹਾਂ ਦਾ ਅੱਜ ਵਾਲਾ ਪੇਪਰ ਅੱਗੇ ਨਹੀਂ ਸੀ ਹੋ ਸਕਦਾ। ਉਨ੍ਹਾਂ ਨੇ ਪਾਰਟੀ ਹਾਈਕਮਾਂਡ ਤੋਂ ਇਸ ਲਈ ਲਿਖਤੀ ਇਜਾਜ਼ਤ ਲਈ ਸੀ।

ਦਰਪਣ ਝੂਠ ਨਹੀਂ ਬੋਲਦਾ

# ਸੰਘ ਮੁਖੀ ਭਾਗਵਤ ਦੇ ਅਮਰੀਕਾ ਦੌਰੇ ਦਾ ਸਖ਼ਤ ਵਿਰੋਧ

## ਯੂ.ਐਸ.ਸੀ.ਆਈ.ਆਰ.ਐਫ਼. ਨੇ ਸੰਘ ਆਗੂਆਂ 'ਤੇ ਪਾਬੰਦੀਆਂ ਲਗਾਉਣ ਦੀ ਕੀਤੀ ਮੰਗ

ਰਾਸ਼ਟਰੀ ਸਵੈਮ-ਸੇਵਕ ਸੰਘ ਆਪਣੇ ਸੌ ਸਾਲ ਪੂਰੇ ਹੋਣ ਮੌਕੇ ਪੱਛਮੀ ਮੁਲਕਾਂ—ਵਿਸ਼ੇਸ਼ ਤੌਰ 'ਤੇ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ—ਵਿੱਚ ਆਪਣੀ ਪਹੁੰਚ ਅਤੇ ਸੰਵਾਦ ਦਾ ਦਾਇਰਾ ਵਧਾਉਣ ਲਈ ਵੱਡੇ ਪੱਧਰ 'ਤੇ ਸਰਗਰਮ ਹੋ ਰਿਹਾ ਹੈ। ਸੰਘ ਮੁਖੀ ਮੋਹਨ ਭਾਗਵਤ ਦੀ ਨਿਊਯਾਰਕ ਵਿੱਚ ਹੋਣ ਵਾਲੀ 'ਯੂਨੀਵਰਸਲ ਵਨਨੈੱਸ ਸੈਲੀਬ੍ਰੇਸ਼ਨਜ਼' ਵਰਗੇ ਸਮਾਗਮਾਂ ਵਿੱਚ ਸ਼ਮੂਲੀਅਤ ਨੂੰ ਪ੍ਰਬੰਧਕਾਂ ਵੱਲੋਂ ਭਾਰਤੀ ਪ੍ਰਵਾਸੀਆਂ ਨਾਲ ਸਾਂਝ ਅਤੇ 'ਵਸੁਧੈਵ ਕੁਟੁੰਬਕਮ' ਦੇ ਸੰਕਲਪ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪ੍ਰੰਤੂ ਇਸ ਯਾਤਰਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਅਮਰੀਕੀ ਜ਼ਮੀਨ 'ਤੇ ਉੱਠ ਰਹੀਆਂ ਵਿਰੋਧ ਦੀਆਂ ਤਿੱਖੀਆਂ ਆਵਾਜ਼ਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਕੌਮਾਂਤਰੀ ਪੱਧਰ 'ਤੇ ਸੰਘ ਪਰਿਵਾਰ ਦੇ ਏਜੰਡੇ, ਕਾਰਜਸ਼ੈਲੀ ਅਤੇ ਵਿਚਾਰਧਾਰਾ ਨੂੰ ਲੈ ਕੇ ਡੂੰਘੇ ਸ਼ੰਕੇ ਅਤੇ ਇਤਰਾਜ਼ ਹਨ।

ਇਸ ਵਿਰੋਧ ਦਾ ਸਭ ਤੋਂ ਮੁੱਖ ਅਤੇ ਪ੍ਰਭਾਵਸ਼ਾਲੀ ਕੇਂਦਰ ਅਮਰੀਕੀ ਸੰਘੀ ਸਲਾਹਕਾਰ ਸੰਸਥਾ 'ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ਼੍ਰੀਡਮ' ਬਣ ਕੇ ਸਾਹਮਣੇ ਆਇਆ ਹੈ। ਕਮਿਸ਼ਨ ਦੇ ਅਧਿਕਾਰੀਆਂ ਨੇ ਆਰ.ਐਸ.ਐਸ. ਨੂੰ ਭਾਰਤ ਵਿੱਚ ਧਾਰਮਿਕ ਘੱਟ-ਗਿਣਤੀਆਂ ਦੇ ਅਧਿਕਾਰਾਂ ਦਾ ਵਿਰੋਧ ਕਰਨ ਵਾਲੀ ਇੱਕ ਪ੍ਰਮੁੱਖ ਨਸਲੀ ਜਥੇਬੰਦੀ ਵਜੋਂ ਪਰਿਭਾਸ਼ਿਤ ਕੀਤਾ ਹੈ। ਉਨ੍ਹਾਂ ਨੇ ਅਮਰੀਕੀ ਸਰਕਾਰ ਨੂੰ ਸਿਫ਼ਾਰਸ਼ ਕੀਤੀ ਹੈ ਕਿ ਸੰਘ ਦੇ ਆਗੂਆਂ ਨੂੰ ਕਿਸੇ ਕਿਸਮ ਦਾ ਉੱਚ-ਪੱਧਰੀ ਕੂਟਨੀਤਕ ਸਨਮਾਨ ਜਾਂ ਸਰਕਾਰੀ ਮੰਚ ਨਾ ਦਿੱਤਾ ਜਾਵੇ, ਸਗੋਂ ਧਾਰਮਿਕ ਆਜ਼ਾਦੀ ਦੇ ਕਥਿਤ ਉਲੰਘਣਾ ਲਈ ਜ਼ਿੰਮੇਵਾਰ ਵਿਅਕਤੀਆਂ 'ਤੇ ਪਾਬੰਦੀਆਂ ਲਗਾਈਆਂ ਜਾਣ। ਹਾਲਾਂਕਿ ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ਼੍ਰੀਡਮ ਇੱਕ ਆਜ਼ਾਦ ਸਲਾਹਕਾਰ ਅਦਾਰਾ ਹੈ ਅਤੇ ਇਸ ਦੀਆਂ ਸਿਫ਼ਾਰਸ਼ਾਂ ਅਮਰੀਕੀ ਵਿਦੇਸ਼ ਵਿਭਾਗ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਨਹੀਂ ਹਨ, ਪਰ ਇਹ ਰਿਪੋਰਟਾਂ ਕੌਮਾਂਤਰੀ ਨੀਤੀ-ਘਾੜਿਆਂ ਅਤੇ ਵਿਸ਼ਵ ਮੀਡੀਆ ਵਿੱਚ ਭਾਰਤ ਵਿਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਬਾਰੇ ਬਹਿਸ ਨੂੰ ਤੇਜ਼ ਜ਼ਰੂਰ ਕਰਦੀਆਂ ਹਨ। ਦੂਜੇ ਪਾਸੇ, ਅਮਰੀਕਾ ਵਿੱਚ



ਸਰਗਰਮ ਮਨੁੱਖੀ ਅਧਿਕਾਰ ਸੰਗਠਨ ਜਿਵੇਂ ਕਿ 'ਹਿੰਦੂਜ਼ ਫ਼ਾਰ ਹਿਊਮਨ ਰਾਈਟਸ', 'ਇੰਡੀਅਨ ਅਮੈਰੀਕਨ ਮੁਸਲਿਮ ਕੌਂਸਲ' ਸਮੇਤ ਸਮੂਹ ਪੰਥਕ ਅਤੇ ਘੱਟ-ਗਿਣਤੀ ਧਿਰਾਂ ਇਸ ਯਾਤਰਾ ਦਾ ਜ਼ੋਰਦਾਰ ਵਿਰੋਧ ਕਰ ਰਹੀਆਂ ਹਨ। ਇਨ੍ਹਾਂ ਸੰਗਠਨਾਂ ਦਾ ਦੋਸ਼ ਹੈ ਕਿ 'ਵਿਸ਼ਵ ਏਕਤਾ' ਅਤੇ ਸੱਭਿਆਚਾਰਕ ਸਾਂਝ ਦੇ ਨਾਂਅ ਹੇਠ ਕੀਤੇ ਜਾ ਰਹੇ ਸਮਾਗਮ ਅਸਲ ਵਿੱਚ ਨਸਲਵਾਦੀ ਰਾਜਨੀਤੀ ਨੂੰ ਵਿਸ਼ਵ ਪੱਧਰ 'ਤੇ ਜਾਇਜ਼ ਠਹਿਰਾਉਣ ਦਾ ਜਤਨ ਹਨ। ਪੰਥਕ ਅਤੇ ਹੋਰ ਘੱਟ-ਗਿਣਤੀ ਸੰਗਠਨ ਲੰਮੇ ਸਮੇਂ ਤੋਂ ਇਹ ਵਿਚਾਰ ਪ੍ਰਗਟਾਉਂਦੇ ਆ ਰਹੇ ਹਨ ਕਿ ਸੰਘ ਪਰਿਵਾਰ ਦਾ ਰਾਸ਼ਟਰਵਾਦੀ ਮਾਡਲ ਭਾਰਤ ਦੇ ਸੰਵਿਧਾਨਕ, ਬਹੁ-ਸੱਭਿਆਚਾਰਕ ਅਤੇ ਫੈਡਰਲ ਢਾਂਚੇ ਨੂੰ ਨਜ਼ਰਅੰਦਾਜ਼ ਕਰਕੇ ਸਿੱਖਾਂ, ਮੁਸਲਮਾਨਾਂ, ਈਸਾਈਆਂ ਅਤੇ ਹੋਰ ਹਾਸ਼ੀਆਗ੍ਰਸਿਤ ਭਾਈਚਾਰਿਆਂ ਦੀ ਵਿਲੱਖਣ ਪਛਾਣ ਅਤੇ ਹੱਕਾਂ ਨੂੰ ਜਜ਼ਬ ਕਰਨ ਦਾ ਯਤਨ ਕਰਦਾ ਹੈ।

ਭਾਰਤ ਦੇ ਅੰਦਰੂਨੀ ਸਿਆਸੀ ਹਲਕਿਆਂ ਵਿੱਚ ਵੀ ਇਸ ਦੌਰੇ ਦੇ ਪ੍ਰਬੰਧਾਂ ਨੂੰ ਲੈ ਕੇ ਨਵੀਂ ਬਹਿਸ ਛਿੜ ਗਈ ਹੈ। ਵਿਰੋਧੀ ਪਾਰਟੀਆਂ ਵੱਲੋਂ ਇਹ ਸਵਾਲ ਚੁੱਕੇ ਜਾ ਰਹੇ ਹਨ ਕਿ ਕੀ ਇੱਕ ਗ਼ੈਰ-ਸਰਕਾਰੀ ਅਤੇ ਖ਼ਾਸ ਵਿਚਾਰਧਾਰਕ ਸੰਗਠਨ ਦੇ ਆਗੂ ਦੀ ਵਿਦੇਸ਼ੀ ਮੁਹਿੰਮ ਲਈ ਦੇਸ਼ ਦੇ ਪ੍ਰਮੁੱਖ ਅਕਾਦਮਿਕ ਅਦਾਰਿਆਂ ਜਾਂ ਐਲੂਮਨਾਈ ਨੈੱਟਵਰਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੇ ਇਲਜ਼ਾਮਾਂ ਨੇ ਵਿਵਾਦ ਨੂੰ ਸਿਰਫ਼ ਬਾਹਰੀ ਕੂਟਨੀਤੀ ਤੱਕ ਸੀਮਤ ਨਾ ਰੱਖ ਕੇ ਭਾਰਤੀ ਸੰਸਥਾਵਾਂ ਦੀ ਨਿਰਪੱਖਤਾ ਅਤੇ ਖ਼ੁਦਮੁਖ਼ਤਿਆਰੀ ਦੇ ਸਵਾਲਾਂ ਨਾਲ ਵੀ ਜੋੜ ਦਿੱਤਾ ਹੈ।

ਭਾਰਤ ਸਰਕਾਰ ਦਾ ਪੱਖ ਇਸ ਪੂਰੇ ਮਾਮਲੇ ਵਿੱਚ ਬਿਲਕੁਲ ਸਪੱਸ਼ਟ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਅਮਰੀਕੀ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਪੱਖਪਾਤੀ, ਚੋਣਵੇਂ ਏਜੰਡੇ ਤੋਂ ਪ੍ਰੇਰਿਤ ਅਤੇ ਭਾਰਤ ਦੇ ਗੁੰਝਲਦਾਰ ਸਮਾਜਿਕ ਤਾਣੇ-ਬਾਣੇ ਦੀ ਸਮਝ ਤੋਂ ਕੋਰੀਆਂ ਦੱਸ ਕੇ ਪੂਰੀ ਤਰ੍ਹਾਂ ਰੱਦ ਕੀਤਾ ਹੈ। ਭਾਰਤ ਦਾ ਤਰਕ ਹੈ ਕਿ ਵਿਦੇਸ਼ੀ ਸੰਸਥਾਵਾਂ ਭਾਰਤ ਦੇ ਜੀਵੰਤ ਲੋਕਤੰਤਰ ਅਤੇ ਸੰਵਿਧਾਨਕ ਅਦਾਰਿਆਂ ਦੀ ਤਾਕਤ ਨੂੰ ਨਜ਼ਰਅੰਦਾਜ਼ ਕਰਦੀਆਂ ਹਨ, ਜਦਕਿ ਪੱਛਮੀ ਮੁਲਕਾਂ ਵਿੱਚ ਘੱਟ-ਗਿਣਤੀ ਭਾਰਤੀਆਂ ਅਤੇ ਧਾਰਮਿਕ ਸਥਾਨਾਂ 'ਤੇ ਹੋ ਰਹੇ ਨਫ਼ਰਤੀ ਹਮਲਿਆਂ 'ਤੇ ਅੱਖਾਂ ਮੀਟ ਲੈਂਦੀਆਂ ਹਨ।

# ਕੀ ਅਕਾਲੀ-ਭਾਜਪਾ ਦੀ ਮੁੜ ਨੇੜਤਾ ਬਦਲ ਸਕੇਗੀ ਪੰਜਾਬ ਦਾ ਸਿਆਸੀ ਦ੍ਰਿਸ਼ ?

## ਭਾਜਪਾ ਦੀ 'ਵੱਡੇ ਭਰਾ' ਬਣਨ ਤੇ ਕਾਂਗਰਸ ਨੂੰ ਪਛਾੜਨ ਦੀ ਤਿਆਰੀ, ਬਾਦਲ ਦਲ ਲਈ ਵਜੂਦ ਦੀ ਲੜਾਈ

ਪੰਜਾਬ ਇਸ ਵੇਲੇ ਅਜਿਹੇ ਗੰਭੀਰ ਅਤੇ ਗੁੰਝਲਦਾਰ ਸਿਆਸੀ ਮੋੜ 'ਤੇ ਖੜ੍ਹਾ ਹੈ, ਜਿੱਥੇ ਪੁਰਾਣੇ ਭਾਈਵਾਲਾਂ ਦਰਮਿਆਨ ਮੁੜ-ਸੁਰਜੀਤ ਹੁੰਦੀ ਨੇੜਤਾ ਅਤੇ ਨਵੇਂ ਸਮੀਕਰਨਾਂ ਦੀ ਤਲਾਸ਼ ਨੇ ਸੂਬੇ ਦੇ ਸਮੁੱਚੇ ਮਾਹੌਲ ਨੂੰ ਭਖਾ ਦਿੱਤਾ ਹੈ। ਦਹਾਕਿਆਂ ਤੱਕ ਪੰਜਾਬ ਦੀ ਸੱਤਾ ਵਿੱਚ ਭਾਈਵਾਲ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਸੰਭਾਵੀ ਸਮਝੌਤੇ ਦੀਆਂ ਖ਼ਬਰਾਂ ਲਗਾਤਾਰ ਸੁਰਖ਼ੀਆਂ ਵਿੱਚ ਹਨ। ਇੱਕ ਪਾਸੇ ਜਿੱਥੇ ਸੂਬਾਈ ਭਾਜਪਾ ਆਗੂ 117 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦੇ ਦਾਅਵੇ ਕਰ ਰਹੇ ਹਨ, ਉੱਥੇ ਹੀ ਦੂਜੇ ਪਾਸੇ ਕੇਂਦਰੀ ਪੱਧਰ 'ਤੇ ਚੱਲ ਰਹੀਆਂ ਗੁਪਤ ਮੀਟਿੰਗਾਂ ਅਤੇ ਸਮਝੌਤੇ ਦੀਆਂ ਚਰਚਾਵਾਂ ਸਪੱਸ਼ਟ ਸੰਕੇਤ ਦਿੰਦੀਆਂ ਹਨ ਕਿ ਦਿੱਲੀ ਦਾ ਰੁਖ਼ ਕੁਝ ਵੱਖਰਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਹੋਈਆਂ ਮੁਲਾਕਾਤਾਂ ਅਤੇ ਹੱਦਬੰਦੀ ਬਿੱਲ 'ਤੇ ਅਕਾਲੀ ਦਲ ਵੱਲੋਂ ਕੇਂਦਰ ਦੀ ਹਮਾਇਤ ਨੇ ਇਨ੍ਹਾਂ ਚਰਚਾਵਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ।ਰਵਾਇਤੀ ਤੌਰ 'ਤੇ ਸ਼ਹਿਰੀ ਹਿੰਦੂ ਵੋਟ ਬੈਂਕ ਤੱਕ ਸੀਮਤ ਮੰਨੀ ਜਾਣ ਵਾਲੀ ਭਾਜਪਾ ਹੁਣ ਪੰਜਾਬ ਦੀ ਪੰਥਕ ਰਾਜਨੀਤੀ ਦੇ ਕੇਂਦਰ ਵਿੱਚ ਆਪਣੀ ਥਾਂ ਬਣਾਉਣ ਲਈ ਯਤਨਸ਼ੀਲ ਹੈ। ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਦੌਰਾਨ ਪੈਦਾ ਹੋਏ ਕੁੜੱਤਣ ਭਰੇ ਮਾਹੌਲ ਤੋਂ ਬਾਅਦ ਭਾਜਪਾ ਨੇ ਸਿੱਖ ਮਨਾਂ ਨੂੰ ਜਿੱਤਣ ਲਈ ਕਰਤਾਰਪੁਰ ਲਾਂਘਾ



ਖੋਲ੍ਹਣ, ਵੀਰ ਬਾਲ ਦਿਵਸ ਮਨਾਉਣ ਅਤੇ ਕਈ ਸਿੱਖ ਤੇ ਪੰਥਕ ਚਿਹਰਿਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਵਰਗੇ ਕਦਮ ਚੁੱਕੇ ਸਨ। ਬਾਦਲ ਅਕਾਲੀ ਦਲ ਦੀ ਕਮਜ਼ੋਰ ਪੈ ਰਹੀ ਪੰਥਕ ਪਕੜ ਕਾਰਨ ਕੇਂਦਰ ਸਿੱਧਾ ਸਿੱਖ ਮਾਮਲਿਆਂ ਵਿੱਚ ਆਪਣਾ ਦਖ਼ਲ ਵਧਾ ਕੇ ਇਹ ਸਾਬਤ ਕਰਨਾ ਚਾਹੁੰਦਾ ਹੈ ਕਿ ਉਹ ਪੰਜਾਬ ਦੇ ਪੰਥਕ ਅਤੇ ਧਾਰਮਿਕ ਮੁੱਦਿਆਂ ਤੋਂ ਅਣਜਾਣ ਜਾਂ ਬੇਮੁੱਖ ਨਹੀਂ ਹੈ। ਇਸ ਨੀਤੀ ਦਾ ਮੂਲ ਉਦੇਸ਼ ਪੰਜਾਬ ਵਿੱਚ ਭਾਜਪਾ ਨੂੰ ਕੇਵਲ ਸ਼ਹਿਰੀ ਪਾਰਟੀ ਦੀ ਬਜਾਏ ਇੱਕ ਸਰਬ-ਪ੍ਰਵਾਨਿਤ ਸੂਬਾਈ ਤਾਕਤ ਵਜੋਂ ਸਥਾਪਿਤ ਕਰਨਾ ਹੈ।

ਦੂਜੇ ਪਾਸੇ, ਬਾਦਲ ਅਕਾਲੀ ਦਲ ਲਈ ਭਾਜਪਾ ਨਾਲ ਸਮਝੌਤਾ ਕਰਨਾ ਕਿਸੇ ਰਾਜਨੀਤਿਕ ਬਦਲ ਦੀ ਬਜਾਏ ਆਪਣੀ ਹੋਂਦ ਬਚਾਉਣ ਦੀ ਮਜਬੂਰੀ ਬਣ ਚੁੱਕਾ ਹੈ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਇਲਾਵਾ ਲੋਕ ਸਭਾ ਚੋਣਾਂ ਵਿੱਚ ਮਿਲੀ ਲਗਾਤਾਰ ਹਾਰ ਨੇ ਪਾਰਟੀ ਦੇ ਆਧਾਰ ਨੂੰ ਵੱਡੀ ਸੱਟ ਮਾਰੀ ਸੀ। ਪੇਂਡੂ ਖੇਤਰਾਂ ਵਿੱਚ ਪੰਥਕ ਵੋਟ ਬੈਂਕ ਦਾ ਖ਼ੋਰਾ ਰੋਕਣ ਵਿੱਚ ਅਸਫ਼ਲ ਰਿਹਾ ਅਕਾਲੀ ਦਲ ਚੰਗੀ ਤਰ੍ਹਾਂ ਜਾਣਦਾ ਹੈ ਕਿ ਸ਼ਹਿਰੀ ਹਿੰਦੂ ਵੋਟ ਬੈਂਕ ਦੀ ਸਾਂਝ ਤੋਂ ਬਿਨਾਂ ਸੱਤਾ ਤੱਕ ਪਹੁੰਚਣਾ ਅਸੰਭਵ ਹੈ। ਇਸ ਤੋਂ ਇਲਾਵਾ, ਕੇਂਦਰ ਦੀ ਸੱਤਾਧਾਰੀ ਪਾਰਟੀ ਦਾ ਸਾਥ ਮਿਲਣ ਨਾਲ ਲੀਡਰਸ਼ਿਪ ਨੂੰ ਜਾਂਚ ਏਜੰਸੀਆਂ ਅਤੇ ਸਿਆਸੀ ਦਬਾਅ ਤੋਂ ਰਾਹਤ ਮਿਲਣ ਦੀ ਉਮੀਦ ਵੀ ਬੱਝਦੀ ਹੈ। ਇਸੇ ਕਾਰਨ ਅਕਾਲੀ ਦਲ ਪੁਰਾਣੇ 'ਹਿੰਦੂ-ਸਿੱਖ ਏਕਤਾ' ਦੇ ਨਾਅਰੇ ਦੀ ਆੜ ਹੇਠ ਭਾਜਪਾ ਦੀ ਛਤਰੀ ਹੇਠ ਮੁੜ ਆਉਣ ਲਈ ਉਤਾਵਲਾ ਨਜ਼ਰ ਆ ਰਿਹਾ ਹੈ।ਪੰਜਾਬ ਵਿੱਚ ਭਾਜਪਾ ਦੀ ਰਣਨੀਤੀ ਬਹੁਤ ਡੂੰਘੀ ਅਤੇ ਦੂਰਗਾਮੀ ਹੈ। ਭਾਜਪਾ ਦਾ ਮੁੱਖ ਮਕਸਦ ਸੂਬੇ ਵਿੱਚੋਂ ਕਾਂਗਰਸ ਨੂੰ ਹਾਸ਼ੀਏ 'ਤੇ ਧੱਕਣਾ ਅਤੇ 'ਆਮ ਆਦਮੀ ਪਾਰਟੀ' ਨੂੰ ਕਮਜ਼ੋਰ ਕਰਨਾ ਹੈ। ਦਿੱਲੀ ਵਿੱਚ ਵਾਪਰੇ ਸਿਆਸੀ ਘਟਨਾਕ੍ਰਮ, ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਆਗੂਆਂ 'ਤੇ ਹੋਈਆਂ ਕਾਰਵਾਈਆਂ ਅਤੇ 'ਇੰਡੀਆ' ਗੱਠਜੋੜ ਵਿੱਚੋਂ 'ਆਪ' ਦੇ ਵੱਖ ਹੋਣ ਨੇ ਵਿਰੋਧੀ ਧਿਰਾਂ ਦੇ ਸਮੀਕਰਨ ਬਦਲ ਦਿੱਤੇ ਹਨ। (ਬਾਕੀ ਸਫ਼ਾ 27 'ਤੇ)

# ਵਿਸ਼ਵ ਸੰਘਰਸ਼ਾਂ ਦਰਮਿਆਨ ਪ੍ਰਮਾਣੂ ਯੁੱਧ ਦਾ ਖ਼ਤਰਾ ਵਧਿਆ

## ਪੈਂਟਾਗਨ ਨੇ ਜਾਰੀ ਕੀਤਾ ਅਲਰਟ, ਖੇਤਰੀ ਟਕਰਾਅ ਬਣ ਸਕਦਾ ਹੈ ਵੱਡੀ ਤਬਾਹੀ ਦਾ ਕਾਰਨ

ਵਿਸ਼ਵ ਭੂ-ਰਾਜਨੀਤੀ ਇਸ ਵੇਲੇ ਅਜਿਹੇ ਨਾਜ਼ੁਕ ਅਤੇ ਖ਼ਤਰਨਾਕ ਮੋੜ 'ਤੇ ਪਹੁੰਚ ਚੁੱਕੀ ਹੈ, ਜਿੱਥੇ ਸ਼ੀਤ ਯੁੱਧ ਤੋਂ ਬਾਅਦ ਪਹਿਲੀ ਵਾਰ ਪ੍ਰਮਾਣੂ ਟਕਰਾਅ ਦਾ ਖ਼ਤਰਾ ਸਭ ਤੋਂ ਗੰਭੀਰ ਰੂਪ ਵਿੱਚ ਮੰਡਰਾ ਰਿਹਾ ਹੈ। ਪੈਂਟਾਗਨ ਦੇ ਸੀਨੀਅਰ ਰੱਖਿਆ ਅਧਿਕਾਰੀ ਐਲਬ੍ਰਿਜ ਕੋਲਬੀ ਵੱਲੋਂ 'ਸਟ੍ਰੈਟੇਜਿਕ ਕਮਾਂਡ ਡਿਟਰੈਂਸ ਸਿੰਪੋਜ਼ੀਅਮ' ਦੌਰਾਨ ਦਿੱਤੇ ਗਏ ਤਾਜ਼ਾ ਬਿਆਨਾਂ ਨੇ ਵਿਸ਼ਵ ਭਰ ਦੇ ਸੁਰੱਖਿਆ ਮਾਹਿਰਾਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਪੈਂਟਾਗਨ ਦਾ ਮੰਨਣਾ ਹੈ ਕਿ ਅੱਜ ਦੇ ਦੌਰ ਵਿੱਚ ਅਮਰੀਕਾ ਉੱਤੇ ਕਿਸੇ ਦੇਸ਼ ਵੱਲੋਂ ਸਿੱਧਾ ਅਚਾਨਕ ਪ੍ਰਮਾਣੂ ਹਮਲਾ ਹੋਣ ਦੀ ਸੰਭਾਵਨਾ ਘੱਟ ਹੈ, ਪਰ ਕਿਸੇ ਖੇਤਰੀ ਜਾਂ ਪਰੰਪਰਾਗਤ ਜੰਗ ਦਾ ਬੇਕਾਬੂ ਹੋ ਕੇ ਪ੍ਰਮਾਣੂ ਯੁੱਧ ਵਿੱਚ ਤਬਦੀਲ ਹੋ ਜਾਣਾ ਕਿਤੇ ਵੱਡਾ ਅਤੇ ਅਸਲ ਖ਼ਤਰਾ ਬਣ ਚੁੱਕਾ ਹੈ। ਯੂਕ੍ਰੇਨ ਸੰਕਟ, ਮੱਧ ਪੂਰਬ ਵਿੱਚ ਵਧਦਾ ਤਣਾਅ ਅਤੇ ਤਾਈਵਾਨ ਜਲਡਮਰੂਮੱਧ ਦੇ ਹਾਲਾਤ ਇਸ ਖ਼ਦਸ਼ੇ ਨੂੰ ਹੋਰ ਡੂੰਘਾ ਕਰ ਰਹੇ ਹਨ, ਜਿੱਥੇ ਫੈਸਲੇ ਲੈਣ ਲਈ ਮਿਲਣ ਵਾਲਾ ਬਹੁਤ ਘੱਟ ਸਮਾਂ ਅਤੇ ਇੱਕ ਛੋਟੀ ਜਿਹੀ ਰਣਨੀਤਕ ਗਲਤਫਹਿਮੀ ਪੂਰੀ ਦੁਨੀਆ ਨੂੰ ਤਬਾਹੀ ਵੱਲ ਧੱਕ ਸਕਦੀ ਹੈ।

ਇਸ ਬਦਲਦੇ ਵਿਸ਼ਵ ਵਿਵਸਥਾ ਵਿੱਚ ਅਮਰੀਕਾ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸ਼ੀਤ ਯੁੱਧ ਦੇ ਮੁਕਾਬਲੇ ਦੋ ਮਹਾਂਸ਼ਕਤੀਆਂ—ਰੂਸ ਅਤੇ ਚੀਨ—ਨਾਲ ਇਕੱਠਿਆਂ ਨਜਿੱਠਣ ਦੀ ਹੈ। ਚੀਨ ਵੱਲੋਂ ਆਪਣੀ ਜ਼ਮੀਨੀ, ਹਵਾਈ ਅਤੇ ਸਮੁੰਦਰੀ ਪ੍ਰਮਾਣੂ ਤਾਕਤ ਦਾ ਤੇਜ਼ੀ ਨਾਲ ਕੀਤਾ ਜਾ ਰਿਹਾ ਆਧੁਨਿਕੀਕਰਨ ਅਤੇ ਸੈਂਕੜੇ ਨਵੇਂ ਮਿਜ਼ਾਈਲ ਸਾਈਲੋ ਤਿਆਰ ਕਰਨਾ ਪੈਂਟਾਗਨ ਦੀ ਰੱਖਿਆ ਨੀਤੀ ਨੂੰ ਮੁੜ ਪਰਿਭਾਸ਼ਿਤ ਕਰਨ ਲਈ ਮਜਬੂਰ ਕਰ ਰਿਹਾ ਹੈ। ਅਮਰੀਕਾ ਹੁਣ ਰਵਾਇਤੀ ਅਤੇ ਸੀਮਤ ਪ੍ਰਮਾਣੂ ਵਿਕਲਪਾਂ ਦੇ ਤਾਲਮੇਲ 'ਤੇ ਜ਼ੋਰ ਦੇ ਰਿਹਾ ਹੈ ਤਾਂ ਜੋ ਵੱਡੇ ਯੁੱਧ ਤੋਂ ਬਿਨਾਂ ਦੁਸ਼ਮਣ



ਨੂੰ ਰੋਕਿਆ ਜਾ ਸਕੇ। ਦੂਜੇ ਪਾਸੇ, ਰੂਸ ਅਤੇ ਇਰਾਨ ਨਾਲ ਜੁੜੇ ਤਣਾਅ ਨੇ ਵਿਸ਼ਵ ਊਰਜਾ ਬਾਜ਼ਾਰ ਅਤੇ ਅੰਤਰਰਾਸ਼ਟਰੀ ਸੁਰੱਖਿਆ ਨੂੰ ਪੂਰੀ ਤਰ੍ਹਾਂ ਅਸਥਿਰ ਕਰ ਦਿੱਤਾ ਹੈ, ਜਿਸ ਦਾ ਸਿੱਧਾ ਪ੍ਰਭਾਵ ਸਮੁੱਚੀ ਗਲੋਬਲ ਆਰਥਿਕਤਾ 'ਤੇ ਪੈ ਰਿਹਾ ਹੈ।

ਇਹ ਵਿਸ਼ਵ-ਵਿਆਪੀ ਪ੍ਰਮਾਣੂ ਤਣਾਅ ਭਾਰਤ ਲਈ ਸਿੱਧੇ ਤੌਰ 'ਤੇ ਇੱਕ ਵੱਡੀ ਖ਼ਤਰੇ ਦੀ ਘੰਟੀ ਹੈ। ਭਾਰਤ ਦੁਨੀਆ ਦਾ ਅਜਿਹਾ ਵਿਲੱਖਣ ਦੇਸ਼ ਹੈ ਜਿਸ ਦੇ ਦੋਵੇਂ ਗੁਆਂਢੀ—ਚੀਨ ਅਤੇ ਪਾਕਿਸਤਾਨ—ਪ੍ਰਮਾਣੂ ਸ਼ਕਤੀਆਂ ਹਨ ਅਤੇ ਦੋਵਾਂ ਨਾਲ ਹੀ ਭਾਰਤ ਦੇ ਸਰਹੱਦੀ ਵਿਵਾਦ ਚੱਲ ਰਹੇ ਹਨ। ਪਾਕਿਸਤਾਨ ਵੱਲੋਂ ਛੋਟੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਦੀਆਂ ਧਮਕੀਆਂ ਅਤੇ ਉਸ ਦੀ ਅੰਦਰੂਨੀ ਸਿਆਸੀ-ਆਰਥਿਕ ਅਸਥਿਰਤਾ ਭਾਰਤ ਦੀ ਸਰਹੱਦ ਸੁਰੱਖਿਆ ਲਈ ਹਮੇਸ਼ਾ ਇੱਕ ਗੰਭੀਰ ਜੋਖਮ ਬਣੀ ਰਹਿੰਦੀ ਹੈ। ਦੂਜੇ ਪਾਸੇ, ਚੀਨ ਦੀ ਹਿੰਦ-ਪ੍ਰਸ਼ਾਂਤ ਖੇਤਰ ਅਤੇ ਅਸਲ ਕੰਟਰੋਲ ਰੇਖਾ 'ਤੇ ਵਧਦੀ ਹਮਲਾਵਰਤਾ ਨਵੀਂ ਦਿੱਲੀ ਲਈ 'ਦੋ-ਮੁਹਾਜ਼ੀ ਜੰਗ' ਦੇ ਖ਼ਤਰੇ ਨੂੰ ਹੋਰ ਜਟਿਲ ਬਣਾਉਂਦੀ ਹੈ।ਇਸ ਧਰੁਵੀਕਰਨ ਦੇ ਦੌਰ ਵਿੱਚ ਸਭ ਤੋਂ ਅਹਿਮ ਸਵਾਲ ਇਹ ਉੱਠਦਾ ਹੈ ਕਿ ਕੀ ਭਾਰਤ ਅਮਰੀਕੀ ਖੇਮੇ ਵੱਲ ਝੁਕੇਗਾ ਜਾਂ ਰੂਸ-ਚੀਨ ਗਠਜੋੜ ਵੱਲ ? ਕੌਮਾਂਤਰੀ ਰਣਨੀਤਕ ਮਾਹਿਰਾਂ ਦਾ ਵਿਸ਼ਲੇਸ਼ਣ ਹੈ ਕਿ ਭਾਰਤ ਕਿਸੇ ਇੱਕ ਧੜੇ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਣ ਦੀ ਰਵਾਇਤੀ ਗਲਤੀ ਨਹੀਂ ਕਰੇਗਾ। ਭਾਰਤ ਦੀ ਵਿਦੇਸ਼ ਨੀਤੀ ਦਾ ਧੁਰਾ 'ਰਣਨੀਤਕ ਖ਼ੁਦਮੁਖ਼ਤਿਆਰੀ' ਅਤੇ 'ਮਲਟੀ-ਅਲਾਈਨਮੈਂਟ' ਹੈ। ਚੀਨ ਦੇ ਵਧਦੇ ਦਬਾਅ ਨੂੰ ਸੰਤੁਲਿਤ ਕਰਨ ਲਈ ਭਾਰਤ ਅਮਰੀਕਾ ਅਤੇ 'ਕਵਾਡ' ਦੇਸ਼ਾਂ ਨਾਲ ਰੱਖਿਆ, ਖੁਫੀਆ ਅਤੇ ਤਕਨੀਕੀ ਸਾਂਝੇਦਾਰੀ ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ। ਪਰ ਇਸ ਦੇ ਬਾਵਜੂਦ, ਭਾਰਤ ਰੂਸ ਨਾਲ ਆਪਣੇ ਦਹਾਕਿਆਂ ਪੁਰਾਣੇ ਰੱਖਿਆ ਅਤੇ ਊਰਜਾ ਸਬੰਧਾਂ ਨੂੰ ਤੋੜਨਾ ਨਹੀਂ ਚਾਹੁੰਦਾ, ਕਿਉਂਕਿ ਮਾਸਕੋ ਨਾਲ ਦੂਰੀ ਰੂਸ ਨੂੰ ਪੂਰੀ ਤਰ੍ਹਾਂ ਬੀਜਿੰਗ ਦੇ ਅਧੀਨ ਕਰ ਸਕਦੀ ਹੈ, ਜੋ ਭਾਰਤ ਦੇ ਰਣਨੀਤਕ ਹਿੱਤਾਂ ਦੇ ਵਿਰੁੱਧ ਹੋਵੇਗਾ।

## ਬੀਬੀ ਜਗਦੀਸ਼ ਕੌਰ ਨੇ ਇੰਝ ਲੜੀ ਇਨਸਾਫ਼ ਦੀ ਲੜਾਈ

# 8 ਕਰੋੜ ਦੀ ਰਿਸ਼ਵਤ ਤੇ ਵਿਦੇਸ਼ ਵਸਣ ਦੇ ਲਾਲਚ ਨੂੰ ਮਾਰੀ ਠੋਕਰ

### ➢ ਅੱਖਾਂ ਸਾਹਮਣੇ ਸਾੜੇ ਗਏ ਸਨ ਪਤੀ, ਪੁੱਤ ਤੇ ਤਿੰਨ ਭਰਾ ➢ ਦਰਵਾਜ਼ੇ-ਫ਼ਰਨੀਚਰ ਨਾਲ ਚਿਤਾ ਬਣਾ ਕਰਨਾ ਪਿਆ ਸੀ ਸਸਕਾਰ





ਨਵੰਬਰ 1984 ਦੇ ਖ਼ੂਨੀ ਦਿਨ ਆਜ਼ਾਦ ਭਾਰਤ ਦੇ ਜਮਹੂਰੀ ਇਤਿਹਾਸ ਅਤੇ ਨਿਆਂ ਪ੍ਰਣਾਲੀ ਦੇ ਮੱਥੇ ’ਤੇ ਉਹ ਨਾਸੂਰ ਹਨ, ਜੋ ਚਾਰ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਰਿਸ ਰਹੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ ’ਤੇ ਨਿਹੱਥੇ, ਬੇਕਸੂਰ ਸਿੱਖਾਂ ਦੇ ਕੀਤੇ ਗਏ ਵਹਿਸ਼ੀਆਨਾ ਕਤਲਾਂ ਨੂੰ ਮਹਿਜ਼ ‘ਦੰਗੇ’ ਕਹਿ ਕੇ ਪੇਸ਼ ਕਰਨਾ ਇਤਿਹਾਸ ਨਾਲ ਸਭ ਤੋਂ ਵੱਡੀ ਬੇਇਨਸਾਫ਼ੀ ਅਤੇ ਸਰਕਾਰੀ ਤੰਤਰ ਦੀ ਅਸਫ਼ਲਤਾ ’ਤੇ ਪਰਦਾ ਪਾਉਣ ਦਾ ਕੋਝਾ ਯਤਨ ਹੈ।

ਇਹ ਕੋਈ ਦੋ ਭਾਈਚਾਰਿਆਂ ਦੀ ਆਪਸੀ ਝੜਪ ਨਹੀਂ ਸੀ, ਸਗੋਂ ਹਾਕਮ ਧਿਰ ਦੀ ਸਿਆਸੀ ਸਰਪ੍ਰਸਤੀ, ਪੁਲਿਸ ਪ੍ਰਸ਼ਾਸਨ ਦੀ ਸਿੱਧੀ ਮਿਲੀਭੁਗਤ ਅਤੇ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਨਾਲ ਅੰਜਾਮ ਦਿੱਤਾ ਗਿਆ ਇੱਕ ਯੋਜਨਾਬੱਧ ਸਿੱਖ ਕਤਲੇਆਮ ਅਤੇ ਨਸਲਕੁਸ਼ੀ ਸੀ। ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਕੱਟਦਿਆਂ ਹੋਈ ਮੌਤ ਨੇ ਇੱਕ ਵਾਰ ਫਿਰ ਉਸ ਦਰਦਨਾਕ ਦੌਰ, ਹਜ਼ਾਰਾਂ ਉੱਜੜੇ ਪਰਿਵਾਰਾਂ ਦੇ ਜ਼ਖ਼ਮਾਂ ਅਤੇ ਇਨਸਾਫ਼ ਲਈ ਲੜੀਆਂ ਗਈਆਂ ਔਖੀਆਂ ਲੜਾਈਆਂ ਨੂੰ ਲੋਕ-ਚੇਤਨਾ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ।

ਸੱਜਣ ਕੁਮਾਰ ਦਿੱਲੀ ਦੀ ਸਿਆਸਤ ਵਿੱਚ ਕਾਂਗਰਸ ਪਾਰਟੀ ਦਾ ਇੱਕ ਬੇਹੱਦ ਤਾਕਤਵਰ ਚਿਹਰਾ ਸੀ, ਜਿਸ ਦਾ ਬਾਹਰੀ ਦਿੱਲੀ ਦੇ ਇਲਾਕਿਆਂ ਵਿੱਚ ਵੱਡਾ ਸਿਆਸੀ ਦਬਦਬਾ ਰਿਹਾ। 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਜਦੋਂ ਦਿੱਲੀ ਨੂੰ ਨਫ਼ਰਤ ਦੀ ਅੱਗ ਵਿੱਚ ਝੋਕਿਆ ਗਿਆ, ਤਾਂ ਸੱਜਣ ਕੁਮਾਰ ਵਰਗੇ ਆਗੂਆਂ ’ਤੇ ਭੜਕਾਊ ਭੀੜਾਂ ਦੀ ਅਗਵਾਈ ਕਰਨ, ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰਨ ਅਤੇ ਕਤਲੋ-ਗ਼ਾਰਤ ਦੇ ਖੁੱਲ੍ਹੇ ਹੁਕਮ ਦੇਣ ਦੇ ਗੰਭੀਰ ਦੋਸ਼ ਲੱਗੇ ਸਨ। ਸੱਤਾ ਦੇ ਸਿਖਰਲੇ ਗਲਿਆਰਿਆਂ ਵਿੱਚ ਰਸੂਖ਼ ਹੋਣ ਕਰਕੇ ਦਹਾਕਿਆਂ ਤੱਕ ਕਾਨੂੰਨ ਦੇ ਹੱਥ ਉਸ ਦੇ ਗਲ਼ੇ ਤੱਕ ਨਾ ਪਹੁੰਚ ਸਕੇ। ਪੁਲਿਸ ਵੱਲੋਂ ਜਾਣਬੁੱਝ ਕੇ ਕੇਸਾਂ ਨੂੰ ਕਮਜ਼ੋਰ ਕੀਤਾ ਗਿਆ ਸੀ, ਮੁੱਖ ਗਵਾਹਾਂ ਨੂੰ ਡਰਾਇਆ-ਧਮਕਾਇਆ ਗਿਆ ਸੀ ਅਤੇ ਜਾਂਚ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਠੰਢੇ ਬਸਤੇ ਵਿੱਚ ਪਾਇਆ ਗਿਆ ਸੀ। ਪਰ ਕੁਦਰਤ ਅਤੇ ਕਾਨੂੰਨ ਦੀ ਚੱਕੀ ਭਾਵੇਂ ਹੌਲੀ ਚੱਲੀ, ਪਰ ਆਖ਼ਰਕਾਰ ਦਿੱਲੀ ਹਾਈ ਕੋਰਟ ਨੇ 17 ਦਸੰਬਰ 2018 ਨੂੰ ਹੇਠਲੀ ਅਦਾਲਤ ਵੱਲੋਂ ਉਸ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਉਸ ਦੇ ਸਿਆਸੀ ਹੰਕਾਰ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪਹੁੰਚਾਇਆ ਸੀ।

ਇਸ ਪੂਰੇ ਕਤਲੇਆਮ ਦੇ ਦਰਦ ਅਤੇ ਕਾਨੂੰਨੀ ਸੰਘਰਸ਼ ਦਾ ਸਭ ਤੋਂ ਵੱਡੀ ਨਾਇਕਾ ਅੰਮ੍ਰਿਤਸਰ ਨਾਲ ਸਬੰਧਿਤ ਬੀਬੀ ਜਗਦੀਸ਼ ਕੌਰ ਹੈ। ਉਸ ਦੇ ਪਰਿਵਾਰ ਦੀ ਜੜ੍ਹ ਮੁਲਤਾਨ (ਪਾਕਿਸਤਾਨ) ਵਿੱਚ ਸੀ, ਜੋ 1947 ਦੀ ਖ਼ੂਨੀ ਵੰਡ ਵੇਲੇ ਸਭ ਕੁਝ ਗੁਆ ਕੇ ਭਾਰਤ ਆਈ ਅਤੇ ਦਿੱਲੀ ਦੇ ਪਾਲਮ ਖੇਤਰ ਅਧੀਨ ਰਾਜ ਨਗਰ ਵਿੱਚ ਆਪਣੀ ਮਿਹਨਤ ਨਾਲ ਮੁੜ ਜ਼ਿੰਦਗੀ ਖੜ੍ਹੀ ਕੀਤੀ ਸੀ। ਬੀਬੀ ਜਗਦੀਸ਼ ਕੌਰ ਦਾ ਪਿਛੋਕੜ ਦੇਸ਼ ਭਗਤੀ ਨਾਲ ਓਤ-ਪੋਤ ਸੀ; ਉਸ ਦੇ ਪਿਤਾ ਇੱਕ ਆਜ਼ਾਦੀ ਘੁਲਾਟੀਏ ਸਨ ਅਤੇ ਪਤੀ ਕੇਹਰ ਸਿੰਘ ਭਾਰਤੀ ਫ਼ੌਜ ਵਿੱਚ ਗੰਨ-ਫ਼ਿਟਰ ਵਜੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਰਹੇ ਸਨ। ਉਸ ਦਾ ਪਰਿਵਾਰ ਪੀੜ੍ਹੀਆਂ ਤੋਂ ਕਾਂਗਰਸ ਪਾਰਟੀ ਦਾ ਵਫ਼ਾਦਾਰ ਸਮਰਥਕ ਰਿਹਾ ਸੀ। ਪਰ 1 ਨਵੰਬਰ 1984 ਦੀ ਸਵੇਰ ਨੇ ਸਾਬਤ ਕਰ ਦਿੱਤਾ ਕਿ ਨਫ਼ਰਤ ਨਾਲ ਅੰਨ੍ਹੀ ਹੋਈ ਭੀੜ ਲਈ ਨਾ ਤਾਂ ਉਨ੍ਹਾਂ ਦੀ ਦੇਸ਼ ਭਗਤੀ ਦੀ ਕੋਈ ਅਹਿਮੀਅਤ ਸੀ ਅਤੇ ਨਾ ਹੀ ਸਿਆਸੀ ਵਫ਼ਾਦਾਰੀ ਦੀ; ਉਨ੍ਹਾਂ ਦਾ ਇੱਕੋ-ਇੱਕ ਕਸੂਰ ਇਹ ਸੀ ਕਿ ਉਹ ਸਿੱਖ ਸਨ।

1 ਨਵੰਬਰ 1984 ਦੀ ਸਵੇਰ ਨੂੰ ਜਦੋਂ ਕਾਂਗਰਸੀ ਆਗੂਆਂ ਦੀ ਅਗਵਾਈ ਹੇਠ ਹਥਿਆਰਬੰਦ ਹਮਲਾਵਰ ਸਿੱਖਾਂ ਦੇ ਘਰਾਂ ਦੀਆਂ ਸੂਚੀਆਂ ਲੈ ਕੇ ਰਾਜ ਨਗਰ ਵਿੱਚ ਦਾਖ਼ਲ ਹੋਏ, ਤਾਂ ਬੀਬੀ ਜਗਦੀਸ਼ ਕੌਰ ਦੇ ਹੱਸਦੇ-ਵੱਸਦੇ ਸੰਸਾਰ ’ਤੇ ਕਹਿਰ ਟੁੱਟ ਪਿਆ ਸੀ। ਹਮਲਾਵਰਾਂ ਨੇ ਉਨ੍ਹਾਂ ਦੇ ਘਰ ਦੇ ਦਰਵਾਜ਼ੇ ਤੋੜ ਦਿੱਤੇ ਸਨ ਅਤੇ ਉਨ੍ਹਾਂ ਦੇ ਪਤੀ ਕੇਹਰ ਸਿੰਘ ਨੂੰ ਡਰਾਇੰਗ ਰੂਮ ਵਿੱਚ ਹੀ ਬੇਰਹਿਮੀ ਨਾਲ ਕੁੱਟ-ਕੁੱਟ ਕੇ ਕਤਲ ਕਰ ਦਿੱਤਾ ਸੀ। ਇਸ ਦੌਰਾਨ ਉਨ੍ਹਾਂ ਦੇ 18 ਸਾਲਾ ਨੌਜਵਾਨ ਪੁੱਤਰ ਗੁਰਪ੍ਰੀਤ ਸਿੰਘ ਨੇ ਜਾਨ ਬਚਾਉਣ ਲਈ ਬਾਹਰ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਬਾਹਰ ਖੜ੍ਹੀ ਖ਼ੂਨ ਦੀ ਪਿਆਸੀ ਭੀੜ ਨੇ ਉਸ ਨੂੰ ਚਾਰੇ ਪਾਸਿਓਂ ਘੇਰ ਲਿਆ ਸੀ। ਮਾਂ ਦੀਆਂ ਅੱਖਾਂ ਦੇ ਸਾਹਮਣੇ ਉਸ ਦੇ ਜਵਾਨ ਪੁੱਤ ’ਤੇ ਮਿੱਟੀ ਦਾ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਗਿਆ ਸੀ। ਉਹ ਮਾਸੂਮ ਪੁੱਤਰ ਸੜਕ ਵਿਚਕਾਰ ਤੜਫ਼ਦਾ ਰਿਹਾ, ਮਾਂ ਕੋਲੋਂ ਪਾਣੀ ਮੰਗਦਾ ਰਿਹਾ ਅਤੇ ਆਖ਼ਰ ਸਹਿਕ-ਸਹਿਕ ਕੇ ਉਸ ਨੇ ਆਪਣੀ ਮਾਂ ਦੀ ਗੋਦ ਵਿੱਚ ਦਮ ਤੋੜ ਦਿੱਤਾ।

ਜ਼ੁਲਮ ਦੀ ਇਹ ਦਾਸਤਾਨ ਇੱਥੇ ਹੀ ਖ਼ਤਮ ਨਹੀਂ ਹੋਈ। ਅਗਲੇ ਦਿਨ, 2 ਨਵੰਬਰ ਨੂੰ, ਗੁਆਂਢੀਆਂ ਦੇ ਘਰ ਛੁਪੇ ਉਨ੍ਹਾਂ ਦੇ ਤਿੰਨ ਭਰਾਵਾਂ ਨੂੰ ਹਮਲਾਵਰਾਂ ਨੇ ਲੱਭ ਲਿਆ। ਜਿਵੇਂ ਹੀ ਉਹ ਜਾਨ ਬਚਾਉਣ ਲਈ ਬਾਹਰ ਨਿਕਲੇ, ਭਾਗਮਲ ਅਤੇ ਗਿਰਧਾਰੀ ਵਰਗੇ ਗੁੰਡਿਆਂ ਨੇ ਰੌਲਾ ਪਾ ਕੇ ਉਨ੍ਹਾਂ ਨੂੰ ਘੇਰ ਲਿਆ ਸੀ। ਉਨ੍ਹਾਂ ਨੂੰ ਡਾਂਗਾਂ-ਸੋਟਿਆਂ ਨਾਲ ਅੱਧਮੋਇਆ ਕਰਨ ਤੋਂ ਬਾਅਦ ਜਗਦੀਸ਼ ਕੌਰ ਦੇ ਘਰ ਦੇ ਮੁੱਖ ਦਰਵਾਜ਼ੇ ਅੱਗੇ ਹੀ ਜਿਉਂਦਿਆਂ ਸਾੜ ਦਿੱਤਾ ਗਿਆ ਸੀ। ਰਾਜਧਾਨੀ ਵਿੱਚ ਕਾਨੂੰਨ ਵਿਵਸਥਾ ਦਾ ਇਹ ਆਲਮ ਸੀ ਕਿ ਤਿੰਨ ਦਿਨਾਂ ਤੱਕ ਪਤੀ, ਪੁੱਤ ਅਤੇ ਭਰਾਵਾਂ ਦੀਆਂ ਲਾਸ਼ਾਂ ਘਰ ਵਿੱਚ ਹੀ ਪਈਆਂ ਸੜਦੀਆਂ ਰਹੀਆਂ। ਪ੍ਰਸ਼ਾਸਨ ਜਾਂ ਪੁਲਿਸ ਵੱਲੋਂ ਕੋਈ ਮਦਦ ਨਾ ਮਿਲਣ ’ਤੇ ਬੀਬੀ ਜਗਦੀਸ਼ ਕੌਰ ਨੂੰ ਘਰ ਦੇ ਫ਼ਰਨੀਚਰ, ਲੱਕੜ ਦੇ ਦਰਵਾਜ਼ਿਆਂ ਅਤੇ ਤਖ਼ਤਿਆਂ ਨਾਲ ਚਿਤਾ ਬਣਾ ਕੇ ਆਪਣਿਆਂ ਦਾ ਅੰਤਿਮ ਸਸਕਾਰ ਆਪਣੇ ਹੱਥੀਂ ਕਰਨਾ ਪਿਆ ਸੀ।

ਇਸ ਕਤਲੇਆਮ ਦਾ ਸਭ ਤੋਂ ਵੱਧ ਸ਼ਰਮਨਾਕ ਅਤੇ ਘਿਣਾਉਣਾ ਪਹਿਲੂ ਦਿੱਲੀ ਪੁਲਿਸ ਅਤੇ ਪ੍ਰਸ਼ਾਸਨ ਦੀ ਸਿੱਧੀ ਭਾਈਵਾਲੀ ਸੀ। ਅਦਾਲਤ ਵਿੱਚ ਦਰਜ ਗਵਾਹੀ ਅਨੁਸਾਰ ਜਦੋਂ ਜਗਦੀਸ਼ ਕੌਰ ਆਪਣੀ ਸ਼ਿਕਾਇਤ ਲੈ ਕੇ ਪੁਲਿਸ ਚੌਕੀ ਪਹੁੰਚੀ, ਤਾਂ ਉੱਥੇ ਸੱਜਣ ਕੁਮਾਰ ਪੁਲਿਸ ਦੀ ਜੀਪ ਉੱਤੇ ਖੜ੍ਹਾ ਹੋ ਕੇ ਸ਼ਰ੍ਹੇਆਮ ਐਲਾਨ ਕਰ ਰਿਹਾ ਸੀ ਕਿ ਇੱਕ ਵੀ ਸਿੱਖ ਬਚਣਾ ਨਹੀਂ ਚਾਹੀਦਾ ਅਤੇ ਜਿਨ੍ਹਾਂ ਹਿੰਦੂਆਂ ਨੇ ਸਿੱਖਾਂ ਨੂੰ ਸ਼ਰਨ ਦਿੱਤੀ ਹੈ, ਉਨ੍ਹਾਂ ਨੂੰ ਵੀ ਮਾਰ ਦਿੱਤਾ ਜਾਵੇ। (**ਬਾਕੀ ਸਫ਼ਾ 27 ’ਤੇ**)

## ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਦਾ ਮਾਮਲਾ

# ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਦੋ ਹਫ਼ਤੇ ’ਚ ਜਵਾਬ ਦੇਣ ਦਾ ਹੁਕਮ

ਨਵੀਂ ਦਿੱਲੀ/ਏ.ਟੀ.ਨਿਊਜ਼ः ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਉੱਤੇ ਕੇਂਦਰ ਸਰਕਾਰ ਨੂੰ ਦੋ ਹਫ਼ਤਿਆਂ ਵਿੱਚ ਜਵਾਬ ਦੇਣ ਲਈ ਕਿਹਾ ਹੈ। ਰਾਜੋਆਣਾ ਨੇ ਆਪਣੀ ਰਹਿਮ ਦੀ ਅਪੀਲ ਉੱਤੇ ਫੈਸਲਾ ਕਰਨ ਵਿੱਚ ਬੇਲੋੜੀ ਦੇਰੀ ਕਾਰਨ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਹੈ। ਰਾਜੋਆਣਾ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿੱਚ ਹੈ, ਜਿਸ ਵਿੱਚੋਂ 15 ਸਾਲ ਉਸ ਨੇ ਮੌਤ ਦੀ ਸਜ਼ਾ ਵਾਲੀ ਕਾਲ ਕੋਠੜੀ ਵਿੱਚ ਬਿਤਾਏ ਹਨ।

ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਤੇ ਜਸਟਿਸ ਵਿਜੈ ਬਿਸ਼ਨੋਈ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਵਕੀਲ ਨੂੰ ਸਵਾਲ ਕੀਤਾ, “ਤੁਸੀਂ ਅਜੇ ਤੱਕ ਜਵਾਬ ਦਾਅਵਾ ਹਲਫ਼ਨਾਮਾ ਕਿਉਂ ਨਹੀਂ ਦਾਖਲ ਕੀਤਾ ?” ਸਰਕਾਰੀ ਵਕੀਲ ਨੇ ਕਿਹਾ ਕਿ ਉਹ ਸੀਲਬੰਦ ਲਿਫ਼ਾਫੇ ਵਿੱਚ ਕੁਝ ਦਸਤਾਵੇਜ਼ ਕੋਰਟ ਅੱਗੇ ਰੱਖਣਾ ਚਾਹੁੰਦੇ ਹਨ। ਬੈਂਚ ਨੇ ਕਿਹਾ, “ਤੁਸੀਂ ਹਲਫ਼ਨਾਮੇ ਦੇ ਰੂਪ ’ਚ ਆਪਣਾ ਜਵਾਬ ਦਾਅਵਾ ਦਾਖ਼ਲ ਕਰੋ, ਨਹੀਂ ਤਾਂ ਰਾਜੋਆਣਾ ਦੇ ਦੋਸ਼ਾਂ ਨੂੰ ਨਿਰਵਿਵਾਦ ਮੰਨਿਆ ਜਾਵੇਗਾ। ਤੁਸੀਂ ਜੋ ਕੁਝ ਵੀ ਕਹਿਣਾ ਚਾਹੁੰਦੇ ਹੋ, ਉਸ ਲਈ ਹਲਫ਼ਨਾਮਾ ਦਾਖਲ ਕਰੋ।”

ਰਾਜੋਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2012 ਵਿੱਚ ਪਟੀਸ਼ਨਰ ਵੱਲੋਂ ਦਾਖ਼ਲ ਰਹਿਮ ਦੀ ਅਪੀਲ ਅਜੇ ਵੀ ਬਕਾਇਆ ਪਈ ਹੈ। ਉਨ੍ਹਾਂ ਕਿਹਾ ਕਿ ਸਰਬਉੱਚ ਕੋਰਟ ਨੇ 2023 ਵਿੱਚ ਕਿਹਾ ਸੀ ਕਿ ਅਧਿਕਾਰੀਆਂ ਨੂੰ ਰਹਿਮ ਦੀ ਅਪੀਲ ’ਤੇ ਫੈਸਲਾ ਕਰਨਾ ਚਾਹੀਦਾ ਹੈ। ਰੋਹਤਗੀ ਨੇ ਸੁਪਰੀਮ ਕੋਰਟ ਦੇ ਪਿਛਲੇ ਸਾਲ 24 ਸਤੰਬਰ ਦੇ ਹੁਕਮਾਂ ਦਾ ਵੀ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਇਸ ਮਾਮਲੇ ਵਿੱਚ ਸੁਣਵਾਈ ਅੱਗੇ ਪਾਉਣ ਦੀ ਪ੍ਰਤੀਵਾਦੀਆਂ ਦੀ ਕਿਸੇ ਵੀ ਹੋਰ ਬੇਨਤੀ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਬੈਂਚ ਨੇ ਕੇਂਦਰ ਸਰਕਾਰ ਦੇ ਵਕੀਲ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਦੋ ਹਫ਼ਤਿਆਂ ਦੀ ਮੋਹਲਤ ਦਿੰਦਿਆਂ ਸਾਫ਼ ਕਰ ਦਿੱਤਾ ਕਿ ਇਸ ਤੋਂ ਬਾਅਦ ਹੋਰ ਸਮਾਂ ਨਹੀਂ ਮਿਲੇਗਾ।



ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ 31 ਅਗਸਤ 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਦਾਖ਼ਲਾ ਗੇਟ ਉੱਤੇ ਹੋਏ ਧਮਾਕੇ ਵਿੱਚ ਮਾਰੇ ਗਏ ਸਨ। ਵਿਸ਼ੇਸ਼ ਕੋਰਟ ਨੇ ਰਾਜੋਆਣਾ ਨੂੰ ਜੁਲਾਈ 2007 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਸੁਪਰੀਮ ਕੋਰਟ ਨੇ 3 ਮਈ 2023 ਨੂੰ ਉਸ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਸਮਰੱਥ ਅਥਾਰਿਟੀ ਹੀ ਰਹਿਮ ਦੀ ਅਪੀਲ ਬਾਰੇ ਫੈਸਲਾ ਲੈ ਸਕਦੀ ਹੈ। ਰਾਜੋਆਣਾ ਨੇ 2024 ਵਿੱਚ ਦਾਇਰ ਪਟੀਸ਼ਨ ਵਿੱਚ ਦਾਅਵਾ ਕੀਤਾ ਸੀ ਕਿ ਉਹ 28 ਸਾਲ ਅੱਠ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ, ਜਿਸ ਵਿੱਚੋਂ 15 ਸਾਲ ਤੋਂ ਵੱਧ ਸਮਾਂ ਉਸ ਨੇ ਮੌਤ ਦੀ ਸਜ਼ਾ ਉਡੀਕਦਿਆਂ ਕਾਲ ਕੋਠੜੀ ’ਚ ਬਿਤਾਇਆ ਹੈ। ਸ਼੍ਰੋਮਣੀ ਕਮੇਟੀ ਨੇ ਮਾਰਚ 2012 ਵਿੱਚ ਧਾਰਾ 72 ਤਹਿਤ ਰਹਿਮ ਦੀ ਅਪੀਲ ਵੱਖਰੇ ਤੌਰ ’ਤੇ ਦਾਖ਼ਲ ਕੀਤੀ ਸੀ।

# ਗੁ. ਸੈਂਟਾ ਕਲਾਰਾ ਵਿਖੇ ਗੁਰੂ ਨਾਨਕ ਵਿਆਹ ਪੁਰਬ ਸਬੰਧੀ ਕਵੀ ਦਰਬਾਰ ਆਯੋਜਿਤ











ਸੈਨਹੋਜ਼ੇ/ਏ.ਟੀ.ਨਿਊਜ਼ः ਲੰਘੇ ਦਿਨੀਂ ਸੈਂਟਾ ਕਲਾਰਾ ਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵੱਲੋਂ ਅਤੇ ਭਾਈ ਨਿਰਮਲ ਸਿੰਘ ਸੂਰਾ ਦੇ ਜਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਇਸ ਮੌਕੇ ਸਥਾਨਕ ਕਵੀਆਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਬੰਧੀ ਕਵੀ ਦਰਬਾਰ ਵੀ ਸਜਾਇਆ। ਮੰਚ ਸੰਚਾਲਨ ਕਰਦਿਆਂ ਤਰਲੋਚਨ ਸਿੰਘ ਦੁਪਾਲਪੁਰ ਨੇ ਸੰਕੋਚਵੇਂ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਬਟਾਲ਼ੇ ਵਿਖੇ ਹੋਏ ਵਿਆਹ ਸਬੰਧੀ ਇਤਹਾਸ ਸਰਵਣ ਕਰਾਇਆ ਕਿ ਕਿਵੇਂ ਉਸ ਮੌਕੇ ਗੁਰੂ ਸਾਹਿਬ ਨੂੰ ਕੱਚੀ ਕੰਧ ਦੇ ਲਾਗੇ ਬਿਠਾਇਆ ਗਿਆ ਸੀ।

ਇਸ ਪ੍ਰਸੰਗ ਦੀ ਹੋਰ ਕਵੀਆਂ ਨੇ ਵੱਖ ਵੱਖ ਕਵਿਤਾਵਾਂ ਰਾਹੀਂ ਸੰਗਤ ਦੀ ਭਾਵਪੂਰਤ ਢੰਗ ਨਾਲ ਸਾਂਝ ਪੁਆਈ। ਕਵੀ ਤਰਸੇਮ ਸਿੰਘ ‘ਸੁੰਮਨ’ ਨੇ ਸਿੱਠਣੀਆਂ, ਬੀਬੀ ਬਲਵਿੰਦਰ ਕੌਰ ਹੰਸਰਾ ਨੇ ਕੱਚੀ ਕੰਧ ਨੂੰ ਗੁਰੂ ਸਾਹਿਬ ਵੱਲੋਂ ਯੁੱਗਾਂ ਯੁੱਗਾਂ ਤੱਕ ਪੱਕੀ ਰਹਿਣ ਦੇ ਵਰ ਅਤੇ ਭਾਈ ਅਮਰਜੀਤ ਸਿੰਘ ਇਬਰਾਹੀਮ ਪੁਰ ਨੇ ਵੀ ਬਟਾਲ਼ੇ ਵਿਖੇ ਮਨਾਏ ਜਾਂਦੇ ਵਿਆਹ ਪੁਰਬ ਮੌਕੇ ਮਨਾਏ ਜਾਂਦੇ ਜੋੜ ਮੇਲੇ ਦੀ ਉਪਮਾਂ ਬਿਆਨ ਕੀਤੀ। ਤਰਲੋਚਨ ਸਿੰਘ ਦੁਪਾਲ ਪੁਰ ਨੇ ਵੀ ਅਖੀਰ ਵਿੱਚ ਗੁਰੂ ਨਾਨਕ ਫਲਸਫੇ ਬਾਰੇ ਇੱਕ ਕਵਿਤਾ ਨਾਲ ਹਾਜ਼ਰੀ ਲਾਈ।

ਸਮਾਪਤੀ ਮੌਕੇ ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਨੇ ਗੁਰਦੁਆਰੇ ਦੀ ਬਣ ਰਹੀ ਨਵੀਂ ਇਮਾਰਤ ਦੀ ਸੇਵਾ ਵਿੱਚ ਹਿੱਸਾ ਪਾਉਣ ਦੀ ਅਪੀਲ ਕੀਤੀ ਅਤੇ ਭਾਈ ਬਲਕਾਰ ਸਿੰਘ ਨੇ ਕਵੀ ਜਨਾਂ ਅਤੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ!

### ਐਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਲਿਆ ਫ਼ੈਸਲਾ

# ਸ਼੍ਰੋਮਣੀ ਕਮੇਟੀ ਵੱਲੋਂ ਖਾਲੜਾ ਦੀ ਯਾਦ 'ਚ ਹਰੀਕੇ ਪੱਤਣ ਵਿੱਚ ਯਾਦਗਾਰ ਬਣਾਉਣ ਦੀ ਮਨਜ਼ੂਰੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਚੜ੍ਹਦੀ ਕਲਾ ਲਈ ਸਾਰੇ ਗੁਰਦੁਆਰਿਆਂ ਵਿੱਚ 29 ਅਗਸਤ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਰਦਾਸ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਲੰਘੇ ਦਿਨੀਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਹਰੀਕੇ ਪੱਤਣ ਵਿਚ ਇੱਕ ਯਾਦਗਾਰ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਐਸਜੀਪੀਸੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਹੈ, ਜਿਸ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ।



ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਹਰੀਕੇ ਪੱਤਣ ਵਿਖੇ ਇਹ ਯਾਦਗਾਰ ਬਣਾਉਣ ਦਾ ਫੈਸਲਾ ਹਾਲ ਹੀ ਵਿੱਚ ਉੱਥੇ ਹੋਏ ਇੱਕ ਸਮਾਗਮ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਲਿਆ ਗਿਆ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਕੰਮ ਲਈ ਜਲਦੀ ਹੀ ਇੱਕ ਢੁਕਵੀਂ ਜਗ੍ਹਾ ਦੀ ਪਛਾਣ ਕਰਕੇ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।ਮੀਟਿੰਗ ਦੌਰਾਨ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਭਾਈ ਗੁਰਦਾਸ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਯਾਦਗਾਰੀ ਸਥਾਨ ਉਸਾਰਨ ਦੀਆਂ ਯੋਜਨਾਵਾਂ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਧਾਮੀ ਨੇ ਦੱਸਿਆ ਕਿ ਇਹ ਦੋਵੇਂ ਯਾਦਗਾਰਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੇ ਦੋਹਾਂ ਪਾਸਿਆਂ 'ਤੇ ਬਣਾਈਆਂ ਜਾਣਗੀਆਂ, ਕਿਉਂਕਿ ਇਨ੍ਹਾਂ ਦੋਵਾਂ ਮਹਾਨ ਸ਼ਖ਼ਸੀਅਤਾਂ ਨੇ ਸਿੱਖ ਇਤਿਹਾਸ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਈ ਸੀ ਅਤੇ ਦਰਬਾਰ ਸਾਹਿਬ ਵਿਖੇ ਆਪਣੀਆਂ ਮਹਾਨ ਸੇਵਾਵਾਂ ਨਿਭਾਈਆਂ ਸਨ।

ਇਸ ਤੋਂ ਇਲਾਵਾ ਕਮੇਟੀ ਨੇ ਸਿੱਖ ਬੰਦੀਆਂ ਦੀ ਰਿਹਾਈ ਲਈ ਦੇਸ਼ ਭਰ ਦੇ ਗੁਰਦੁਆਰਿਆਂ ਵਿੱਚ ਮਿਲ ਕੇ ਅਰਦਾਸ ਕਰਨ ਦਾ ਫੈਸਲਾ ਕੀਤਾ ਹੈ। ਇਸ ਤਹਿਤ 29 ਅਗਸਤ ਨੂੰ ਸਾਰੇ ਗੁਰਦੁਆਰਿਆਂ ਵਿੱਚ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ ਅਖੰਡ ਪਾਠ ਦੇ ਭੋਗ ਪਾ ਕੇ ਸਮੂਹਿਕ ਅਰਦਾਸ ਕੀਤੀ ਜਾਵੇਗੀ ਅਤੇ ਅਜਿਹੀਆਂ ਅਰਦਾਸਾਂ ਐਸ.ਜੀ.ਪੀ.ਸੀ. ਦੇ ਅਧੀਨ ਚੱਲ ਰਹੇ ਵਿਦਿਅਕ ਅਦਾਰਿਆਂ ਤੇ ਟਰੱਸਟਾਂ ਵਿੱਚ ਵੀ ਕੀਤੀਆਂ ਜਾਣਗੀਆਂ।

**ਸਿੱਖ ਬੰਦੀਆਂ ਦੀ ਰਿਹਾਈ 'ਤੇ ਚਰਚਾ**

ਅੰਤਰਿੰਗ ਕਮੇਟੀ ਦੀ ਇਸ ਮੀਟਿੰਗ ਵਿੱਚ ਕਾਂਗਰਸੀ ਨੇਤਾਵਾਂ ਵੱਲੋਂ ਮਰਹੂਮ ਆਗੂ ਸੱਜਣ ਕੁਮਾਰ ਦੀ ਮੌਤ ਤੋਂ ਬਾਅਦ ਉਸ ਦੀ ਪ੍ਰਸ਼ੰਸਾ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ। ਪ੍ਰਧਾਨ ਧਾਮੀ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਸੀ ਅਤੇ ਉਨ੍ਹਾਂ ਕਾਂਗਰਸ ਪਾਰਟੀ ਦੀ ਇਸ ਗੱਲੋਂ ਸਖ਼ਤ ਆਲੋਚਨਾ ਕੀਤੀ ਕਿ ਅਜਿਹੇ ਲੋਕਾਂ ਨੂੰ ਸਿਆਸੀ ਅਹੁਦਿਆਂ ਨਾਲ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ।

ਇਸ ਦੇ ਨਾਲ ਹੀ ਕਮੇਟੀ ਨੇ ਜਗਤਾਰ ਸਿੰਘ ਹਵਾਰਾ ਨੂੰ ਉਨ੍ਹਾਂ ਦੀ ਗੰਭੀਰ ਬਿਮਾਰ ਅਤੇ ਬਜ਼ੁਰਗ ਮਾਂ ਨੂੰ ਮਿਲਣ ਲਈ ਤੁਰੰਤ ਪੈਰੋਲ ਦੇਣ ਦੀ ਮੰਗ ਵੀ ਕੀਤੀ ਹੈ।

ਸਰਕਾਰ ਵੱਲੋਂ ਪੈਰੋਲ ਦੀ ਅਰਜ਼ੀ 'ਤੇ ਅਪਣਾਏ ਗਏ ਰਵੱਈਏ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਕੈਦੀਆਂ ਦੇ ਮਾਮਲੇ ਵਿੱਚ ਲਗਾਤਾਰ ਸਰਕਾਰਾਂ ਵੱਲੋਂ ਬੇਇਨਸਾਫੀ ਕੀਤੀ ਜਾ ਰਹੀ ਹੈ। ਉਨ੍ਹਾਂ ਬਲਵੰਤ ਸਿੰਘ ਰਾਜੋਆਣਾ ਦੀ ਲੰਬੇ ਸਮੇਂ ਤੋਂ ਲੰਬਿਤ ਪਈ ਰਹਿਮ ਦੀ ਅਪੀਲ ਅਤੇ ਸਜ਼ਾ ਘਟਾਉਣ ਦੇ ਮਾਮਲੇ ਨੂੰ ਵੀ ਉਠਾਇਆ।

# ਗੁਰਬਾਣੀ ਦੇ ਯੂ-ਟਿਊਬ ਪ੍ਰਸਾਰਨ 'ਚ 'ਜਾਣਬੁੱਝ ਕੇ' ਵਿਘਨ ਪਾਇਆ ਜਾ ਰਿਹੈ : ਰਬਿੰਦਰ ਨਰਾਇਣ

### ਸ਼੍ਰੋਮਣੀ ਕਮੇਟੀ ਵੱਲੋਂ ਜੀ.ਟੀ.ਸੀ. ਚੈਨਲ ਵੱਲੋਂ ਲਗਾਏ ਗਏ ਦੋਸ਼ਾਂ ਦਾ ਖੰਡਨ

ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਨੂੰ ਲੈ ਕੇ ਇੱਕ ਵਾਰ ਫਿਰ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਜੀ.ਟੀ.ਸੀ. ਨੈੱਟਵਰਕ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰਤ ਯੂ-ਟਿਊਬ ਚੈਨਲ ਦੇ ਪ੍ਰਸਾਰਨ ਵਿੱਚ ਜਾਣਬੁੱਝ ਕੇ ਕਾਲੀਆਂ ਸਕ੍ਰੀਨਾਂ ਪਾ ਕੇ ਅਤੇ ਆਵਾਜ਼ ਬੰਦ (ਮਿਊਟ) ਕਰਕੇ ਵਿਘਨ ਪਾਇਆ ਜਾ ਰਹਾ ਹੈ, ਜਦੋਂ ਕਿ ਦੂਜੇ ਪਾਸੇ 'ਪੀ.ਟੀ.ਸੀ. ਨੈੱਟਵਰਕ' ਉੱਤੇ ਇਹ ਪ੍ਰਸਾਰਨ ਬਿਨਾਂ ਕਿਸੇ ਰੁਕਾਵਟ ਤੋਂ ਬਿਲਕੁਲ ਸਾਫ਼ ਚੱਲ ਰਿਹਾ ਹੈ।

ਜੀ.ਟੀ.ਸੀ. ਨੈੱਟਵਰਕ ਦੇ ਮੈਨੇਜਿੰਗ ਡਾਇਰੈਕਟਰ ਰਬਿੰਦਰ ਨਰਾਇਣ ਨੇ ਸ਼੍ਰੋਮਣੀ ਕਮੇਟੀ ਨੂੰ ਭੇਜੇ ਇੱਕ ਸਖ਼ਤ ਪੱਤਰ ਵਿੱਚ ਦਾਅਵਾ ਕੀਤਾ ਹੈ ਕਿ ਐੱਸ.ਜੀ.ਪੀ.ਸੀ. ਦੇ ਯੂ-ਟਿਊਬ ਚੈਨਲ 'ਤੇ ਇਹ ਰੁਕਾਵਟਾਂ 15 ਅਗਸਤ ਤੋਂ ਲਗਾਤਾਰ ਆ ਰਹੀਆਂ ਹਨ। ਉਨ੍ਹਾਂ ਕਿਹਾ, ਇਹ ਕੋਈ ਆਮ ਤਕਨੀਕੀ ਖਰਾਬੀ ਨਹੀਂ ਹੈ। ਸਾਡੇ ਕੋਲ ਸਬੂਤ ਵਜੋਂ ਵੱਖ-ਵੱਖ ਤਾਰੀਖਾਂ ਦੀਆਂ ਵੀਡੀਓ ਰਿਕਾਰਡਿੰਗਾਂ ਮੌਜੂਦ ਹਨ। ਦੁਨੀਆ ਭਰ ਦੀਆਂ ਸੰਗਤਾਂ ਨੇ ਵੀ ਇਸ ਰੁਕਾਵਟ ਨੂੰ ਨੋਟ ਕੀਤਾ ਹੈ। ਸ਼ਿਕਾਇਤ ਅਨੁਸਾਰ, ਯੂ-ਟਿਊਬ 'ਤੇ ਗੁਰਬਾਣੀ ਸੁਣਨ ਵਾਲੇ ਦਰਸ਼ਕਾਂ ਨੂੰ ਵਾਰ-ਵਾਰ ਸਕ੍ਰੀਨ ਬਲੈਕ ਹੋਣ ਅਤੇ ਆਵਾਜ਼ ਗਾਇਬ ਹੋਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਰਬਿੰਦਰ ਨਰਾਇਣ ਅਨੁਸਾਰ, ਜੇਕਰ ਇਹ ਸਿਰਫ਼ ਤਕਨੀਕੀ ਖਰਾਬੀ ਹੁੰਦੀ, ਤਾਂ ਇਹ ਇੱਕੋ ਸਰੋਤ (ਸੋਰਸ) ਤੋਂ ਚੱਲਣ ਵਾਲੀਆਂ ਸਾਰੀਆਂ ਫੀਡਾਂ 'ਤੇ ਅਸਰ ਪਾਉਂਦੀ ਪਰ ਪੀ.ਟੀ.ਸੀ. ਦੇ ਬ੍ਰੌਡਕਾਸਟ 'ਤੇ ਅਜਿਹੀ ਕੋਈ ਰੁਕਾਵਟ ਨਹੀਂ ਦੇਖੀ ਗਈ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਇਹ ਸਮੱਸਿਆ ਕੁਦਰਤੀ ਨਹੀਂ ਬਲਕਿ ਜਾਣਬੁੱਝ ਕੇ ਪੈਦਾ ਕੀਤੀ ਜਾ ਰਹੀ ਹੈ। ਜੀ.ਟੀ.ਸੀ. ਨੇ ਸ਼੍ਰੋਮਣੀ ਕਮੇਟੀ ਤੋਂ 7 ਦਿਨਾਂ ਦੇ ਅੰਦਰ ਲਿਖਤੀ ਸਪੱਸ਼ਟੀਕਰਨ ਮੰਗਿਆ ਹੈ ਅਤੇ ਪੂਰੇ ਬ੍ਰੌਡਕਾਸਟ ਸਿਸਟਮ ਦਾ ਸੁਤੰਤਰ ਤਕਨੀਕੀ ਆਡਿਟ ਕਰਵਾਉਣ ਅਤੇ ਸਰਵਰ ਲੌਗਸ ਨੂੰ ਸੁਰੱਖਿਅਤ ਰੱਖਣ ਦੀ ਮੰਗ ਕੀਤੀ ਹੈ।

ਨੈੱਟਵਰਕ ਦਾ ਕਹਿਣਾ ਹੈ ਕਿ ਗੁਰਬਾਣੀ ਦੇ ਪ੍ਰਸਾਰਨ 'ਚ ਇਸ ਤਰ੍ਹਾਂ ਦਾ ਵਿਘਨ ਸਿੱਖ ਮਰਿਆਦਾ ਅਤੇ ਪਰੰਪਰਾਵਾਂ ਦੇ ਉਲਟ ਹੈ, ਕਿਉਂਕਿ ਗੁਰਬਾਣੀ ਪੂਰੀ ਮਾਨਵਤਾ ਦੀ ਆਤਮਿਕ ਪੂੰਜੀ ਹੈ। ਜੀ.ਟੀ.ਸੀ. ਨੇ ਇਹ ਵੀ ਪ੍ਰਸਤਾਵ ਦਿੱਤਾ ਹੈ ਕਿ ਜੇਕਰ ਸ਼੍ਰੋਮਣੀ ਕਮੇਟੀ ਇਸ ਸਮੱਸਿਆ ਨੂੰ ਹੱਲ ਕਰਨ 'ਚ ਅਸਮਰੱਥ ਹੈ, ਤਾਂ ਉਹ ਆਪਣੇ ਖਰਚੇ 'ਤੇ ਆਧੁਨਿਕ ਤਕਨੀਕੀ ਉਪਕਰਨ ਲਗਾਉਣ ਲਈ ਤਿਆਰ ਹਨ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਜੀ.ਟੀ.ਸੀ. ਵਿਰੁੱਧ ਕਾਪੀਰਾਈਟ ਦੀ ਉਲੰਘਣਾ ਦਾ ਮਾਮਲਾ ਦਰਜ ਕਰਵਾਇਆ ਸੀ, ਪਰ ਦਿੱਲੀ ਹਾਈ ਕੋਰਟ ਨੇ ਜੀ.ਟੀ.ਸੀ. ਦੇ ਪ੍ਰਸਾਰਨ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 24 ਸਤੰਬਰ 2026 ਨੂੰ ਹੋਣੀ ਹੈ। (ਬਾਕੀ ਸਫ਼ਾ 27 'ਤੇ)

## ਗੁ. ਹੇਮਕੁੰਟ ਸਾਹਿਬ ਦੇ ਆਲੇ ਦੁਆਲੇ ਸੱਤ ਉੱਚੀਆਂ ਚੋਟੀਆਂ 'ਤੇ ਸਥਾਪਿਤ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ

ਹੇਮਕੁੰਟ ਸਾਹਿਬ/ਏ.ਟੀ.ਨਿਊਜ਼: ਉੱਤਰਾਖੰਡ ਵਿਖੇ ਲਗਪਗ 15 ਹਜਾਰ ਫ਼ੁੱਟ ਤੋਂ ਵਧੇਰੇ ਉਚਾਈ 'ਤੇ ਸਥਾਪਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ ਦੁਆਲੇ ਦੀਆਂ ਸੱਤ ਚੋਟੀਆਂ ਸਪਤ ਸਰਿੰਗ ਵਿਖੇ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲੇ ਗਏ ਹਨ। ਇਹ ਸੇਵਾ ਕਰਨ ਵਾਲੀ ਟੀਮ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਵੱਲੋਂ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ 10 ਅਕਤੂਬਰ ਨੂੰ ਸਮਾਪਤ ਹੋਵੇਗੀ।

ਜ਼ਿਕਰਯੋਗ ਹੈ ਕਿ ਇਹ ਟੀਮ ਪਿਛਲੇ 40 ਸਾਲਾਂ ਤੋਂ ਨਿਸ਼ਾਨ ਸਾਹਿਬਾਂ ਦੀ ਸੇਵਾ ਨਿਭਾਅ ਰਹੀ ਹੈ। ਇਨ੍ਹਾਂ ਸੱਤ ਚੋਟੀਆਂ ਵਿੱਚ ਸਭ ਤੋਂ ਉੱਚੀ ਚੋਟੀ ਲਗਪਗ 18 ਹਜਾਰ ਫ਼ੁੱਟ ਉੱਚੀ ਹੈ। ਇਿਹਨਾਂ ਸੱਤ ਉੱਚੀਆਂ ਚੋਟੀਆਂ 'ਤੇ ਸਥਾਪਿਤ ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ ਬਾਬਾ ਸ਼ੇਰ ਸਿੰਘ ਮਹਿਰਾਜ ਕਰਦੇ ਰਹੇ ਸਨ, ਜੋ ਕਿ ਦੋ ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਇੱਕ ਟੀਮ ਵੱਲੋਂ ਇਹ ਸੇਵਾ ਨਿਭਾਈ ਜਾ ਰਹੀ ਹੈ। ਇਸ ਟੀਮ ਵਿੱਚ ਲਗਪਗ 30 ਤੋਂ 40 ਮੈਂਬਰ ਹਨ। ਇਹ ਸਾਰੇ ਹੀ ਪਿੰਡ ਮਹਿਰਾਜ ਦੇ ਨਾਲ ਸੰਬੰਧਿਤ ਹਨ। ਇਸ ਟੀਮ ਵੱਲੋਂ ਕੁਝ ਦਿਨ ਪਹਿਲਾਂ ਸੱਤ ਚੋਟੀਆਂ ਤੇ ਸਥਾਪਿਤ ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ ਕੀਤੀ ਗਈ ਹੈ।

ਬੀਤੇ ਕੱਲ੍ਹ ਇਸ ਟੀਮ ਨੂੰ ਗੁਰਦੁਆਰਾ ਗੋਬਿੰਦ ਘਾਟ ਪੁੱਜਣ 'ਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਸੀਈਓ ਭਾਈ ਸੇਵਾ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਸੇਵਾ ਸਮੇਂ ਦੋ ਕਾਰਜ ਸਭ ਤੋਂ ਅਹਿਮ ਤੇ ਔਖੇ ਹੁੰਦੇ ਹਨ। ਜਿੰਨ੍ਹਾਂ ਵਿੱਚ ਗੁਰਦੁਆਰਾ ਗੋਬਿੰਦ ਧਾਮ ਤੋਂ ਲਗਪਗ ਛੇ ਕਿਲੋਮੀਟਰ ਦੂਰੀ 'ਤੇ ਅਤੇ ਉਚਾਈ 'ਤੇ ਸਥਾਪਿਤ ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਦੇ ਰਸਤੇ ਨੂੰ ਤਿਆਰ ਕਰਨਾ ਅਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ ਦੁਆਲੇ ਸਥਾਪਿਤ ਸੱਤ ਚੋਟੀਆਂ ਤੇ ਲੱਗੇ ਹੋਏ ਨਿਸ਼ਾਨ ਸਾਹਿਬ ਦੀ ਸੇਵਾ ਕਰਨਾ ਹੈ।

ਇਸ ਰਸਤੇ ਵਿੱਚ ਮੁਕੰਮਲ ਤੌਰ 'ਤੇ ਬਰਫ਼ ਜੰਮੀ ਹੁੰਦੀ ਹੈ, ਜਿਸ ਨੂੰ ਹਟਾਉਣ ਅਤੇ ਰਸਤਾ ਤਿਆਰ ਕਰਨ ਦਾ ਕਾਰਜ ਭਾਰਤੀ ਫ਼ੌਜ ਦੇ ਜਵਾਨਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਵੱਲੋਂ ਕੀਤਾ ਜਾਂਦਾ ਹੈ। ਪਰ ਸੱਤ ਚੋਟੀਆਂ 'ਤੇ ਨਿਸ਼ਾਨ ਸਾਹਿਬ ਦੀ ਸੇਵਾ ਇਕੱਲੇ ਇਸ ਟੀਮ ਵੱਲੋਂ ਹੀ ਕੀਤੀ ਜਾਂਦੀ ਹੈ। (ਬਾਕੀ ਸਫ਼ਾ 27 'ਤੇ)

# ਪੰਥਕ ਅਤੇ ਪੰਜਾਬ-ਪੱਖੀ ਸੋਚ ਨੂੰ ਮੁੜ ਮਜ਼ਬੂਤ ਕਰਨ ਦੀ ਲੋੜ: ਗਿ. ਹਰਪ੍ਰੀਤ ਸਿੰਘ

ਲੌਂਗੋਵਾਲ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ (ਪੁਨਰ ਸਰਜੀਤ) ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਅਤੇ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ 41ਵਾਂ ਸ਼ਹੀਦੀ ਦਿਹਾੜਾ ਲੌਂਗੋਵਾਲ ਦੀ ਅਨਾਜ ਮੰਡੀ ਵਿੱਚ ਮਨਾਇਆ ਗਿਆ। ਸ਼ਹੀਦੀ ਸਮਾਗਮ ਵਿੱਚ ਵੱਡੀ ਗਿਣਤੀ ਲੋਕਾਂ, ਪਾਰਟੀ ਆਗੂਆਂ ਅਤੇ ਕਾਰਕੁਨਾਂ ਨੇ ਸ਼ਮੂਲੀਅਤ ਕੀਤੀ। ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਤ ਲੌਂਗੋਵਾਲ ਨੇ ਆਪਣਾ ਜੀਵਨ ਪੰਜਾਬ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਏਕਤਾ ਅਤੇ ਪੰਥਕ ਹੱਕਾਂ ਨੂੰ ਸਮਰਪਿਤ ਕੀਤਾ। ਉਨ੍ਹਾਂ ਦੀ ਸ਼ਹਾਦਤ ਪੰਜਾਬ ਦੇ ਇਤਿਹਾਸ ਦਾ ਅਮਿੱਟ ਅਧਿਆਇ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਹੈ। ਸੂਬੇ ਨੂੰ ਇਸ ਵਿੱਚੋਂ ਕੱਢਣ ਲਈ ਸਿਰਫ਼ ਸੱਤਾ ਦੀ ਰਾਜਨੀਤੀ ਨਹੀਂ, ਸਗੋਂ ਸਿਧਾਂਤਕ, ਪੰਥਕ ਅਤੇ ਪੰਜਾਬ-ਪੱਖੀ ਸੋਚ ਨੂੰ ਮੁੜ ਮਜ਼ਬੂਤ ਕਰਨ ਦੀ ਲੋੜ ਹੈ। ਜਿਹੜੇ ਲੋਕਾਂ ਨੇ ਗੁਰੂ ਦੀ ਦੁਹਾਈ ਦੇ ਕੇ ਪੰਜਾਬ ਵਿੱਚ ਸਰਕਾਰਾਂ ਬਣਾਈਆਂ, ਉਨ੍ਹਾਂ ਨੇ ਪੰਥਕ ਸੋਚ ਅਤੇ ਸਿਧਾਂਤਾਂ ਨੂੰ ਕਮਜ਼ੋਰ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਿਆਸਤ ਪਰਿਵਾਰਾਂ ਅਤੇ ਨਿੱਜੀ ਹਿੱਤਾਂ ਦੀ ਬਜਾਇ ਪੰਥ, ਪੰਜਾਬ ਅਤੇ ਲੋਕਾਂ ਦੇ ਹਿੱਤਾਂ ਨੂੰ ਸਮਰਪਿਤ ਹੋਣੀ ਚਾਹੀਦੀ ਹੈ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੰਤ ਲੌਂਗੋਵਾਲ ਦੀ ਵਿਰਾਸਤ ਸਾਨੂੰ ਸਿਧਾਂਤਾਂ, ਸਾਦਗੀ ਅਤੇ ਪੰਜਾਬ ਦੇ ਹੱਕਾਂ ਲਈ ਡਟ ਕੇ ਖੜ੍ਹਨ ਦੀ ਪ੍ਰੇਰਨਾ ਦਿੰਦੀ ਹੈ। ਅੱਜ ਲੋੜ ਹੈ ਕਿ ਅਕਾਲੀ ਸੋਚ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਉਠ ਕੇ ਮੁੜ ਲੋਕਾਂ ਅਤੇ ਪੰਥ ਦੀ ਆਵਾਜ਼ ਬਣਾਇਆ ਜਾਵੇ।



ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੰਤ ਲੌਂਗੋਵਾਲ ਦੀ ਸ਼ਹਾਦਤ ਪੰਜਾਬ ਦੇ ਅਮਨ ਅਤੇ ਭਾਈਚਾਰਕ ਏਕਤਾ ਲਈ ਦਿੱਤੀ ਗਈ ਮਹਾਨ ਕੁਰਬਾਨੀ ਹੈ। ਪੰਥਕ ਏਕਤਾ ਅਤੇ ਪੰਜਾਬ ਦੇ ਹੱਕਾਂ ਲਈ ਸਾਰੀਆਂ ਧਿਰਾਂ ਨੂੰ ਸਾਂਝੀ ਸੋਚ ਨਾਲ ਅੱਗੇ ਆਉਣਾ ਚਾਹੀਦਾ ਹੈ। ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸੰਤ ਲੌਂਗੋਵਾਲ ਦੀ ਸੋਚ ਅਤੇ ਕੁਰਬਾਨੀ ਨੂੰ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਜੇ ਅਸੀਂ ਪੰਜਾਬ, ਪੰਥ ਅਤੇ ਸਿੱਖ ਸੰਸਥਾਵਾਂ ਦੀ ਮਜ਼ਬੂਤੀ ਲਈ ਇਮਾਨਦਾਰੀ ਨਾਲ ਕੰਮ ਕਰੀਏ। ਇਸ ਮੌਕੇ ਆਗੂਆਂ ਨੇ ਸੰਤ ਲੌਂਗੋਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੰਜਾਬ ਵਿੱਚ ਅਮਨ-ਸ਼ਾਂਤੀ, ਭਾਈਚਾਰਕ ਏਕਤਾ, ਪੰਥਕ ਚੜ੍ਹਦੀ ਕਲਾ ਅਤੇ ਪੰਜਾਬ ਦੇ ਹੱਕਾਂ ਦੀ ਮਜ਼ਬੂਤ ਆਵਾਜ਼ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਸੰਕਲਪ ਲਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਅਮਰੀਕਾ ਤੇ ਕੈਨੇਡਾ ਵਿਚਾਲੇ ਵਪਾਰ ਜੰਗ

ਵਿਸ਼ਵ ਦੇ ਦੋ ਵੱਡੇ ਵਪਾਰਕ ਭਾਈਵਾਲ ਰਹੇ ਮੁਲਕਾਂ ਅਮਰੀਕਾ ਅਤੇ ਕੈਨੇਡਾ ਵਿਚਾਲੇ ਨਵੀਂ ਵਪਾਰ ਜੰਗ ਸ਼ੁਰੂ ਹੋ ਗਈ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਭਗ 28 ਬਿਲੀਅਨ ਕੈਨੇਡੀਅਨ ਡਾਲਰ (ਲਗਭਗ 20 ਬਿਲੀਅਨ ਅਮਰੀਕੀ ਡਾਲਰ) ਦੇ ਸਮਾਨ ’ਤੇ 50% ਟੈਰਿਫ਼ ਲਗਾ ਦੇਣ ਤੋਂ ਬਾਅਦ ਦੋਵੇਂ ਦੇਸ਼ ਇੱਕ ਦੂਜੇ ਦੇ ਵਪਾਰਕ ਸ਼ਰੀਕ ਬਣ ਗਏ ਹਨ। ਸਟੀਲ, ਐਲੂਮੀਨੀਅਮ ਅਤੇ ਹੋਰ ਉਤਪਾਦਾਂ ’ਤੇ ਪਹਿਲਾਂ ਤੋਂ ਲਾਗੂ ਅਮਰੀਕੀ ਡਿਊਟੀਆਂ ਨੇ ਵੀ ਕੈਨੇਡੀਅਨ ਉਦਯੋਗਾਂ ’ਤੇ ਦਬਾਅ ਵਧਾਇਆ ਹੋਇਆ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਨ੍ਹਾਂ ਨਵੇਂ ਟੈਰਿਫ਼ਾਂ ਨਾਲ ਕੈਨੇਡਾ ਵੱਲੋਂ ਅਮਰੀਕਾ ਭੇਜੇ ਜਾਣ ਵਾਲੇ ਕੁੱਲ ਸਾਮਾਨ ਦਾ ਲਗਭਗ 5 ਫ਼ੀਸਦੀ ਹਿੱਸਾ ਪ੍ਰਭਾਵਿਤ ਹੋਵੇਗਾ, ਜਿਸ ’ਚ ਹਾਕੀ ਸਟਿਕਸ ਅਤੇ ਮੈਡੀਕਲ ਉਪਕਰਨਾਂ ਵਰਗੀਆਂ ਵਸਤਾਂ ਸ਼ਾਮਲ ਹਨ। ਇਹ ਵਿਵਾਦ ਜੁਲਾਈ ਵਿੱਚ ਉਦੋਂ ਸ਼ੁਰੂ ਹੋਇਆ ਸੀ ਜਦੋਂ ਰਾਸ਼ਟਰਪਤੀ ਟਰੰਪ ਨੇ 1930 ਦੇ ਟੈਰਿਫ਼ ਐਕਟ ਦੀ ਧਾਰਾ 338 ਨੂੰ ਲਾਗੂ ਕੀਤਾ। ਇਹ ਨਿਯਮ ਅਮਰੀਕੀ ਰਾਸ਼ਟਰਪਤੀ ਨੂੰ ਉਨ੍ਹਾਂ ਦੇਸ਼ਾਂ ਤੋਂ ਦਰਾਮਦ ’ਤੇ 50% ਤੱਕ ਟੈਕਸ ਲਗਾਉਣ ਦੀ ਸ਼ਕਤੀ ਦਿੰਦਾ ਹੈ, ਜੋ ਅਮਰੀਕੀ ਵਪਾਰ ਨਾਲ ਵਿਤਕਰਾ ਕਰਦੇ ਹਨ।

ਦੂਜੇ ਪਾਸੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਅਮਰੀਕੀ ਟੈਰਿਫ਼ਾਂ ਦਾ ਮੋੜਵਾਂ ਜਵਾਬ ਦਿੱਤਾ ਜਾਵੇਗਾ। ਹੁਣ ਕੈਨੇਡਾ ਵੱਲੋਂ ਅਮਰੀਕੀ ਵਸਤਾਂ ’ਤੇ ਟੈਰਿਫ਼ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਅਨੁਸਾਰ ਕੈਨੇਡਾ ਵੱਲੋਂ ਸਤੰਬਰ ਮਹੀਨੇ ਦੀ ਸ਼ੁਰੂਆਤ ਵਿੱਚ ਹੀ ਅਮਰੀਕੀ ਸਮਾਨ ’ਤੇ ਟੈਰਿਫ਼ ਲਗਾ ਦਿੱਤੇ ਜਾਣਗੇ। ਕੈਨੇਡਾ ਵੱਲੋਂ ਅਮਰੀਕੀ ਸਮਾਨ ’ਤੇ ਲਗਾਏ ਜਾਣ ਵਾਲੇ ਟੈਰਿਫ਼ਾਂ ਕਾਰਨ ਸਟੀਲ, ਡੇਅਰੀ, ਖੇਤੀਬਾੜੀ ਮਸ਼ੀਨਰੀ, ਪਲਪ ਤੇ ਪੇਪਰ, ਇਲੈਕਟ੍ਰੋਨਿਕਸ ਅਤੇ ਘਰੇਲੂ ਉਪਕਰਨ ਇਸ ਦੇ ਘੇਰੇ ਵਿੱਚ ਆ ਸਕਦੇ ਹਨ। ਇਸ ਜਵਾਬੀ ਕਾਰਵਾਈ ਨਾਲ ਤਿੰਨ ਮੁਲਕਾਂ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਦੇ ਉਦਯੋਗਾਂ ਲਈ ਅਹਿਮ ਮੰਨੇ ਜਾਂਦੇ ਉੱਤਰੀ ਅਮਰੀਕੀ ਵਪਾਰਕ ਸਮਝੌਤੇ ਦਾ ਭਵਿੱਖ ਖ਼ਤਰੇ ’ਚ ਪੈ ਗਿਆ ਹੈ।

ਸੰਯੁਕਤ ਰਾਜ ਅਮਰੀਕਾ ਨਾਲ ਵਪਾਰਕ ਗੱਲਬਾਤ ਟੁੱਟਣ ਦੇ ਬਾਵਜੂਦ, ਕੈਨੇਡਾ ਦੀ ਆਰਥਿਕ ਰਣਨੀਤੀ ਅਜੇ ਵੀ ਕਾਇਮ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਨੇ ਸਪੱਸ਼ਟ ਕੀਤਾ ਹੈ ਕਿ ਕੈਨੇਡਾ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਆਪਣੇ ਵਪਾਰ ਵਿੱਚ ਵਿਭਿੰਨਤਾ ਲਿਆ ਰਿਹਾ ਹੈ ਅਤੇ ਕੈਨੇਡਾ ਵਿੱਚ ਇਸ ਸਮੇਂ ਲਗਭਗ 500 ਬਿਲੀਅਨ ਕੈਨੇਡੀਅਨ ਡਾਲਰ ਦੇ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਚੱਲ ਰਹੇ ਹਨ। ਕਾਰਨੀ ਅਨੁਸਾਰ ਕੈਨੇਡੀਅਨ ਅਰਥਵਿਵਸਥਾ ਇਸ ਸਮੇਂ ਸੰਯੁਕਤ ਰਾਜ ਅਮਰੀਕਾ ਨਾਲੋਂ ਚਾਰ ਗੁਣਾ ਤੇਜ਼ੀ ਨਾਲ ਨੌਕਰੀਆਂ ਪੈਦਾ ਕਰ ਰਹੀ ਹੈ ਅਤੇ ਇਸਦੀ ਵਿਕਾਸ ਦਰ ਅਗਲੇ ਦੋ ਸਾਲਾਂ ਵਿੱਚ ਜੀ-7 ਦੇਸ਼ਾਂ ਵਿੱਚੋਂ ਦੂਜੀ ਸਭ ਤੋਂ ਉੱਚੀ ਹੋਣ ਦੀ ਉਮੀਦ ਹੈ। ਕੈਨੇਡਾ ਆਪਣੀ ਆਰਥਿਕ ਪ੍ਰਭੂਸੱਤਾ ਦੀ ਰੱਖਿਆ ਲਈ ਪੂਰੀ ਤਰ੍ਹਾਂ ਤਿਆਰ ਹੈ।

ਦੋਵੇਂ ਦੇਸ਼ਾਂ ਵਿਚਾਲੇ ਵਪਾਰਕ ਸਮਝੌਤਾ ਟੁੱਟ ਜਾਣ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਇਸ ਤੋਂ ਪਹਿਲਾਂ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਕੈਨੇਡਾ ਨੂੰ ਅਮਰੀਕਾ ਦਾ ਇੱਕ ਸੂਬਾ ਬਣਾਉਣ ਦੀ ਗੱਲ ਕੀਤੀ ਸੀ,ਤਾਂ ਕੈਨੇਡਾ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ। ਉਸ ਸਮੇਂ ਵੀ ਦੋਵਾਂ ਦੇਸ਼ਾਂ ਵਿਚਾਲੇ ਤਨਾਓ ਪੈਦਾ ਹੋ ਗਿਆ ਸੀ। ਹੁਣ ਇੱਕ ਵਾਰ ਫ਼ੇਰ ਦੋਵਾਂ ਦੇਸ਼ਾਂ ਵਿਚਾਲੇ ਤਨਾਓ ਪੈਦਾ ਹੋਣ ਦੇ ਨਾਲ ਵਪਾਰਕ ਜੰਗ ਸ਼ੁਰੂ ਹੋ ਗਈ ਹੈ। ਦੋਵੇਂ ਦੇਸ਼ ਆਪੋ ਆਪਣੇ ਸਟੈਂਡ ’ਤੇ ਅੜ ਗਏ ਹਨ, ਜਿਸ ਕਾਰਨ ਸਥਿਤੀ ਗੰਭੀਰ ਹੋ ਗਈ ਹੈ। ਅਮਰੀਕਾ ਅਤੇ ਕੈਨੇਡਾ ਵਿੱਚ ਪਹਿਲਾਂ ਹੀ ਮਹਿੰਗਾਈ ਸਭ ਹੱਦਾਂ ਬੰਨੇ ਟੱਪ ਰਹੀ ਹੈ, ਇਸ ਤੋਂ ਇਲਾਵਾ ਦੋਵੇਂ ਦੇਸ਼ ਆਰਥਿਕ ਮੰਦੀ ਦਾ ਵੀ ਕੁਝ ਹੱਦ ਤੱਕ ਸਾਹਮਣਾ ਕਰ ਰਹੇ ਹਨ।

ਅਮਰੀਕੀ-ਕੈਨੇਡੀਅਨ ਮੀਡੀਆ ਨੇ ਇਸ ਵਪਾਰ ਜੰਗ ਨੂੰ ਭਾਰਤ ਲਈ ਇੱਕ ਮੌਕਾ ਦੱਸਿਆ ਹੈ। ਭਾਰਤ ਇਸ ਤੋਂ ਵਪਾਰ-ਡਾਇਵਰਸ਼ਨ ਨੀਤੀ ਰਾਹੀਂ ਲਾਭ ਉਠਾ ਸਕਦਾ ਹੈ। ‘ਵਾਸ਼ਿੰਗਟਨ ਪੋਸਟ’ ਨੇ ਲਿਖਿਆ ਹੈ ਕਿ ਜਦੋਂ ਵੀ ਅਮਰੀਕਾ ਕਿਸੇ ਇੱਕ ਦੇਸ਼ ’ਤੇ ਭਾਰੀ ਟੈਰਿਫ਼ ਲਗਾਉਂਦਾ ਹੈ, ਤਾਂ ਅਮਰੀਕੀ ਬਰਾਮਦਕਾਰ ਅਕਸਰ ਬਦਲਵੇਂ ਸਪਲਾਇਰਾਂ ਦੀ ਭਾਲ ਕਰਦੇ ਹਨ, ਜਿਸ ਨਾਲ ਭਾਰਤ ਵਰਗੇ ਮੁਕਾਬਲੇ ਵਾਲੇ ਦੇਸ਼ਾਂ ਨੂੰ ਫ਼ਾਇਦਾ ਹੋ ਸਕਦਾ ਹੈ। ਭਾਰਤੀ ਉਤਪਾਦ ਅਮਰੀਕੀ ਬਾਜ਼ਾਰ ਵਿੱਚ ਕੈਨੇਡੀਅਨ ਸਾਮਾਨ ਦੀ ਥਾਂ ਲੈ ਸਕਦੇ ਹਨ। ਆਟੋ ਕੰਪੋਨੈਂਟ ਅਤੇ ਆਈਟੀ ਖੇਤਰ ਸਿੱਧੇ ਲਾਭਪਾਤਰੀਆਂ ਵਿੱਚ ਸ਼ਾਮਲ ਹੋਣਗੇ। ਵਿਸ਼ਵ ਵਪਾਰ ਵਿੱਚ ਇਸ ਵੱਡੀ ਰੁਕਾਵਟ ਨਾਲ ਭਾਰਤੀ ਅਰਥਵਿਵਸਥਾ, ਨਿਰਯਾਤਕਾਂ ਅਤੇ ਆਈ.ਟੀ. ਖੇਤਰ ਨੂੰ ਸਿੱਧੇ ਅਤੇ ਅਸਿੱਧੇ ਤੌਰ ’ਤੇ ਲਾਭ ਹੋਣ ਦੀ ਸੰਭਾਵਨਾ ਹੈ। ਕੈਨੇਡਾ ਦੇ ‘ਦ ਗਲੋਬ ਐਂਡ ਮੇਲ’ ਨੇ ਕਿਹਾ ਹੈ ਕਿ ਪਹਿਲਾਂ ਅਮਰੀਕਾ ਲਈ ਨਿਰਧਾਰਤ ਸਾਮਾਨ ਹੁਣ ਸਸਤੀਆਂ ਕੀਮਤਾਂ ’ਤੇ ਭਾਰਤ ਭੇਜੇ ਜਾਣ ਦੀ ਸੰਭਾਵਨਾ ਹੈ। ਕੈਨੇਡਾ ਹੁਣ ਨਵੇਂ ਬਾਜ਼ਾਰ ਖੋਲ੍ਹੇਗਾ, ਜਿਸ ਵਿੱਚ ਭਾਰਤ ਇੱਕ ਮੁੱਖ ਖਿਡਾਰੀ ਹੋਵੇਗਾ।

ਅਮਰੀਕਾ ਅਤੇ ਕੈਨੇਡਾ ਗੁਆਂਢੀ ਮੁਲਕ ਵੀ ਹਨ ਅਤੇ ਦੋਵੇਂ ਦੇਸ਼ ਵਪਾਰ ਲਈ ਇੱਕ ਦੂਜੇ ’ਤੇ ਕਾਫ਼ੀ ਨਿਰਭਰ ਵੀ ਹਨ। ਸਾਲ 2024 ਵਿੱਚ ਦੋਵਾਂ ਦੇਸ਼ਾਂ ਵਿਚਾਲੇ 410 ਅਰਬ ਡਾਲਰ ਤੋਂ ਜ਼ਿਆਦਾ ਦਾ ਵਪਾਰ ਹੋਇਆ ਸੀ ਪਰ ਇਸ ਸਮੇਂ ਦੋਵੇਂ ਦੇਸ਼ ਇੱਕ ਦੂਜੇ ਦੇ ਮੁਕਾਬਲੇ ਵਿੱਚ ਖੜ੍ਹੇ ਨਜ਼ਰ ਆ ਰਹੇ ਹਨ। ਹੁਣ ਵੱਡਾ ਸਵਾਲ ਇਹ ਹੈ ਕਿ ਇਹ ਟੈਰਿਫ਼ ਜੰਗ ਕਿੰਨੀ ਦੂਰ ਤੱਕ ਜਾਂਦੀ ਹੈ ਅਤੇ ਇਸ ਦਾ ਆਖ਼ਰੀ ਬੋਝ ਅਮਰੀਕਨ ਤੇ ਕੈਨੇਡੀਅਨ ਕਾਰੋਬਾਰਾਂ ਅਤੇ ਖਪਤਕਾਰਾਂ ’ਤੇ ਕਿੰਨਾ ਪੈਂਦਾ ਹੈ ? ਇਹਨਾਂ ਸਵਾਲਾਂ ਦਾ ਜਵਾਬ ਤਾਂ ਆਉਣ ਵਾਲੇ ਸਮੇਂ ਵਿੱਚ ਹੀ ਮਿਲੇਗਾ।

# ਭਾਰਤ ਵਿੱਚ ਕਾਨੂੰਨ ਵੱਖਰੇ ਕਿਉਂ ?

## ਪੈਰੋਲ ਤੇ ਫ਼ਰਲੋ ਦੇ ਦੋਹਰੇ ਮਾਪਦੰਡਾਂ ’ਤੇ ਉੱਠਦੇ ਸਵਾਲ



ਡਾ. ਜਸਬੀਰ ਸਿੰਘ ਔਲਖ

ਕਾਨੂੰਨ ਅਨੁਸਾਰ ਮਿਲੀ ਸਜ਼ਾ ਦੌਰਾਨ ਕੁੱਝ ਸਮੇਂ ਲਈ ਦੋਸ਼ੀ ਨੂੰ ਪਰਿਵਾਰ ਨਾਲ ਸਮਾਂ ਗੁਜ਼ਾਰਨ ਜਾਂ ਜ਼ਰੂਰੀ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਸਜ਼ਾ ਯਾਫਤਾ ਕੈਦੀ ਨੂੰ ਜੇਲ੍ਹ ਵਿਚੋਂ ਬਾਹਰ ਆਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਪੈਰੋਲ ਦੇਣ ਦੀ ਸਿਫਾਰਸ਼ ਨੇ ਇਹ ਮਾਮਲਾ ਫਿਰ ਚਰਚਾ ਵਿੱਚ ਲਿਆਂਦਾ ਹੈ। ਅਜਿਹੇ ਕੈਦੀ ਹਨ ਜੋ ਸਜ਼ਾਵਾਂ ਪੂਰੀਆਂ ਵੀ ਕਰ ਚੁੱਕੇ ਹਨ ਜਾਂ ਲੰਮੇ ਸਮੇਂ ਤੋਂ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਹਨ, ਉਨ੍ਹਾਂ ਨੂੰ ਪੈਰੋਲ ਜਾਂ ਫਰਲੋ ਦੇਣ ਨਾਲ ਸਰਕਾਰ ਅਨੁਸਾਰ ‘ਹਾਲਾਤ ਖਰਾਬ’ ਹੋ ਸਕਦੇ ਹਨ। ਕੁੱਝ ਉਦਾਹਰਨਾਂ ਅਜਿਹੀਆਂ ਵੀ ਹਨ ਜਿੱਥੇ ਬਿਨਾਂ ਮੁਕੱਦਮਾ ਚਲਾਏ ਸਾਲਾਂਬੱਧੀ ਜ਼ਮਾਨਤ ਵੀ ਹਾਸਿਲ ਨਹੀਂ ਹੁੰਦੀ, ਜਿਵੇਂ ਉਮਰ ਖ਼ਾਲਿਦ ਦਾ ਕੇਸ। ਹੱਥ ਕੰਬਣ ਦੀ ਬਿਮਾਰੀ ਤੋਂ ਪੀੜ੍ਹਤ ਸਟੇਨ ਸਵਾਮੀ ਵਰਗੇ ਬਜ਼ੁਰਗ ਪਾਣੀ ਪੀਣ ਦੀ ਇੱਕ ਨਾਲੀ ਨੂੰ ਤਰਸਦੇ ਜੇਲ੍ਹ ਵਿਚ ਹੀ ਦਮ ਤੋੜ ਗਏ ਪਰ ਪਖੰਡੀ ਸਾਧ ਗੁਰਮੀਤ ਰਾਮ ਰਹੀਮ ਦਾ ਕੇਸ ਸਾਡੇ ਸਾਹਮਣੇ ਹੈ ਜੋ ਅਕਸਰ ਫਰਲੋ ਜਾਂ ਪੈਰੋਲ ’ਤੇ ਜੇਲ੍ਹ ਤੋਂ ਬਾਹਰ ਆਉਂਦਾ ਰਹਿੰਦਾ ਹੈ। ਗੁਰਮੀਤ ਰਾਮ ਰਹੀਮ ਨੂੰ ਪਹਿਲੀ ਪੈਰੋਲ ਅਕਤੂਬਰ 2020 ਵਿੱਚ ਇੱਕ ਦਿਨ ਲਈ ਅਤੇ ਦੂਸਰੀ ਪੈਰੋਲ ਮਈ 2021 ਵਿੱਚ ਸਿਰਫ਼ 12 ਘੰਟਿਆਂ ਲਈ ਹਾਸਿਲ ਹੋਈ ਸੀ । ਉਸ ਤੋਂ ਬਾਅਦ ਤੀਸਰੀ ਫਰਲੋ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ 7 ਫਰਵਰੀ 2022 ਨੂੰ 21 ਦਿਨਾਂ ਲਈ ਦਿੱਤੀ ਜਾਂਦੀ ਹੈ। ਉਸ ਸਮੇਂ ਤੱਕ ‘ਦ ਹਰਿਆਣਾ ਗੁੱਡ ਕੰਡਕਟ ਪਰਿਜ਼ਨਰਜ਼’ (ਟੈਂਪਰੇਰੀ ਰਿਲੀਜ਼) ਐਕਟ 1988 ਲਾਗੂ ਸੀ। ਇਸ ਐਕਟ ਦੀ ਧਾਰਾ 4 ਅਨੁਸਾਰ ਜੇਕਰ ਕੈਦੀ ਨੇ ਆਰਜ਼ੀ ਰਿਹਾਈ ਤੱਕ ਤਿੰਨ ਸਾਲ ਦੀ ਸਜ਼ਾ ਕੱਟ ਲਈ ਹੋਵੇ ਤਾਂ ਉਹ ਆਰਜ਼ੀ ਰਿਹਾਈ ਦਾ ਹੱਕਦਾਰ ਬਣ ਜਾਂਦਾ ਹੈ। ਇਸੇ ਧਾਰਾ 4 ਦੀ ਉੱਪ-ਧਾਰਾ ਲ(ਜ) ਅਨੁਸਾਰ, ‘ਆਦਤਨ ਅਪਰਾਧੀ’ ਨੂੰ ਇਹ ਫਰਲੋ ਨਹੀਂ ਦਿੱਤੀ ਜਾ ਸਕਦੀ । ‘ਆਦਤਨ ਅਪਰਾਧੀ’ ਨੂੰ ਇਸ ਐਕਟ ਵਿੱਚ ‘ਪੰਜਾਬ ਹੈਬੂਚਲ ਓਫੈਂਡਰਜ਼ (ਕੰਟਰੋਲ ਐਂਡ ਰਿਫਾਰਮ) ਐਕਟ 1952’ ਦੀ ਧਾਰਾ 2(3) ਅਨੁਸਾਰ ਪਰਿਭਾਸ਼ਿਤ ਕੀਤਾ ਗਿਆ ਹੈ ਕਿ ਜਿਸ ਨੂੰ ਪੰਜ ਸਾਲਾਂ ਦੌਰਾਨ 12 ਮਹੀਨਿਆਂ ਦੀਆਂ ਦੋ ਜਾਂ ਵੱਧ ਸਜ਼ਾਵਾਂ ਸੁਣਾਈਆਂ ਗਈਆਂ ਹੋਣ, ਉਹ ‘ਆਦਤਨ ਅਪਰਾਧੀ’ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਸੌਦਾ ਸਾਧ ਨੂੰ ਪਹਿਲੀ ਉਮਰ-ਕੈਦ ਦੀ ਸਜ਼ਾ ਡੇਰਾ ਸਿਰਸਾ ਦੀਆਂ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ਾਂ ਤਹਿਤ 2017 ਵਿੱਚ ਸੁਣਾਈ ਗਈ ਸੀ। ਉਸ ਤੋਂ ਬਾਅਦ 11 ਜਨਵਰੀ, 2019 ਨੂੰ ਆਪਣੇ ਡੇਰਾ ਮੈਨੇਜਰ ਰਣਜੀਤ ਸਿੰਘ ਅਤੇ 8 ਅਕਤੂਬਰ 2021 ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲਾਂ ਵਿੱਚ ਕਥਿਤ ਸਾਜਸ਼ੀ ਸ਼ਮੂਲੀਅਤ ਲਈ ਉਮਰ-ਕੈਦ ਦੀਆਂ ਦੋ ਸਜ਼ਾਵਾਂ ਸੁਣਾਈਆਂ ਗਈਆਂ ਸਨ। ਇਸ ਤਰ੍ਹਾਂ 2017 ਤੋਂ 2021 ਤੱਕ ਦੇ ਚਾਰ ਸਾਲਾਂ ਵਿੱਚ ਉਸਨੂੰ ਤਿੰਨ ਸਜ਼ਾਵਾਂ ਸੁਣਾਈਆਂ ਗਈਆਂ ਸਨ। ਪਰ ਫਿਰ ਵੀ ਉਸਦੀ 21 ਦਿਨਾਂ ਦੀ ਫਰਲੋ ’ਤੇ ਆਰਜ਼ੀ ਰਿਹਾਈ ਹੋਈ ।

ਸੌਦਾ ਸਾਧ ਨੂੰ ਪੈਰੋਲ ਜਾਂ ਫਰਲੋ ਦੇਣ ਦੀ ਰਫ਼ਤਾਰ ਸਾਲ 2022 ਤੋਂ ਬਾਅਦ ਤੇਜ਼ੀ ਫੜਦੀ ਹੈ, ਜਦੋਂ 1988 ਦਾ ‘ਦ ਹਰਿਆਣਾ ਗੁੱਡ ਕੰਡਕਟ ਪਰਿਜ਼ਨਰਜ਼ (ਟੈਂਪਰੇਰੀ ਰਿਲੀਜ਼) ਐਕਟ’ ਨੂੰ ਰੱਦ ਕਰ ਕੇ 31.03.2022 ’ਚ ਨਵਾਂ ‘ਦ ਹਰਿਆਣਾ ਗੁੱਡ ਕੰਡਕਟ ਪਰਿਜ਼ਨਰਜ਼ (ਟੈਂਪਰੇਰੀ ਰਿਲੀਜ਼) ਐਕਟ 2022’ ਹਰਿਆਣਾ ਵਿਧਾਨ ਸਭਾ ਵਿਚੋਂ ਪਾਸ ਹੁੰਦਾ ਹੈ ਐਕਟ ਲਾਗੂ ਕਰਨ ਲਈ ਸਰਕਾਰ ਵਲੋਂ ਕੁੱਝ ਨਿਯਮ ਬਣਾਏ ਜਾਂਦੇ ਹਨ ਪਰ 2022 ਦੇ ‘ਦ ਹਰਿਆਣਾ ਗੁੱਡ ਕੰਡਕਟ ਪਰਿਜ਼ਨਰਜ਼’ (ਟੈਂਪਰੇਰੀ ਰਿਲੀਜ਼) ਐਕਟ ਦੇ ਨਿਯਮ ਅੱਜ ਤੱਕ ਵੀ ਹੋਂਦ ਵਿਚ ਨਹੀਂ ਆਏ। ਸਾਲ 2022 ਦੇ ਨਵੇਂ ਕਾਨੂੰਨ ਵਿੱਚ ‘ਆਦਤਨ ਅਪਰਾਧੀ’ ਸ਼ਬਦ ਹਟਾ ਦਿੱਤਾ ਗਿਆ ।

ਉਸ ਤੋਂ ਬਾਅਦ ਉਸੇ ਸਾਲ ਹਰਿਆਣਾ ਵਿੱਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਸਮੇਂ 17 ਜੂਨ ਤੋਂ ਤੀਹ ਦਿਨਾਂ ਦੀ ਪੈਰੋਲ ਰਾਮ ਰਹੀਮ ਨੂੰ ਮਿਲ ਜਾਂਦੀ ਹੈ। ਇਸ ਪੈਰੋਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਸਾਲ 1988 ਦੇ ਐਕਟ ਦੀ ਧਾਰਾ 2( ਅਤੇ 2022 ਐਕਟ ਦੀ ਧਾਰਾ 2(ਪ)(7,8,9) ਖ਼ਤਰਨਾਕ ਕੈਦੀਆਂ ਦੀ ਸੂਚੀ ਵਿੱਚ ‘ਸੀਰੀਅਲ ਕਿਲਿੰਗ’, ਕੰਟਰੈਕਟ ਕਿਲਿੰਗ ਅਤੇ ਬਲਾਤਕਾਰ ਦੇ ਦੋਸ਼ੀਆਂ ਨੂੰ ਸ਼ਾਮਿਲ ਕਰਦੀ ਹੈ ਪਰ ਹਰਿਆਣਾ ਸਰਕਾਰ ਨੇ ਹਾਈ ਕੋਰਟ ਵਿੱਚ ਆਪਣੀ ਕਾਨੂੰਨੀ ਰਾਇ ਪੇਸ਼ ਕੀਤੀ ਕਿ ਕਿਉਂਕਿ ਰਾਮ ਰਹੀਮ ਉਸ ਵੇਲੇ ਤੱਕ ਦੋਸ਼ੀ ਠਹਿਰਾਏ ਕੇਸਾਂ ਵਿੱਚ ਕਤਲ ਕਰਨ ਦੇ ਜੁਰਮ ਵਿੱਚ ਆਪ ‘ਸਿੱਧਾ’ ਸ਼ਾਮਲ ਨਹੀਂ ਸੀ ਬਲਕਿ ਉਸਨੂੰ ਸਜ਼ਾ ਕਤਲ ਦੀ ਸਾਜਿਸ਼ ਦੇ ਦੋਸ਼ਾਂ ਵਿੱਚ ਹੋਈ ਹੈ, ਇਸ ਲਈ ਉਸ ਨੂੰ ਖ਼ਤਰਨਾਕ ਕੈਦੀ ਨਹੀਂ ਮੰਨਿਆ ਜਾ ਸਕਦਾ। ਹਾਈ ਕੋਰਟ ਨੇ ਭਾਵੇਂ 2022 ਦੇ ਐਕਟ ਦੀਆਂ ਧਾਰਾਵਾਂ ਅਨੁਸਾਰ ਰਾਮ ਰਹੀਮ ਦੀ ਪੈਰੋਲ ਰੱਦ ਨਹੀਂ ਕੀਤੀ ਪਰ ਭਵਿੱਖ ਵਿੱਚ ਮਨਮਾਨੇ ਤਰੀਕੇ ਨਾਲ ਪੈਰੋਲ ਨਾ ਦੇਣ ਦੀ ਚਿਤਾਵਨੀ ਦਿੱਤੀ । ਹਰਿਆਣਾ ਸਰਕਾਰ ਨੇ ਉਸੇ ਸਾਲ 15 ਅਕਤੂਬਰ ਨੂੰ ਫਿਰ 40 ਦਿਨ ਦੀ ਪੈਰੋਲ ਦੇ ਦਿੱਤੀ ਜਦੋਂ ਆਦਮਪੁਰ ਸੀਟ ’ਤੇ ਅਸੈਂਬਲੀ ਦੀ ਉਪ-ਚੋਣ ਸੀ। ਇਸ ਪੈਰੋਲ ’ਤੇ ਦਿੱਲੀ ਵੂਮੈਨ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲਦੀਵ ਨੇ ਰਾਮ ਰਹੀਮ ਨੂੰ ਖ਼ਤਰਨਾਕ ਵਿਅਕਤੀ ਲਿਖਦੇ ਹੋਏ ਵਾਰ ਵਾਰ ਮਿਲ ਰਹੀ ਪੈਰੋਲ ’ਤੇ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਉਠਾਇਆ ਸੀ ਪਰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਸ ਤੋਂ ਇਹ ਕਹਿੰਦਿਆਂ ਪੱਲਾ ਝਾੜ ਲਿਆ ਸੀ ਕਿ ਸਜ਼ਾਵਾਂ ਦੇਣ ਦਾ ਕੰਮ ਅਦਾਲਤਾਂ ਦਾ ਹੈ, ਨਿਯਮਾਂ ਅਨੁਸਾਰ ਪੈਰੋਲ ਦੇਣਾ ਜੇਲ੍ਹ ਅਧਿਕਾਰੀਆਂ ਦਾ ਅਤੇ ਇਸ ਵਿਚ ਮੇਰਾ ਕੋਈ ਰੋਲ ਨਹੀਂ।

ਉਸ ਤੋਂ ਬਾਅਦ ਵੀ ਸੌਦਾ ਸਾਧ ਨੂੰ ਪੈਰੋਲ ਅਤੇ ਫਰਲੋ ਅਕਸਰ ਚੋਣਾਂ ਦੇ ਨੇੜੇ-ਤੇੜੇ ਮਿਲਦੀ ਰਹੀ ਹੈ ਜਿਵੇਂ 20 ਜੁਲਾਈ, 2023 ਦੀ 40 ਦਿਨਾਂ ਪੈਰੋਲ ਸਮੇਂ ਹਰਿਆਣਾ ਵਿੱਚ ਪੰਚਾਇਤੀ ਚੋਣਾਂ, 21 ਨਵੰਬਰ 2023 ਦੀ ਤਿੰਨ ਹਫ਼ਤਿਆਂ ਦੀ ਫਰਲੋ ਸਮੇਂ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ, 2 ਅਕਤੂਬਰ 2024 ਦੀ ਵੀਹ ਦਿਨਾਂ ਪੈਰੋਲ ਸਮੇਂ ਹਰਿਆਣਾ ਵਿਧਾਨਸਭਾ ਚੋਣਾਂ ਅਤੇ 28 ਜਨਵਰੀ 2025 ਦੀ ਤੀਹ ਦਿਨਾਂ ਪੈਰੋਲ ਸਮੇਂ ਦਿੱਲੀ ਵਿਧਾਨ ਸਭਾ ਚੋਣਾਂ ਦਾ ਸਮਾਂ ਸੀ। ਇਸ ਤੋਂ ਇਲਾਵਾ 13 ਅਗਸਤ 2024 ਦੀ ਫਰਲੋ ਅਤੇ 5 ਅਗਸਤ 2025 ਦੀ ਪੈਰੋਲ ਦਾ ਸਮਾਂ ਸੌਦਾ ਸਾਧ ਦੇ 15 ਅਗਸਤ ਦੇ ਜਨਮ ਦਿਨ ਨਾਲ ਜੁੜਦਾ ਹੈ।

ਹਰਿਆਣਾ ਦੇ ਸਾਲ 1988 ਐਕਟ ਦੀ ਧਾਰਾ 3(1) ਅਨੁਸਾਰ ਕਿਸੇ ਕੈਦੀ ਦੀ ਆਰਜ਼ੀ ਰਿਹਾਈ ਲਈ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਕਰਨਾ ਸੀ:

(ੳ) ਮਰੀਜ਼ ਦੇ ਪਰਿਵਾਰ ਵਿਚ ਕਿਸੇ ਦੀ ਮੌਤ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਜਾਂ ਖੁਦ ਕੈਦੀ ਦੀ ਗੰਭੀਰ ਬਿਮਾਰੀ

(ਅ) ਕੈਦੀ ਦਾ ਆਪਣਾ, ਧੀ-ਪੁੱਤ, ਪੋਤੇ-ਪੋਤਰੇ, ਭੈਣ-ਭਰਾ, ਜਾਂ ਭਾਣਜੇ-ਭਾਣਜੀ ਦਾ ਵਿਆਹ, (ੲ) ਕੈਦੀ ਦੀ ਆਪਣੀ ਜਾਂ ਸਾਂਝੀ ਪਰਿਵਾਰਕ ਜ਼ਮੀਨ ’ਤੇ ਫਸਲ ਬੀਜਣ, ਕੱਟਣ ਜਾਂ ਸੰਭਾਲਣ ਲਈ, (ਸ) ਕੋਈ ਹੋਰ ਜ਼ਰੂਰੀ ਕਾਰਨ ‘ਹਰਿਆਣਾ ਗੁੱਡ ਕੰਡਕਟ ਪਰਿਜ਼ਨਰਜ਼’ (ਟੈਂਪਰੇਰੀ ਰਿਲੀਜ਼) ਰੂਲਜ਼ 2007 ਦੇ ਰੂਲ ਅੱਠ ਅਨੁਸਾਰ ਇਨ੍ਹਾਂ ਜ਼ਰੂਰੀ ਕਾਰਨਾਂ ਵਿਚ ਕਿਸੇ ਵਾਰਿਸ ਦਾ ਕਿਸੇ ਵਿੱਦਿਅਕ ਅਦਾਰੇ ਵਿਚ ਦਾਖਲਾ, ਪਤਨੀ ਦਾ ਜਣੇਪਾ, ਘਰ ਦੀ ਉਸਾਰੀ ਜਾਂ ਮੁਰੰਮਤ (ਤਿੰਨ ਸਾਲ ਵਿਚ ਸਿਰਫ਼ ਇਕ ਵਾਰ) ਜਾਂ ਭਰਾ ਦੀ ਮੌਤ ਹੋਣ ਦੀ ਸੂਰਤ ਵਿਚ ਉਸਦੇ ਕਿਸੇ ਬੱਚੇ ਦਾ ਵਿਆਹ) । ਸਾਲ 1988 ਦੇ ਐਕਟ ਦੀ ਧਾਰਾ 3(2) ਅਨੁਸਾਰ (ੳ) (ਮੌਤ ਜਾਂ ਬਿਮਾਰੀ ਦੀ ਹਾਲਤ ਵਿਚ) ਲਈ ਤਿੰਨ ਹਫ਼ਤੇ, (ਅ) (ਵਿਆਹ) ਅਤੇ (ਸ)(ਜ਼ਰੂਰੀ ਕਾਰਨ) ਲਈ ਚਾਰ ਹਫ਼ਤੇ ਅਤੇ (ੲ) (ਖੇਤੀ ਕੰਮਾਂ) ਲਈ ਛੇ ਹਫ਼ਤਿਆਂ ਦੀ ਪੈਰੋਲ ਦਿੱਤੀ ਜਾ ਸਕਦੀ ਸੀ । ਪਰ ਸਾਲ 2022 ਦੇ ਐਕਟ ਵਿੱਚ ਰਿਸ਼ਤੇਦਾਰ ਦੀ ਮੌਤ ਜਾਂ ਬਿਮਾਰੀ ਦੇ ਆਧਾਰ ’ਤੇ ਐਮਰਜੈਂਸੀ ਪੈਰੋਲ ਦਾ ਜ਼ਿਕਰ ਤਾਂ ਧਾਰਾ 2(ਜ)(ਜਜ) ਅਤੇ ਗਰਭਵਤੀ ਹਾਲਤਾਂ ਵਿੱਚ ਧਾਰਾ 3(2) ਵਿੱਚ ਹੈ ਪਰ ਪੈਰੋਲ ਜਾਂ ਫਰਲੋ ਦੀਆਂ 1988 ਦੇ ਐਕਟ ਦੀਆਂ ਬਾਕੀ ਸ਼ਰਤਾਂ ਦਾ ਕੋਈ ਜ਼ਿਕਰ ਨਹੀਂ। ਬਲਕਿ ਇਸ ਨਵੇਂ ਕਾਨੂੰਨ ਵਿੱਚ ਕੋਈ ਵੀ ਕੈਦੀ ਪੈਰੋਲ ਜਾਂ ਫਰਲੋ ਸਰਕਾਰੀ ਅਧਿਕਾਰੀਆਂ ਵੱਲੋਂ ਨਿਰਧਾਰਤ ‘ਚੰਗੇ ਵਰਤਾਅ ਅਤੇ ਸਾਊਪੁਣੇ’ ਦੇ ਆਧਾਰ ’ਤੇ ਹੀ ਹਾਸਿਲ ਕਰ ਸਕਦਾ ਹੈ, ਇਸ ਨਵੇਂ ਕਾਨੂੰਨ ਅਨੁਸਾਰ ਕੈਦੀ ਨੂੰ ਸਾਲ ਵਿੱਚ ਦਸ ਹਫ਼ਤਿਆਂ ਤੱਕ ਪੈਰੋਲ ਅਤੇ ਤਿੰਨ ਹਫ਼ਤਿਆਂ ਤੱਕ ਫਰਲੋ ਦੀ ਸਹੂਲਤ ਹਾਸਲ ਹੈ। ਇਹ ਕੁੱਲ ਮਿਲਾ ਕੇ ਸਾਲ ਵਿੱਚ ਤਿੰਨ ਮਹੀਨੇ ਬਣਦੀ ਹੈ ਅਤੇ ਸੌਦਾ ਸਾਧ ਇਸ ਨਵੇਂ ਕਾਨੂੰਨ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪੈਰੋਲ ਅਤੇ ਫਰਲੋ ਦਾ ਇਹ ਪੂਰਾ ਸਮਾਂ ਜੇਲ੍ਹ ਤੋਂ ਬਾਹਰ ਬਤੀਤ ਕਰ ਰਿਹਾ ਹੈ।

ਇੱਕ ਤੱਥ ਹੋਰ ਵੀ ਕਾਬਲੇ.ਗੌਰ ਹੈ ਕਿ ਹਰਿਆਣਾ ਤੋਂ ਬਿਨਾਂ ਕਿਸੇ ਵੀ ਰਾਜ ਨੇ ਆਪਣੇ ਹੋਂਦ ਵਿੱਚ ਆਉਣ ਤੋਂ ਬਾਅਦ ਦੂਜੀ ਵਾਰ ‘ਦ ਗੁੱਡ ਕੰਡਕਟ ਪਰਿਜ਼ਨਰਜ਼’ ‘ਟੈਂਪਰੇਰੀ ਰਿਲੀਜ਼’ ਐਕਟ ਦੁਬਾਰਾ ਨਹੀਂ ਬਣਾਇਆ । ਇੱਥੋਂ ਤੱਕ ਕਿ ਗੋਆ, ਗੁਜਰਾਤ ਅਤੇ ਉੱਤਰ ਪ੍ਰਦੇਸ਼ ਵਿੱਚ ਤਾਂ ਬਸਤੀਵਾਦੀ ਸਮੇਂ ਦੇ ਕ੍ਰਮਵਾਰ 1894, 1926 ਅਤੇ 1938 ਦੇ ਕਾਨੂੰਨ ਹੀ ਕੈਦੀਆਂ ਦੀ ਪੈਰੋਲ ਜਾਂ ਫਰਲੋ ਲਈ ਅੱਜ ਵੀ ਲਾਗੂ ਹਨ ।

ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ 3 ਸਤੰਬਰ 2020 ਨੂੰ ਸਾਰੀਆਂ ਰਾਜ ਸਰਕਾਰਾਂ ਨੂੰ ਇੱਕ ਐਡਵਾਈਜ਼ਰੀ ਵਿੱਚ ਲਿਖਿਆ ਸੀ ਕਿ ਚੋਣਵੇਂ ਕੈਦੀਆਂ ਨੂੰ ਹੀ ਨਿਰਧਾਰਤ ਸ਼ਰਤਾਂ ’ਤੇ ਪੈਰੋਲ ਜਾਂ ਫਰਲੋ ਦਿੱਤੀ ਜਾਵੇ । ਹਰਿਆਣਾ ਸਰਕਾਰ ਨੇ ਤਾਂ ਸ਼ਰਤਾਂ ਖਤਮ ਕਰ ਕੇ ਅਫ਼ਸਰਸ਼ਾਹੀ ਵੱਲੋਂ ਦਿੱਤੇ ‘ਸ਼ਰਾਫਤ’ ਦੇ ਸਰਟੀਫਿਕੇਟ ਨੂੰ ਹੀ ਪੈਰੋਲ ਅਤੇ ਫਰਲੋ ਦਾ ਆਧਾਰ ਮੰਨ ਲਿਆ ਹੈ। ਇਸੇ ਐਡਵਾਈਜ਼ਰੀ ਦੇ ਨੁਕਤਾ ਨੰਬਰ 4(ਜਜਜ) ਲਿਖਿਆ ਸੀ ਕਿ ਪੈਰੋਲ ਅਤੇ ਫਰਲੋ ਰੁਟੀਨ ਵਿੱਚ ਨਾ ਦਿੱਤੀ ਜਾਵੇ ਅਤੇ ਬਲਾਤਕਾਰ ਸਮੇਤ ਗੰਭੀਰ ਦੋਸ਼ਾਂ ਅਧੀਨ ਸਜ਼ਾ ਜਾਫਤਾ ਕੈਦੀਆਂ ਦੇ ਕੇਸਾਂ ਨੂੰ ਵਿਚਾਰਨ ਲਈ ਅਧਿਕਾਰੀਆਂ ਅਤੇ ਮਾਹਿਰਾਂ ਦੀ ਇੱਕ ਕਮੇਟੀ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਕਰੇ । ਸਾਲ 2016 ਦੇ ਮਾਡਰਨ ਜੇਲ੍ਹ ਮੈਨੂਅਲ ਵਿੱਚ ਵੀ ਹਦਾਇਤ ਹੈ ਕਿ ਯੋਗ ਸ਼ਰਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਹਰਿਆਣਾ ਵਿੱਚ ਸਾਰੇ ਕੈਦੀ ਰਾਮ ਰਹੀਮ ਜਿੰਨੇ ਖੁਸ਼ਕਿਸਮਤ ਨਹੀਂ ਹਨ। ਫੂਲ ਕੁਮਾਰ ਬਨਾਮ ਸਟੇਟ ਆਫ਼ ਹਰਿਆਣਾ ਦੇ ਕੇਸ ਨੰਬਰ 1350 ਆਫ਼ 2022 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ ਸਰਕਾਰ ਦੀ ਦਿਮਾਗ ਨਾ ਵਰਤਣ ਦੀ ਪ੍ਰਵਿਰਤੀ ਨੂੰ ਉਜਾਗਰ ਕਰਦੇ ਹੋਏ ਸਖ਼ਤ ਟਿੱਪਣੀਆਂ ਕੀਤੀਆਂ ਸਨ ਅਤੇ ਦੋਸ਼ੀ ਨੂੰ ਪੈਰੋਲ ਦੇਣ ਦਾ ਹੁਕਮ ਦਿੱਤਾ ਸੀ, ਜਿਸਨੂੰ ਹਰਿਆਣਾ ਸਰਕਾਰ ਨੇ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਬਲਾਤਕਾਰੀ ਸਾਧ ਗੁਰਮੀਤ ਰਾਮ ਰਹੀਮ ਦੀ 2022 ਤੋਂ ਬਾਅਦ ਦੀ ਪੈਰੋਲ ਜਾਂ ਫਰਲੋ ਹਰਿਆਣਾ ਦੇ ਨਵੇਂ ਕਾਨੂੰਨ ਅਨੁਸਾਰ ਜਾਇਜ਼ ਠਹਿਰਾਈ ਜਾ ਸਕਦੀ ਹੈ ਪਰ ਕੀ 2022 ਦੇ ਕਾਨੂੰਨ ਦੀਆਂ ਸ਼ਰਤਾਂ ਸੌਦਾ ਸਾਧ ਨੂੰ ਫਾਇਦਾ ਪਹੁੰਚਾਉਣ ਲਈ ਹੀ ਤਾਂ ਨਰਮ ਨਹੀਂ ਕੀਤੀਆਂ ਗਈਆਂ ? ਜਿੱਥੇ ਕਿਸੇ ਕੈਦੀ ਦੇ ਸੰਵਿਧਾਨਕ ਹੱਕ ਦੀ ਰਾਖੀ ਕਰਨ ਲਈ ਰਾਜ ਪਾਬੰਦ ਹੈ, ਉੱਥੇ ਕਿਸੇ ਪੀੜਤ ਦੇ ਇਨਸਾਫ਼ ਨੂੰ ਵੀ ਆਂਚ ਨਹੀਂ ਆਉਣੀ ਚਾਹੀਦੀ। ਉਂਝ ਵੀ ਇੱਕ ਮੁਲਕ ਵਿੱਚ ਕੈਦੀਆਂ ਨੂੰ ਪੈਰੋਲ ਜਾਂ ਫਰਲੋ ਦੇਣ ਦੇ ਵੱਖਰੇ-ਵੱਖਰੇ ਪੈਮਾਨੇ ਜਾਂ ਕਾਨੂੰਨ ਕਿਉਂ ਹੋਣ ? ਸੰਯੁਕਤ ਰਾਸ਼ਟਰ ਦੇ ਨੈਲਸਨ ਮੰਡੇਲਾ ਰੂਲ ਵੀ ਕਿਸੇ ਕੈਦੀ ਨੂੰ ਨਸਲ, ਲਿੰਗ, ਜ਼ੁਬਾਨ, ਧਰਮ, ਸਿਆਸੀ ਵਿਚਾਰਾਂ, ਕੌਮੀਅਤ, ਸਾਮਾਜਿਕ ਰੁਤਬੇ, ਜਨਮ ਸਥਾਨ ਆਦਿ ਦੇ ਆਧਾਰ ’ਤੇ ਵਿਤਕਰੇ ਨੂੰ ਖਾਰਜ ਕਰਦੇ ਹਨ। ਭਾਰਤੀ ਸੰਵਿਧਾਨ ਵੀ ਇਹੋ ਕੁੱਝ ਕਹਿੰਦਾ ਹੈ । ਫਿਰ ਕੈਦੀਆਂ ਨੂੰ ਪੈਰੋਲ ਜਾਂ ਫਰਲੋ ਦੇਣ ਦੇ ਮਾਮਲੇ ਵਿਚ ਵਿਤਕਰਾ ਕਿਉਂ ?

-ਲੇਖਕ ਸਾਬਕਾ ਸਿਵਲ ਸਰਜਨ ਹਨ

# ਕੀ ਜ਼ੈਨ-ਜੀ ਇਨਕਲਾਬ ਦਾ ਪੰਜਾਬ ’ਤੇ ਹੋਵੇਗਾ ਅਸਰ ?



ਦਰਬਾਰਾ ਸਿੰਘ ਕਾਹਲੋਂ

ਪੰਜਾਬ ਦਾ ਇੱਕ ਮਸ਼ਹੂਰ ਲੋਕ ਗੀਤ ਹੈ, ‘ਪਿੱਪਲ ਦਿਆ ਪੱਤਿਆ ਵੇ ਕਾਹਦੀ ਖੜ-ਖੜ ਲਾਈ ਆ, ਪੱਤ ਝੜੇ ਪੁਰਾਣੇ, ਰੁੱਤ ਨਵਿਆਂ ਦੀ ਆਈ ਆ।’ ਇਸ ਸਮੇਂ ਜਦੋਂ ਪੂਰੇ ਵਿਸ਼ਵ ਅੰਦਰ ਨੌਜਵਾਨਾਂ ’ਤੇ ਅਧਾਰਤ ਜ਼ੈਨ-ਜੀ ਇਨਕਲਾਬ ਪੂਰੇ ਵਿਸ਼ਵ ਅੰਦਰ ਅੰਗੜਾਈ ਲੈ ਰਿਹਾ ਹੈ। ਭਾਰਤੀ ਪੰਜਾਬ ਸੂਬਾ ਵੀ ਇਸ ਤੋਂ ਪ੍ਰਭਾਵਿਤ ਦਿਖਾਈ ਦੇ ਰਿਹਾ ਹੈ। ਦੇਸ਼ ਵਿਦੇਸ਼ ’ਚ ਬੈਠੇ ਤੇਜ਼ ਤਰਾਰ ਬੁੱਧੀਜੀਵੀ, ਚੇਤਨ ਅਤੇ ਇਨਕਲਾਬੀ ਸੋਚ ਵਾਲੇ ਪੰਜਾਬੀ ਨੌਜਵਾਨ ਪੰਜਾਬ ਅੰਦਰ ਅਜੋਕੇ ਪ੍ਰਸ਼ਾਸਨਿਕ ਮਾਡਲ ਅਤੇ ਸਰਕਾਰਾਂ ਦੇ ਕੰਮਕਾਜ ਤੋਂ ਬਿਲਕੁਲ ਸੰਤੁਸ਼ਟ ਨਹੀਂ ਹਨ।

ਉਹ ਪੰਜਾਬ ਅੰਦਰ ਅਜਿਹੀ ਨਵੀਂ ਕਿਸਮ ਦੀ ਰਾਜਨੀਤਕ, ਆਰਥਿਕ, ਪ੍ਰਸ਼ਾਸਨਿਕ, ਸਰਬ ਸਾਂਝੀਵਾਲਤਾ ਅਤੇ ਭਾਈਚਾਰਕ ਏਕਤਾ ਦੀ ਪ੍ਰਤੀਕ ਵਿਵਸਥਾ ਸਥਾਪਤ ਕਰਨਾ ਚਾਹੁੰਦੇ ਹਨ, ਜਿਸ ’ਚ ਹਰ ਪੰਜਾਬੀ ਦੀਆਂ ਆਸ਼ਾਵਾਂ, ਉਮੀਦਾਂ ਅਤੇ ਲੋੜਾਂ ਦੀ ਪੂਰਤੀ ਹੋ ਸਕੇ ਅਤੇ ਉਹ ਪੂਰਨ ਅਮਨ ਸਕੂਨ ਨਾਲ ਇਕ ਖ਼ੁਸ਼ਹਾਲ ਜੀਵਨ ਬਸਰ ਕਰ ਸਕਣ। ਪੰਜਾਬ ਦੀ ਫਿਜ਼ਾ ’ਚ ਲਗਾਤਾਰ ਇਨਕਲਾਬ ਦੀ ਸਰਸਰਾਹਟ ਚੱਲਦੀ ਰਹਿੰਦੀ ਹੈ। ਇਵੇਂ ਹੀ ਪੰਜਾਬ ਦੇ ਪੰਜ ਪਾਣੀਆਂ ’ਚ ਲਗਾਤਾਰ ਇਨਕਲਾਬੀ ਝਣਝਣਾਹਟ ਦੀ ਆਹਟ ਥਿਰਕਦੀ ਰਹਿੰਦੀ ਹੈ। ਇਹ ਇਸ ਧਰਤੀ ਦਾ ਸਦੀਵੀ ਵਰਤਾਰਾ ਹੈ। ਰੁੱਤਾਂ ਬਦਲਦੀਆਂ ਰਹਿੰਦੀਆਂ ਹਨ, ਸਾਲ ਗੁਜ਼ਰਦੇ ਰਹਿੰਦੇ ਹਨ ਪਰ ਇਹ ਵਰਤਾਰਾ ਆਦਿ ਕਾਲ ਤੋਂ ਕਾਦਰ ਤੇ ਕੁਦਰਤ ਦੀ ਮਿਹਰਬਾਨੀ ਕਰਕੇ ਨਿਰੰਤਰ ਚੱਲਦਾ ਰਹਿੰਦਾ ਹੈ। ਇਸ ’ਚ ਅਸੰਖ ਕੁਰਬਾਨੀਆਂ ਅਤੇ ਤਬਦੀਲੀਆਂ ਦਾ ਸ਼ਾਨਾਮੱਤਾ ਇਤਿਹਾਸ ਦਰਜ ਹੈ। ਅੱਜ ਇੱਕ ਵਾਰ ਫਿਰ ਪੰਜਾਬ ਅੰਦਰ ਰਾਜਨੀਤਿਕ ਖਲਾਅ ਦੀ ਆਹਟ ਉੱਭਰ ਰਹੀ ਵਿਖਾਈ ਦੇ ਰਹੀ ਹੈ, ਜਿਵੇਂ ਕਿ ਕਰੀਬ ਪੰਜ ਸਾਲ ਪਹਿਲਾਂ ਅਜਿਹੀ ਟੁਣਕਾਰ ਅਸ਼ੋਪਲੇ ਦਸਤਕ ਦਿੰਦੀ ਇਕ ਰਾਜਨੀਤਿਕ ਇਨਕਲਾਬ ਦੀ ਜਾਮਨ ਬਣੀ ਸੀ, ਜਿਸ ਨੇ ਪੰਜਾਬ ਅੰਦਰ ਆਮ ਆਦਮੀ ਪਾਰਟੀ (ਆਪ) ਨੂੰ ਹੂੰਝਾ ਫੇਰ ਜਿੱਤ ਨਾਲ ਸੱਤਾ ’ਚ ਲਿਆ ਕੇ ਪੂਰੇ ਦੇਸ਼ ਅਤੇ ਦੇਸ਼ ਵਿਦੇਸ਼ ’ਚ ਵਸ ਰਹੀ ਪੰਜਾਬੀਅਤ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਸੀ। ‘ਆਪ’ ਦੀ ਭਗਵੰਤ ਮਾਨ ਦੀ ਅਗਵਾਈ ’ਚ 16 ਮਾਰਚ, 2022 ਨੂੰ ਸੱਤਾ ’ਚ ਆਈ ਸਰਕਾਰ ਨੇ ਰਵਾਇਤੀ ਰਾਜਨੀਤੀ, ਸਥਾਪਤੀ ਨਿਜ਼ਾਮ, ਆਰਥਿਕ ਮੰਦਹਾਲੀ ਅਤੇ ਕਰਜ਼ੇ ਦੇ ਚੱਕਰ ’ਚੋਂ ਪੰਜਾਬ ਨੂੰ ਬਾਹਰ ਕੱਢਣ ਦਾ ਵਾਅਦਾ ਕੀਤਾ ਸੀ। ਇਸ ਨੇ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਭ੍ਰਿਸ਼ਟਾਚਾਰ, ਵੀ.ਆਈ.ਪੀ. ਸੱਭਿਆਚਾਰ, ਪੁਲਿਸ ਅੱਤਵਾਦੀ ਦਹਿਸ਼ਤਵਾਦ ਖ਼ਤਮ ਕਰਨ ਦਾ ਭਰੋਸਾ ਦਿੱਤਾ ਸੀ।

ਗਰਕ ਹੋ ਚੁੱਕੇ ਸਿੱਖਿਆ, ਸਿਹਤ, ਸੜਕ, ਸੱਨਅਤ, ਨਿਵੇਸ਼ਕਾਰੀ ਅਤੇ ਵਿਕਾਸ ਦੇ ਢਾਂਚੇ ਨੂੰ ਮੁੜ ਸਿਹਤਮੰਦ ਅਤੇ ਗਤੀਸ਼ੀਲ ਲੀਹਾਂ ’ਤੇ ਲਿਆਉਣ ਦਾ ਭਰੋਸਾ ਦਿੱਤਾ ਸੀ। ਪੰਜਾਬ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਭਾਰਤੀ ਸੰਵਿਧਾਨ ਦੇ ਘਾੜੇ ਬਾਬਾ ਸਾਹਿਬ ਅੰਬੇਦਕਰ ਦੇ ਸੁਪਨਿਆਂ ਅਨੁਸਾਰ ਇਕ ਹੈਰਾਨ ਕਰਨ ਵਾਲਾ ‘ਰੰਗਲਾ ਪੰਜਾਬ’ ਸਿਰਜਣ ਦਾ ਬਚਨ ਦਿੱਤਾ ਸੀ। ਹਕੀਕਤ ’ਚ ਭਾਰਤ ਦੀ ਧਰਤੀ ’ਤੇ ਕਿਸੇ ਵੀ ਰਾਜਨੀਤਿਕ ਪਾਰਟੀ ਅਤੇ ਸਰਕਾਰ ਨੇ ਕਦੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੀ ਕੋਈ ਰਾਜਨੀਤੀ ਜਾਂ ਰਣਨੀਤੀ ਜਾਂ ਪਾਲਸੀ ਅਮਲ ’ਚ ਨਹੀਂ ਲਿਆਂਦੀ। ਕੁਮਾਰੀ ਮਾਇਆਵਤੀ ਭਾਵੇਂ ਉੱਤਰ ਪ੍ਰਦੇਸ਼ ’ਚ ਬਹੁਜਨ ਸਮਾਜ ਪਾਰਟੀ ਦੇ ਆਗੂ ਵਜੋਂ ਚਾਰ ਵਾਰ ਮੁੱਖ ਮੰਤਰੀ ਰਹੀ ਪਰ ਉਸ ਨੇ ਬਾਬਾ ਸਾਹਿਬ ਅੰਬੇਦਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਸੁਪਨਿਆ ਨੂੰ ਸਾਕਾਰ ਕਰਨ ਲਈ ਕਿਸੇ ਅਜਿਹੀ ਠੋਸ ਇਨਕਲਾਬੀ ਨੀਤੀ ਨੂੰ ਲਾਗੂ ਨਹੀਂ ਕੀਤਾ। ਉਹ ਦਲਿਤ ਆਗੂਆਂ, ਬਹੁਜਨ ਸਮਾਜ ਪਾਰਟੀ ਦੇ ਚੋਣ ਨਿਸ਼ਾਨ ‘ਹਾਥੀ’ ਅਤੇ ਆਪਣੇ ਬੁੱਤ ਉਸਾਰਨ ਅਤੇ ਭ੍ਰਿਸ਼ਟਾਚਾਰੀ ਭਾਈ-ਭਤੀਜਾਵਾਦੀ ਸ਼ਾਸਨ ਦੇ ਚੱਕਰ ’ਚ ਫਸ ਕੇ ਪਤਨ ਦਾ ਸ਼ਿਕਾਰ ਹੋ ਗਈ। ਆਪ ਸਰਕਾਰ ਭਾਵੇਂ ਅੰਨਾ ਹਜ਼ਾਰੇ ਅੰਦੋਲਨ ਸਮੇਂ ਕੀਤੇ ਵਾਇਦੇ ਅਨੁਸਾਰ ਇੱਕ ਤਾਕਤਵਰ ਲੋਕਪਾਲ ਨਿਯੁਕਤ ਨਹੀਂ ਕਰ ਸਕੀ, ਜਿਸ ਅਧੀਨ ਸਣੇ ਮੁੱਖ ਮੰਤਰੀ ਪੂਰਾ ਪ੍ਰਸ਼ਾਸਨ ਅਤੇ ਸਰਕਾਰ ਹੁੰਦੀ ਹੈ ਪਰ ਇਸ ਨੇ ਭ੍ਰਿਸ਼ਟਾਚਾਰ ਵਿਰੁੱਧ ਤਕੜੀ ਲੜਾਈ ਦੇਣ ਦਾ ਮੁਜਾਹਿਰਾ ਕੀਤਾ। ਆਪਣੀ ਸਰਕਾਰ ਦੇ ਭ੍ਰਿਸ਼ਟ ਮੰਤਰੀਆਂ, ਵਿਧਾਇਕਾਂ ਅਤੇ ਅਫ਼ਸਰਸ਼ਾਹਾਂ ਵਿਰੁੱਧ ਸ਼ਿਕੰਜਾ ਕੱਸਿਆ। ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਹਿੱਕ ਡਾਹੀ ਅਤੇ ਹੁਣ ਰਾਜਸਥਾਨ ਤੋਂ ਬੰਦ ਹੋਈ ਲੱਖਾਂ ਕਰੋੜਾਂ ਦੀ ਰਾਇਲਟੀ ਵਸੂਲਣ ਲਈ ਦਲੇਰਾਨਾ ਕਦਮ ਚੁੱਕਿਆ।

ਰਾਜ ’ਚ ਟਿਊਬਵੈੱਲਾਂ ਰਾਹੀਂ ਧਰਤੀ ਹੇਠਲੇ ਪਾਣੀ ਅਤੇ ਬਿਜਲੀ ਖ਼ਪਤ ਨੂੰ ਬਚਾਉਣ ਲਈ ਨਹਿਰੀ ਪਾਣੀਆਂ ਨੂੰ ਟੇਲਾਂ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ। ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਸ਼ੁਰੂ ਕੀਤੀ। ਪੰਜਾਬ ਦੀ ਅਜੋਕੀ ਨੌਜਵਾਨ ਪੀੜੀ ਮਹਿਸੂਸ ਕਰਦੀ ਹੈ ਕਿ ‘ਆਪ’ ਸਰਕਾਰ ਵੀ ਆਪਣੀਆਂ ਪਹਿਲੀਆਂ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਸਰਕਾਰਾਂ ਵਾਂਗ ਰਾਜ ਅੰਦਰ ਸਰਕਾਰੀ ਅਤੇ ਗ਼ੈਰ-ਸਰਕਾਰੀ ਅੱਤਵਾਦ ਕਰ ਕੇ ਪਲਾਇਨ ਕਰ ਚੁੱਕੀਆਂ ਸਨ ਅਤੇ ਨਿਵੇਸ਼ਕਾਰਾਂ ਦਾ ਮੁਹਾਨਾ ਮੁੜ ਪੰਜਾਬ ਵੱਲ ਮੋੜਨ ਤੋਂ ਨਾਕਾਮ ਰਹੀ। ਇਹਨਾਂ ਘਰਾਣਿਆਂ ਨੇ ਬੇਅੰਤ ਸਿੰਘ ਸਰਕਾਰ ਵੇਲੇ ਇਹਨਾਂ ਨੂੰ ਸਨਅਤਾਂ ਲਗਾਉਣ ਲਈ ਕੌਡੀਆਂ ਦੇ ਭਾਅ ਦਿੱਤੀ ਜ਼ਮੀਨ ਅਰਬਾਂ-ਖਰਬਾਂ ’ਚ ਵੇਚ ਕੇ ਜਿਵੇਂ ਪੰਜਾਬ ਨੂੰ ਧੋਖਾ ਦਿੱਤਾ ਹੈ ਇਸ ਤੋਂ ਅਜੋਕੀ ਨੌਜਵਾਨ ਪੀੜੀ ਸੁੰਨ ਹੋ ਕੇ ਰਹਿ ਗਈ ਹੈ। ਇਨ੍ਹਾਂ ਤਾਂ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਗੰਧਲਾ ਕਰਨ ਤੋਂ ਕੋਈ ਕਸਰ ਬਾਕੀ ਨਹੀਂ ਛੱਡੀ। ਪੰਜਾਬ ਅੰਦਰ ਕਿੱਤਾ ਮੁਖੀ ਸਿੱਖਿਆ ਮਾਡਲ ਦੀ ਸਖ਼ਤ ਲੋੜ ਹੈ। ਅਜੋਕਾ ਮਾਡਲ ਆਧੁਨਿਕ ਪੀੜ੍ਹੀ ਦੀਆਂ ਲੋੜਾਂ ਦੇ ਅਨੁਕੂਲ ਨਹੀਂ। ਰੁਜ਼ਗਾਰ ਨਾ ਮਿਲਣ ਕਰਕੇ ਲੱਖਾਂ ਨੌਜਵਾਨ ਵਿਦੇਸ਼ ਚਲੇ ਗਏ ਪਰ ਹੁਣ ਉਨ੍ਹਾਂ ਦੇਸ਼ਾਂ ’ਚ ਰੁਜ਼ਗਾਰ ਅਤੇ ਪਰਵਾਸ ਤੋਂ ਨਾਂਹ ਹੋ ਰਹੀ ਹੈ। ਅਰਬਾਂ ਰੁਪਏ ਖ਼ਰਚਣ ਦੇ ਬਾਵਜੂਦ ਕੈਨੇਡਾ, ਆਸਟਰੇਲੀਆ, ਅਮਰੀਕਾ, ਬ੍ਰਿਟੇਨ, ਨਿਊਜ਼ੀਲੈਂਡ ਆਦਿ ਦੇਸ਼ਾਂ ਵੱਲੋਂ ਆਪਣੀਆਂ ਪਰਵਾਸ ਨੀਤੀਆਂ ’ਚ ਲਿਆਂਦੀਆਂ ਤਬਦੀਲੀਆਂ ਕਰਕੇ ਲੱਖਾਂ ਨੌਜਵਾਨਾਂ ਦਾ ਭਵਿੱਖ ਹਨੇਰੇ ’ਚ ਲਟਕ ਗਿਆ ਹੈ। ਉਹ ਵਾਪਸ ਪਰਤ ਕੇ ਜਰਮਨੀ ਵਰਗਾ ਕਿੱਤਾ ਮੁਖੀ ਸਿੱਖਿਆ ਮਾਡਲ ਪੰਜਾਬ ’ਚ ਸਥਾਪਿਤ ਕਰਨਾ ਚਾਹੁੰਦੇ ਹਨ, ਜੋ ਸਕੂਲ ਅਤੇ ਕਾਲਜ ਸਮੇਂ ਤੋਂ ਹੀ ਹੁਨਰਮੰਦ ਨੌਜਵਾਨਾਂ ਨੂੰ ਕਿਰਤ ਲਈ ਸਨਅਤਾਂ ਅਤੇ ਕਿੱਤਾ ਮੁਖੀ ਅਦਾਰਿਆਂ ਨਾਲ ਜੋੜਦਾ ਹੈ। ਸਰਕਾਰ ਵੱਲੋਂ ਹੁਕਮ ਹਨ, ਉਨ੍ਹਾਂ ਦੀ ਬਣਦੀ ਉਜਰਤ ਅਦਾ ਕੀਤੀ ਜਾਵੇ। ਪੰਜਾਬ ਦਾ ਰਾਜਨੀਤਿਕ ਸਿਸਟਮ ਇੰਨਾ ਪੇਚੀਦਾ ਅਤੇ ਗੰਧਲਾ ਹੋ ਚੁੱਕਾ ਹੈ ਕਿ ਕੋਈ ਵੀ ਰਿਵਾਇਤੀ ਪਾਰਟੀ ਇਸ ਦੇ ਵੱਲੋਂ ਸਿਰਜੇ ਵੀਆਈਪੀ ਸਿਸਟਮ, ਅੰਗ ਰਖਿਅਕ ਸੱਭਿਆਚਾਰ, ਮੁਫ਼ਤਖੋਰ ਰਿਓੜੀ ਵੰਡ ਅਤੇ ਹਲਕਾ ਇੰਚਾਰਜ ਦੀ ਦਲਦਲ ’ਚੋਂ ਬਾਹਰ ਨਹੀਂ ਨਿਕਲ ਪਾ ਰਹੀ। ਫਿਰ ਨਸ਼ਿਆਂ, ਫਿਰੌਤੀਆਂ, ਗੈਂਗਸਟਰਵਾਦ ਵਿਰੁੱਧ ਕੌਣ ਲੜੇ ? ਅਮਨ ਕਾਨੂੰਨ ਦਾ ਰਾਜ ਕੌਣ ਕਾਇਮ ਕਰੇ ? ਨੌਜਵਾਨ ਪੀੜ੍ਹੀ ਅਜਿਹੀ ਫਜ਼ੂਲਤਾ ਦਾ ਅੰਤ ਕਰ ਦੇਣਾ ਚਾਹੁੰਦੀ ਹੈ, ਜਿਸ ਦਾ ਤਜਰਬਾ ਉਨ੍ਹਾਂ ਨੇ ਵਿਦੇਸ਼ਾਂ ’ਚੋਂ ਪ੍ਰਾਪਤ ਕੀਤਾ ਹੈ। ਅੱਜ ਪੰਜਾਬ ਸਿਰ ਜੇਕਰ ਬੋਰਡਾਂ ਤੇ ਕਾਰਪੋਰੇਸ਼ਨ ਦਾ ਕਰਜ਼ਾ ਜਮ੍ਹਾਂ ਕਰ ਲਿਆ ਜਾਵੇ ਤਾਂ 6 ਲੱਖ ਦੇ ਕਰੀਬ ਪਹੁੰਚ ਚੁੱਕਾ ਹੈ।

ਉਹ ਰਾਜਨੀਤਿਕ ਏਕਾਧਿਕਾਰ ਅਤੇ ਸ਼ਕਤੀਆਂ ਦਾ ਕੇਂਦਰੀਕਰਨ ਦੀ ਥਾਂ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਅਨੁਸਾਰ ਸਥਾਨਕ ਸੰਸਥਾਵਾਂ ਨੂੰ ਸ਼ਕਤੀਆਂ ਦੇਣਾ ਚਾਹੁੰਦੀ ਹੈ, ਜਿਵੇਂ ਕਿ ਪੱਛਮ ’ਚ ਹਰ ਸ਼ਹਿਰ ਦਾ ਮੇਅਰ ਇਕ ਮੁੱਖ ਮੰਤਰੀ ਵਾਂਗ ਆਪਣੇ ਕੌਂਸਲਰਾਂ ਅਤੇ ਪ੍ਰਸ਼ਾਸਨ ਦੀ ਮਦਦ ਨਾਲ ਆਪਣੇ ਲੋਕਾਂ ਦੀ ਸੇਵਾ ਅਤੇ ਵਿਕਾਸ ਲਈ ਸਮਰਪਤ ਹੁੰਦਾ ਹੈ। ਅਮਨ-ਕਾਨੂੰਨ ਕਾਇਮ ਰੱਖਣ ਲਈ ਉਸ ਦੀ ਆਪਣੀ ਪੁਲਿਸ ਹੁੰਦੀ ਹੈ। ਪੰਜਾਬ ਅੰਦਰ ਪੁਲਿਸ ਤਾਲਬਾਨੀਕਰਨ ਦੇ ਖ਼ਾਤਮੇ ਲਈ ਇਸ ਦਾ ਵਿਕੇਂਦਰੀਕਰਨ ਅਤੀ ਜ਼ਰੂਰੀ ਹੈ ਤਾਂ ਕਿ ਥਾਣਾ ਮੁਖੀ ਅਤੇ ਜ਼ਿਲ੍ਹਾ ਪੁਲਿਸ ਮੁਖੀ ਦਾ ਨਵਾਬੀਕਰਨ ਦਫਨ ਹੋ ਸਕੇ।

(ਬਾਕੀ ਸਫ਼ਾ 27 ’ਤੇ)

# ਪੰਜਾਬ ਦੇ ਹਕੀਕੀ ਮਸਲੇ: ਵਿਧਾਨ ਸਭਾ ਚੋਣਾਂ ਮੌਕੇ ਵੋਟਰਾਂ ਲਈ ਸਵੈ-ਪੜਚੋਲ ਦਾ ਸਮਾਂ

ਬਲਬੀਰ ਸਿੰਘ ਰਾਜੇਵਾਲ

ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ ਮਹੀਨੇ ਤੱਕ ਹੋਣੀਆਂ ਹਨ। ਇਸ ਵਿੱਚ ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ, ਮਨੀਪੁਰ ਤੇ ਗੋਆ ਸ਼ਾਮਿਲ ਹਨ। ਪੰਜਾਬ ’ਚ ਇਹ ਚੋਣਾਂ ਨਵੰਬਰ 2026 ਵਿੱਚ ਹੋ ਜਾਣ ਦੇ ਵੀ ਚਰਚੇ ਹਨ। ਇਸ ਵੇਲੇ ਚੋਣਾਂ ਲੜਨ ਵਾਲੀਆਂ ਸਾਰੀਆਂ ਧਿਰਾਂ ਕਈ ਮਹੀਨਿਆਂ ਤੋਂ ਪੂਰੀ ਤਰ੍ਹਾਂ ਸਰਗਰਮ ਹਨ ਤੇ ਸੱਤਾ ਲਈ ਵੱਡੇ ਲਾਮ ਲਸ਼ਕਰ ਲੈ ਕੇ ਲੋਕਾਂ ਨੂੰ ਭਰਮਾਉਣ ਲਈ ਪੂਰੀ ਟਿੱਲ ਲਾ ਰਹੀਆਂ ਹਨ। ਇੱਕ-ਦੂਜੇ ਵਿਰੁੱਧ ਦੂਸ਼ਣਬਾਜ਼ੀ ਕਰਦਿਆਂ ਲੋਕਾਂ ਨੂੰ ਸਬਜ਼ਬਾਗ਼ ਦਿਖਾਏ ਜਾ ਰਹੇ ਹਨ। ਝੂਠੇ ਲਾਰਿਆਂ ਦੀ ਭਰਮਾਰ ਹੈ। ਧਰਮ, ਜਾਤ, ਫਿਰਕੇ ਆਦਿ ਦਾ ਵਾਸਤਾ ਵੀ ਪਾਇਆ ਜਾ ਰਿਹਾ ਹੈ, ਪਰ ਲੋਕਾਂ ਦੇ ਮੁੱਦੇ ਗ਼ਾਇਬ ਹਨ। ਪਹਿਲੀਆਂ ਚੋਣਾਂ ਵਾਂਗ ਇਸ ਵਾਰ ਵੀ ਕਾਵਾਂ ਰੌਲੀ ਪਾ ਕੇ ਪਹਿਲਾਂ ਨਾਲੋਂ ਵੱਡੇ ਕੀਰਤੀਮਾਨ ਸਥਾਪਿਤ ਕਰਨ ਲਈ ਪੂਰੀ ਟਿੱਲ ਲਾਈ ਜਾ ਰਹੀ ਹੈ।

ਪੰਜਾਬ ’ਚ ਨਸ਼ੇ ਵੱਡੀ ਸਮੱਸਿਆ ਬਣੇ ਹੋਏ ਹਨ। ਹਰ ਕੋਈ ਨਸ਼ੇ ਖਤਮ ਕਰਨ ਦੇ ਵਾਅਦੇ ਕਰ ਰਿਹਾ ਹੈ, ਪਰ ਨਸ਼ੇ ਵੇਚਣ ਵਾਲੇ ਹਰ ਪਾਰਟੀ ’ਚ ਮੌਜੂਦ ਹਨ। ਇੱਕ ਟੈਲੀਫੋਨ ’ਤੇ ਨਸ਼ਾ ਘਰੋ-ਘਰੀ ਪਹੁੰਚ ਜਾਂਦਾ ਹੈ। ਪੁਲਿਸ ਤੇ ਨਸ਼ੇ ਰੋਕਣ ਦਾ ਦਾਅਵਾ ਕਰਨ ਵਾਲੇ ਨੇਤਾਵਾਂ ਦੇ ਸਾਰੇ ਨਸ਼ੇ ਵੇਚਣ ਵਾਲੇ ਭਾਈਵਾਲ ਹਨ, ਕਿਉਂਕਿ ਇਨ੍ਹਾਂ ਦੀ ਸਰਪ੍ਰਸਤੀ ਤੋਂ ਬਿਨਾਂ ਨਸ਼ੇ ਦਾ ਧੰਦਾ ਹੋ ਹੀ ਨਹੀਂ ਸਕਦਾ। ਸਰਹੱਦ ਨਾਲ ਲਗਦੀ ਪੰਜਾਬ ਦੀ 50 ਕਿਲੋਮੀਟਰ ਦੀ ਪੱਟੀ ਕੇਂਦਰੀ ਸੁਰੱਖਿਆ ਬਲ ਦੇ ਅਧੀਨ ਹੈ, ਫਿਰ ਵੀ ਨਸ਼ਿਆਂ ਨਾਲ ਲੱਦੇ ਡਰੋਨ ਸਰਹੱਦ ਪਾਰੋਂ ਆ ਰਹੇ ਹਨ। ਦੋ ਦਹਾਕਿਆਂ ਤੋਂ ਕਈ ਪਾਰਟੀਆਂ ਦੀਆਂ ਸਰਕਾਰਾਂ ਆਈਆਂ ਪਰ ਨਸ਼ਿਆਂ ’ਤੇ ਕੋਈ ਵੀ ਕਾਬੂ ਨਾ ਪਾ ਸਕਿਆ। ਪਤਾਂ ਨਹੀਂ ਪੰਜਾਬ ਸਿਰੋਂ ਇਹ ਲਾਅਨਤ ਕਦੋਂ ਲੱਥੇਗੀ ? ਸਾਰੇ ਦੇਸ਼ ਵਾਂਗ ਪੰਜਾਬ ਵਿਚ ਵੀ ਬੇਰੁਜ਼ਗਾਰੀ ਘੱਟ ਨਹੀਂ। ਸਾਡੇ ਬੱਚੇ ਡਿਗਰੀਆਂ ਚੁੱਕੀ ਫਿਰਦੇ ਹਨ, ਪਰ ਰੁਜ਼ਗਾਰ ਨਾ ਹੋਣ ਕਰਕੇ ਅਣਸੁਖਾਵੇਂ ਮਾਹੌਲ ’ਚ ਕਰਜ਼ੇ ਚੁੱਕ-ਚੁੱਕ ਕੇ ਪੜ੍ਹਾਈ ਦੇ ਬਹਾਨੇ ਵਿਦੇਸ਼ਾਂ ਨੂੰ ਭੱਜ ਰਹੇ ਹਨ। ਪਰ ਹੁਣ ਉਹ ਵਿਦੇਸ਼ਾਂ ਵਿਚ ਵੀ ਫਸੇ ਹੋਏ ਮਹਿਸੂਸ ਕਰ ਰਹੇ ਹਨ। ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕਰਨ ਵਾਲੀ ਮੋਦੀ ਸਰਕਾਰ ਦੇ ਰਾਜ ’ਚ ਕਰੋੜਾਂ ਲੋਕਾਂ ਦੀਆਂ ਨੌਕਰੀਆਂ ਜਾ ਚੁੱਕੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਦਾਅਵਾ ਕਰਦੇ ਹਨ, ਪਰ ਨੌਕਰੀਆਂ ਕਿਸ ਨੂੰ ਦਿੱਤੀਆਂ ਹਨ ਕਦੇ ਨਹੀਂ ਦੱਸਦੇ। ਠੇਕਾ ਭਰਤੀ ਜਾਂ ਮਾਮੂਲੀ ਤਨਖਾਹ ’ਤੇ ਕੰਮ ਕਰਦੇ ਮੁਲਾਜ਼ਮ ਪੱਕੇ ਹੋਣ ਲਈ ਸੜਕਾਂ ’ਤੇ ਅੰਦੋਲਨ ਕਰਦਿਆਂ ਸਰਕਾਰ ਤੋਂ ਡਾਂਗਾਂ ਖਾ ਰਹੇ ਹਨ। ਭਗਵੰਤ ਮਾਨ ਸਰਕਾਰ ਨੇ ਨੌਕਰੀ ਲੈਣ ਸਮੇਂ ਪ੍ਰਾਰਥਨਾ ਪੱਤਰ ਨਾਲ ਪੰਜਾਬ ਦਾ ਵਾਸੀ ਹੋਣ ਦਾ ਸਰਟੀਫਿਕੇਟ ਲਾਉਣ ਦੀ ਸ਼ਰਤ ਹਟਾ ਕੇ ਪਾਪ ਕੀਤਾ ਹੈ, ਜਿਸ ਦੇ ਚਲਦਿਆਂ ਪਿਛਲੇ ਸਾਲ ਬਿਜਲੀ ਬੋਰਡ ’ਚ ਭਰਤੀ ਸਮੇਂ ਦੋ ਤਿਹਾਈ ਨੌਕਰੀਆਂ ਰਾਜਸਥਾਨ, ਹਰਿਆਣੇ ਤੇ ਹਿਮਾਚਲ ਦੇ ਲੋਕ ਹੀ ਲੈ ਗਏ।




ਵਿੱਦਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਦੇਸ਼ ਭਰ ’ਚ ਮੋਹਰੀ ਹੋਣ ਦੇ ਦਾਅਵੇ ਕਰਦੀ ਹੈ, ਪਰ ਦਸਵੀਂ ਜਮਾਤ ਦੇ ਬਹੁਤੇ ਵਿਦਿਆਰਥੀਆਂ ਨੂੰ ਪਹਾੜੇ ਤੱਕ ਨਹੀਂ ਆਉਂਦੇ। ਸਰਕਾਰੀ ਸਕੂਲਾਂ ਤੇ ਕਾਲਜਾਂ ਵਿੱਚ ਲੋੜੀਂਦੇ ਅਧਿਆਪਕ ਨਹੀਂ ਹਨ। ਪੰਜਾਬ ਦਾ ਧਰਤੀ ਹੇਠਲਾ ਪਾਣੀ ਬਹੁਤ ਦੂਸ਼ਿਤ ਹੋ ਗਿਆ ਹੈ, ਇਸ ’ਚ ਯੂਰੇਨੀਅਮ, ਫਲੋਰਾਈਡ, ਲੈੱਡ, ਹੈਵੀ ਮੈਟਲਜ਼, ਨਾਈਟਰੇਟਸ ਜਿਹੇ ਜ਼ਹਿਰੀਲੇ ਤੱਤਾਂ ਦੀ ਭਰਮਾਰ ਹੈ। ਇਸ ਨਾਲ ਪੰਜਾਬ ਵਿੱਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਸਨਅਤਾਂ ਵਾਲੇ ਕਾਰਖਾਨਿਆਂ ਦਾ ਗੰਦਾ ਪਾਣੀ ਬੋਰਾਂ ਰਾਹੀਂ ਸਿੱਧਾ ਧਰਤੀ ’ਚ ਪਾ ਰਹੇ ਹਨ, ਪਰ ਸਰਕਾਰਾਂ ਨੂੰ ਕੋਈ ਚਿੰਤਾ ਨਹੀਂ। ਭਾਰਤੀ ਮੈਡੀਕਲ ਖੋਜ ਸੰਸਥਾ ਦੀ ਰਿਪੋਰਟ ਅਨੁਸਾਰ ਪੰਜਾਬ ’ਚ ਰੋਜ਼ਾਨਾ ਕੈਂਸਰ ਨਾਲ 68 ਮੌਤਾਂ ਹੋ ਰਹੀਆਂ ਹਨ। ਕੇਂਦਰੀ ਜਲ ਸਰੋਤ ਮੰਤਰੀ ਨੇ 2025 ਵਿੱਚ ਪਾਰਲੀਮੈਂਟ ਵਿੱਚ ਕਿਹਾ ਕਿ ਪੰਜਾਬ ਕੈਂਸਰ ਸਟੇਟ ਬਣ ਚੁੱਕਾ ਹੈ। ਇੱਕ ਖੋਜ ਅਨੁਸਾਰ ਜੇ ਫੌਰੀ ਕਦਮ ਨਾ ਚੁੱਕੇ ਗਏ ਤਾਂ ਅਗਲੇ 3 ਸਾਲਾਂ ਬਾਅਦ ਪੰਜਾਬ ਦੇ ਹਰ ਘਰ ’ਚ ਘੱਟੋ-ਘੱਟ ਇੱਕ ਕੈਂਸਰ ਦਾ ਮਰੀਜ਼ ਹੋਵੇਗਾ। ਪੰਜਾਬੀ ਇਸ ਵੇਲੇ ਧਰਤੀ ਦੀ ਦੂਜੀ ਤਹਿ ’ਚੋਂ ਪਾਣੀ ਕੱਢ ਰਹੇ ਹਨ, ਜੋ ਬੇਹੱਦ ਦੂਸ਼ਿਤ ਹੈ ਤੇ ਇਸ ਤਹਿ ਦਾ ਪਾਣੀ ਬਹੁਤ ਜਲਦੀ ਕੁਝ ਸਾਲਾਂ ਵਿੱਚ ਹੀ ਮੁੱਕਣ ਵਾਲਾ ਹੈ। ਕੋਈ ਵੀ ਸਿਆਸੀ ਧਿਰ ਇਸ ਬੇਹੱਦ ਗੰਭੀਰ ਮੁੱਦੇ ’ਤੇ ਨਹੀਂ ਬੋਲਦੀ। ਕੇਵਲ ਕਿਸਾਨ ਜਥੇਬੰਦੀਆਂ ਇਸ ਲੜਾਈ ਲਈ ਪ੍ਰੋਗਰਾਮ ਉਲੀਕ ਰਹੀਆਂ ਹਨ। ਸਰਕਾਰ ਨੂੰ ਤੁਰੰਤ ਹਰ ਪਿੰਡ ਤੇ ਸ਼ਹਿਰ ਦੇ ਹਰ ਘਰ ਲਈ ਸਾਫ਼ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਾਡੇ ਦੇਸ਼ ਦੀ ਆਰਥਿਕਤਾ ਦਾ ਧੁਰਾ ਖੇਤੀ ਹੈ। ਦੇਸ਼ ਦੀ ਕੁੱਲ ਆਬਾਦੀ ਦਾ ਤਿੰਨ ਚੌਥਾਈ ਤੋਂ ਵੱਧ ਹਿੱਸਾ ਕਿਸਾਨ ਤੇ ਮਜ਼ਦੂਰ ਹਨ, ਜੋ ਖੇਤੀ ’ਚੋਂ ਉਪਜੀਵਕਾ ਪੈਦਾ ਕਰਕੇ ਪਰਿਵਾਰ ਪਾਲਦੇ ਹਨ ਤੇ ਇਹ ਖੇਤੀ ਦਾ ਕਿੱਤਾ ਖਤਰੇ ਵਿੱਚ ਹੈ। ਮੋਦੀ ਸਰਕਾਰ ਅਮਰੀਕਾ ਨਾਲ ਇਕ ਕਰ ਮੁਕਤ ਵਪਾਰ ਸਮਝੌਤਾ ਕਰਨ ਲਈ ਪੱਬਾਂ ਭਾਰ ਹੈ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਤਾ ਨਹੀਂ ਕਿਉਂ ਸਾਡੇ ਪ੍ਰਧਾਨ ਮੰਤਰੀ ’ਤੇ ਦਬਾਅ ਪਾ ਕੇ ਉਨ੍ਹਾਂ ਨੂੰ ਇਹ ਸਮਝੌਤਾ ਛੇਤੀ ਕਰਨ ਲਈ ਧਮਕਾ ਰਹੇ ਹਨ। ਮੋਦੀ ਸਰਕਾਰ ਕਿਸਾਨਾਂ ਤੇ ਦੇਸ਼ ਵਾਸੀਆਂ ਨੂੰ ਇਸ ਸਮਝੌਤੇ ਦੀ ਪੂਰੀ ਸੱਚਾਈ ਦੱਸਣ ਲਈ ਤਿਆਰ ਨਹੀਂ। ਜਦਕਿ ਅਮਰੀਕਾ ਦੇ ਖੇਤੀ ਵਿਭਾਗ ਦੀ ਸੈਕਟਰੀ ਅਰਥਾਤ ਖੇਤੀ ਮੰਤਰੀ ਅਮਰੀਕਨ ਕਿਸਾਨਾਂ ਨਾਲ ਸ਼ੈਂਪੇਨ ਪਾਰਟੀਆਂ ਕਰਕੇ ਕਹਿ ਰਹੀ ਹੈ ਕਿ ਅਮਰੀਕਾ ਨੂੰ ਭਾਰਤ ਦੀ 145 ਕਰੋੜ ਦੀ ਆਬਾਦੀ ਵਾਲੀ ਮੰਡੀ ਮਿਲ ਗਈ ਹੈ। ਹੁਣ ਅਮਰੀਕਨ ਕਿਸਾਨਾਂ ਦੇ ਵਾਰੇ ਨਿਆਰੇ ਹੋ ਜਾਣਗੇ। ਪਰ ਸਾਡੀ ਸਰਕਾਰ ਨੇ ਸਾਜਸ਼ੀ ਚੁੱਪ ਧਾਰੀ ਹੋਈ ਹੈ। ਅਮਰੀਕਾ ਵਿੱਚ ਕਿਸਾਨਾਂ ਕੋਲ ਹਜ਼ਾਰਾਂ ਏਕੜ ਦੀ ਮਾਲਕੀ ਵਾਲੇ ਖੇਤ ਹਨ, ਜਿਨ੍ਹਾਂ ਨੂੰ ਅਮਰੀਕਾ ਸਰਕਾਰ ਮੋਟੀਆਂ ਰਕਮਾਂ ਸਬਸਿਡੀ ਵਜੋਂ ਵੀ ਦਿੰਦੀ ਹੈ। ਭਾਰਤ ਦੇ 86 ਫ਼ੀਸਦੀ ਕਿਸਾਨਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਹੈ, ਉਹ ਅਮਰੀਕਨ ਕਿਸਾਨਾਂ ਦਾ ਮੁਕਾਬਲਾ ਨਹੀਂ ਕਰ ਸਕਣਗੇ। ਪ੍ਰਧਾਨ ਮੰਤਰੀ ਮੋਦੀ ਤੇ ਰਾਸ਼ਟਰਪਤੀ ਟਰੰਪ ਵੱਲੋਂ ਵਾਸ਼ਿੰਗਟਨ ’ਚ ਜਾਰੀ ਸਾਂਝੇ ਬਿਆਨ/ਫੈਕਟ ਸ਼ੀਟ ਅਨੁਸਾਰ ਅਮਰੀਕਾ ਤੋਂ ਭਾਰਤ ਦੀ ਮੰਡੀ ਵਿੱਚ ਹਰ ਤਰ੍ਹਾਂ ਦਾ ਅਨਾਜ, ਫ਼ਲਾਂ ਦਾ ਜੂਸ, ਖਾਣ ਵਾਲੇ ਤੇਲ ਖਾਸਕਰ ਸੋਇਆ ਤੇਲ, ਦੁੱਧ ਤੇ ਇਸ ਤੋਂ ਬਣੇ ਪਦਾਰਥ, ਮੱਛੀ ਤੇ ਪੋਲਟਰੀ ਦੀ ਪੈਦਾਵਾਰ ਭਾਰਤ ਦੀ ਮੰਡੀ ਵਿੱਚ ਆਵੇਗੀ। ਇਸ ਸਮਝੌਤੇ ਨਾਲ ਭਾਰਤ ਦੀ ਖੇਤੀ, ਪੋਲਟਰੀ, ਡੇਅਰੀ ਤੇ ਮੱਛੀ ਪਾਲਣ ਦੇ ਧੰਦਿਆਂ ਵਿੱਚ ਲੱਗੇ ਕਿਸਾਨ ਬਰਬਾਦ ਹੋ ਜਾਣਗੇ। ਅਫਸੋਸ ਹੈ ਕਿ ਵੋਟਾਂ ਮੰਗ ਕੇ ਸੱਤਾ ਪ੍ਰਾਪਤੀ ਦੀ ਲਾਲਸਾ ਵਾਲੇ ਲੋਕ ਚੁੱਪ ਹਨ ਅਤੇ ਉਹ ਇਸ ਮੁੱਦੇ ਉੱਤੇ ਬੋਲਣ ਲਈ ਤਿਆਰ ਨਹੀਂ ਹਨ। ਪੰਜਾਬ ਅੱਜ ਹੈਡਲੈਸ ਸਟੇਟ ਹੈ, ਮਤਲਬ ਪੰਜਾਬ ਕੋਲ ਆਪਣੀ ਰਾਜਧਾਨੀ ਵੀ ਨਹੀਂ ਹੈ। ਪਰ ਸਾਡੀ ਰਾਜਧਾਨੀ ਚੰਡੀਗੜ੍ਹ ’ਤੇ ਕੇਂਦਰ ਦਾ ਕਬਜ਼ਾ ਹੈ। ਸਾਨੂੰ ਰੋਸ ਪ੍ਰਦਰਸ਼ਨ ਲਈ ਚੰਡੀਗੜ੍ਹ ਜਾਣ ਵਾਸਤੇ ਕੇਂਦਰੀ ਅਧਿਕਾਰੀਆਂ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ।

(ਬਾਕੀ ਸਫ਼ਾ 27 ’ਤੇ)

# ਵੰਦੇ ਮਾਤਰਮ 'ਤੇ ਕਾਂਗਰਸ ਵਿੱਚ ਆਖ਼ਰ ਇੰਨੀ ਦੁਵਿਧਾ ਕਿਉਂ ਹੈ ?





ਅਪੂਰਵਾਨੰਦ


ਗੀਤ 'ਵੰਦੇ ਮਾਤਰਮ' ਨੂੰ ਇੱਕ ਸਿਆਸੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਕਾਂਗਰਸ ਦੇ ਪ੍ਰੋਗਰਾਮ ਵਿੱਚ ਵੰਦੇ ਮਾਤਰਮ ਪੂਰਾ ਗਾਇਆ ਗਿਆ, ਜਦਕਿ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਇਸ ਨੂੰ ਪੂਰਾ ਗਾਏ ਜਾਣ ਨਾਲ ਸਹਿਮਤ ਨਹੀਂ ਸਨ। ਸਵਾਲ ਇਹ ਹੈ ਕਿ ਆਖ਼ਰ ਬਾਕੀ ਕਾਂਗਰਸ ਅਜੇ ਵੀ ਇੰਨੇ ਭੰਬਲਭੂਸੇ ਵਿੱਚ ਕਿਉਂ ਹੈ। 'ਵੰਦੇ ਮਾਤਰਮ' ਪੂਰਾ ਗਾਇਆ ਜਾਵੇ ਜਾਂ ਨਹੀਂ, ਇਸ ਸਵਾਲ 'ਤੇ ਪਾਰਟੀ ਅੰਦਰ ਦੁਵਿਧਾ ਬਣੀ ਹੋਈ ਹੈ। ਇਸ ਦਾ ਸਬੂਤ ਆਜ਼ਾਦੀ ਦਿਹਾੜੇ ਮੌਕੇ ਕਾਂਗਰਸ ਸੇਵਾ ਦਲ ਦੇ ਸਮਾਗਮ ਤੋਂ ਮਿਲਦਾ ਹੈ। ਜਦੋਂ ਪਹਿਲੇ ਦੋ ਬੰਦਾਂ ਤੋਂ ਬਾਅਦ ਅਗਲਾ ਹਿੱਸਾ ਗਾਇਆ ਜਾਣ ਲੱਗਾ ਤਾਂ ਸੋਨੀਆ ਗਾਂਧੀ ਨੇ ਗਾਉਣ ਵਾਲਿਆਂ ਨੂੰ ਕੁਝ ਇਸ਼ਾਰਾ ਕੀਤਾ, ਰਾਹੁਲ ਗਾਂਧੀ ਦਾ ਧਿਆਨ ਭਟਕਿਆ ਅਤੇ ਸੋਨੀਆ ਤੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਵਿਚਾਲੇ ਗੱਲਬਾਤ ਹੋਈ। ਸੋਨੀਆ ਗਾਂਧੀ ਪ੍ਰਤੱਖ ਤੌਰ 'ਤੇ ਅਸਹਿਜ ਦਿਖੀ, ਪਰ ਗੀਤ ਪੂਰਾ ਗਾਇਆ ਗਿਆ।

ਸੋਸ਼ਲ ਮੀਡੀਆ 'ਤੇ ਇਸ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ ਦੋਸ਼ ਲਾਇਆ ਕਿ ਕਾਂਗਰਸ ਅਤੇ ਨਹਿਰੂ-ਗਾਂਧੀ ਪਰਿਵਾਰ ਦੇਸ਼ ਵਿਰੋਧੀ ਹਨ ਅਤੇ ਉਹ 'ਵੰਦੇ ਮਾਤਰਮ' ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਦੂਜੇ ਪਾਸੇ ਕਾਂਗਰਸ ਦੇ ਬੁਲਾਰਿਆਂ ਨੇ ਸਫ਼ਾਈ ਦਿੱਤੀ ਕਿ ਸੋਨੀਆ ਗਾਂਧੀ ਖੜਗੇ ਜੀ ਲਈ ਕੁਰਸੀ ਮੰਗਵਾ ਰਹੀ ਸੀ, ਕਿਉਂਕਿ ਉਹ ਲੰਮੇ ਸਮੇਂ ਤੋਂ ਖੜ੍ਹੇ ਸਨ। ਵੀਡੀਓ ਵਿੱਚ ਆਵਾਜ਼ ਸਾਫ਼ ਨਾ ਹੋਣ ਕਾਰਨ ਦੋਵਾਂ ਦਾਅਵਿਆਂ ਦੀ ਪੁਸ਼ਟੀ ਔਖੀ ਹੈ। ਹਾਲਾਂਕਿ, ਵੱਖ-ਵੱਖ ਰਾਜਾਂ ਵਿੱਚ ਵੀ ਕਾਂਗਰਸ ਸਰਕਾਰਾਂ ਦਾ ਰਵੱਈਆ ਇਸ ਗੀਤ ਪ੍ਰਤੀ ਵੱਖਰਾ ਰਿਹਾ ਹੈ; ਕਰਨਾਟਕ ਤੇ ਤੇਲੰਗਾਨਾ ਵਿੱਚ ਇਹ ਪੂਰਾ ਗਾਇਆ ਗਿਆ, ਪਰ ਕੇਰਲ ਸਰਕਾਰ ਨੇ ਕੇਂਦਰ ਦੇ ਨਿਰਦੇਸ਼ਾਂ ਨੂੰ ਸਿਰਫ਼ ਸੁਝਾਅ ਦੱਸ ਕੇ ਇਸ ਨੂੰ ਲਾਜ਼ਮੀ ਨਹੀਂ ਮੰਨਿਆ। ਦੂਜੇ ਪਾਸੇ ਦਿੱਲੀ ਵਿੱਚ ਸੇਵਾ ਦਲ ਦੇ ਇੱਕ ਵਰਕਰ ਨੇ ਦਾਅਵਾ ਕੀਤਾ ਕਿ ਨੇਤਾਵਾਂ ਦੇ ਰੋਕਣ ਦੇ ਬਾਵਜੂਦ ਉਨ੍ਹਾਂ ਨੇ ਇਸ ਨੂੰ ਪੂਰਾ ਗਾਇਆ।

ਇਸ ਦੁਵਿਧਾ ਦੇ ਬਾਵਜੂਦ ਸੋਨੀਆ ਅਤੇ ਰਾਹੁਲ ਗਾਂਧੀ ਦੀ ਅਸਹਿਜਤਾ ਪੂਰੀ ਤਰ੍ਹਾਂ ਜਾਇਜ਼ ਹੈ। ਪਾਰਟੀ ਦੇ ਸੀਨੀਅਰ ਆਗੂ ਹੋਣ ਨਾਤੇ ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਹ 1937 ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਉਸ ਇਤਿਹਾਸਕ ਮਤੇ ਦੀ ਯਾਦ ਦਿਵਾਉਣ, ਜਿਸ ਅਨੁਸਾਰ ਜਨਤਕ ਮੌਕਿਆਂ 'ਤੇ ਸਿਰਫ਼ ਪਹਿਲੇ ਦੋ ਬੰਦ ਹੀ ਗਾਏ ਜਾਣੇ ਚਾਹੀਦੇ ਹਨ। ਇਹ ਫ਼ੈਸਲਾ ਅੱਜ ਤੱਕ ਬਦਲਿਆ ਨਹੀਂ ਗਿਆ, ਇਸ ਲਈ ਪੂਰਾ ਗੀਤ ਗਾਉਣਾ ਪਾਰਟੀ ਦੇ ਨਿਯਮਾਂ ਦੀ ਉਲੰਘਣਾ ਹੈ। ਪੂਰਾ ਗੀਤ ਉਸ ਧਰਮ ਨਿਰਪੱਖ ਰਾਸ਼ਟਰਵਾਦ ਦੀ ਭਾਵਨਾ ਦੇ ਖ਼ਿਲਾਫ਼ ਹੈ ਜਿਸ ਨੂੰ ਕਾਂਗਰਸ ਨੇ ਵਿਕਸਤ ਕੀਤਾ ਸੀ। ਧਰਮ ਨਿਰਪੱਖਤਾ ਸਿਰਫ਼ ਇੱਕ ਸਰਕਾਰੀ ਨੀਤੀ ਨਹੀਂ ਹੈ, ਸਗੋਂ ਇਸ ਦਾ ਮਕਸਦ ਸਾਰੇ ਨਾਗਰਿਕਾਂ ਨੂੰ ਭਾਵਨਾਤਮਕ ਤੌਰ 'ਤੇ ਜੋੜਨਾ ਹੈ, ਨਾ ਕਿ ਅਜਿਹੇ ਪ੍ਰਤੀਕ ਥੋਪਣਾ ਜਿਨ੍ਹਾਂ ਨਾਲ ਕੋਈ ਵਰਗ ਬੇਗਾਨਗੀ ਮਹਿਸੂਸ ਕਰੇ। 'ਵੰਦੇ ਮਾਤਰਮ' ਨਾਅਰੇ ਜਾਂ ਗੀਤ 'ਤੇ ਮੁਸਲਮਾਨਾਂ ਦੇ ਇਤਰਾਜ਼ ਦੇ ਦੋ ਮੁੱਖ ਕਾਰਨ ਹਨ। ਪਹਿਲਾ ਇਹ ਕਿ ਇਸ ਵਿੱਚ ਭਾਰਤ ਮਾਤਾ ਦਾ ਸੰਕਲਪ ਸਿਰਫ਼ ਮਾਤ-ਭੂਮੀ ਤੱਕ ਸੀਮਤ ਨਹੀਂ, ਸਗੋਂ ਦੂਜੇ ਬੰਦ ਤੋਂ ਬਾਅਦ 'ਮਾਂ' ਸ਼ਬਦ ਦੇਵੀ ਦੁਰਗਾ ਅਤੇ ਕਮਲਾ ਲਈ ਵਰਤਿਆ ਗਿਆ ਹੈ ਜੋ ਸ਼ਸਤਰਧਾਰੀ ਹਨ ਅਤੇ ਜਿਨ੍ਹਾਂ ਦੀਆਂ ਮੂਰਤੀਆਂ ਮੰਦਰਾਂ ਵਿੱਚ ਸਥਾਪਿਤ ਹੋਣੀਆਂ ਹਨ। ਦੂਜਾ ਕਾਰਨ ਇਸ ਦਾ ਇਤਿਹਾਸਕ ਪਿਛੋਕੜ ਹੈ। ਬੰਕਿਮ ਚੰਦਰ ਚੈਟਰਜੀ ਨੇ ਇਸ ਗੀਤ ਨੂੰ ਆਪਣੇ ਨਾਵਲ 'ਆਨੰਦ ਮੱਠ' ਵਿੱਚ ਸ਼ਾਮਲ ਕੀਤਾ, ਜੋ ਸੰਨਿਆਸੀ ਵਿਦਰੋਹ 'ਤੇ ਆਧਾਰਿਤ ਸੀ। ਇਸ ਨਾਵਲ ਵਿੱਚ ਮੁਸਲਮਾਨਾਂ ਦੇ ਖ਼ਾਤਮੇ ਦੀ ਗੱਲ ਕਹੀ ਗਈ ਹੈ ਅਤੇ ਸੰਨਿਆਸੀ ਉਸੇ ਯੁੱਧ ਦੀ ਅਰਾਧਨਾ ਲਈ ਇਹ ਗੀਤ ਗਾਉਂਦੇ ਹਨ। ਅਜਿਹੇ ਸੰਦਰਭ ਕਾਰਨ ਕਿਸੇ ਵੀ ਮੁਸਲਮਾਨ ਤੋਂ ਇਸ ਨੂੰ ਪੂਰਾ ਗਾਉਣ ਦੀ ਉਮੀਦ ਕਰਨਾ ਜਾਇਜ਼ ਨਹੀਂ ਮੰਨਿਆ ਜਾ ਸਕਦਾ।

ਹਾਲਾਂਕਿ ਇਹ ਗੀਤ ਆਜ਼ਾਦੀ ਸੰਗਰਾਮ ਵਿੱਚ ਬਹੁਤ ਹਰਮਨਪਿਆਰਾ ਸੀ, ਪਰ 20ਵੀਂ ਸਦੀ ਵਿੱਚ ਫ਼ਿਰਕੂ ਤਣਾਅ ਵਧਣ 'ਤੇ ਮੁਸਲਿਮ ਭਾਈਚਾਰੇ ਨੇ ਇਸ ਦੇ ਕੁਝ ਹਿੱਸਿਆਂ 'ਤੇ ਇਤਰਾਜ਼ ਜਤਾਇਆ ਸੀ। ਗਾਂਧੀ, ਨਹਿਰੂ ਅਤੇ ਟੈਗੋਰ ਦੀ ਸਮਝ ਤੋਂ ਬਾਅਦ 1937 ਵਿੱਚ ਕਾਂਗਰਸ ਨੇ ਮਤਾ ਪਾਸ ਕਰਕੇ ਸਪੱਸ਼ਟ ਕੀਤਾ ਕਿ ਗੀਤ ਦੇ ਪਹਿਲੇ ਦੋ ਬੰਦ ਹੀ ਦੇਸ਼ ਦੀ ਕੁਦਰਤੀ ਸੁੰਦਰਤਾ ਦਾ ਵਰਣਨ ਕਰਦੇ ਹਨ ਅਤੇ ਇਹੀ ਸੁਤੰਤਰਤਾ ਸੰਗਰਾਮ ਦਾ ਅਟੁੱਟ ਹਿੱਸਾ ਰਹੇ ਹਨ। ਬਾਕੀ ਬੰਦਾਂ ਵਿੱਚ ਅਜਿਹੀ ਧਾਰਮਿਕ ਵਿਚਾਰਧਾਰਾ ਹੈ ਜੋ ਸਾਰੇ ਭਾਈਚਾਰਿਆਂ ਦੇ ਅਨੁਕੂਲ ਨਹੀਂ ਹੈ। ਮੁਸਲਮਾਨਾਂ ਨੇ ਕਦੇ ਵੀ ਪਹਿਲੇ ਦੋ ਬੰਦਾਂ 'ਤੇ ਇਤਰਾਜ਼ ਨਹੀਂ ਕੀਤਾ, ਪਰ ਪਿਛਲੇ ਕੁਝ ਦਹਾਕਿਆਂ ਵਿੱਚ ਹਿੰਦੂਤਵਵਾਦੀ ਰਾਸ਼ਟਰਵਾਦ ਦੇ ਉਭਾਰ ਨੇ ਇਸ ਗੀਤ ਨੂੰ ਇੱਕ ਵਾਰ ਫਿਰ ਮੁਸਲਿਮ ਵਿਰੋਧੀ ਸਿਆਸੀ ਨਾਅਰੇ ਵਿੱਚ ਤਬਦੀਲ ਕਰ ਦਿੱਤਾ ਹੈ। 'ਵੰਦੇ ਮਾਤਰਮ' ਨੂੰ ਜ਼ਬਰਦਸਤੀ ਥੋਪਣਾ ਅਤੇ 'ਭਾਰਤ ਵਿੱਚ ਰਹਿਣਾ ਹੈ ਤਾਂ ਵੰਦੇ ਮਾਤਰਮ ਕਹਿਣਾ ਪਵੇਗਾ' ਵਰਗੇ ਨਾਅਰੇ ਲਗਾਉਣਾ ਕਿਸੇ ਇੱਕ ਸਮੂਹ ਵੱਲੋਂ ਦੂਜਿਆਂ 'ਤੇ ਆਪਣੀ ਮਰਜ਼ੀ ਥੋਪਣ ਦਾ ਪ੍ਰਤੀਕ ਹੈ। ਭਾਰਤੀ ਹੋਣ ਲਈ ਕਿਸੇ 'ਤੇ ਅਜਿਹੀ ਕੋਈ ਬਾਹਰੀ ਸ਼ਰਤ ਲਾਗੂ ਨਹੀਂ ਕੀਤੀ ਜਾ ਸਕਦੀ। ਇਸ ਲਈ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਅਸਹਿਜਤਾ ਕਾਂਗਰਸ ਦੇ ਇਤਿਹਾਸ ਅਤੇ ਧਰਮ ਨਿਰਪੱਖ ਰਾਸ਼ਟਰਵਾਦ ਪ੍ਰਤੀ ਉਨ੍ਹਾਂ ਦੀ ਸੁਚੇਤਤਾ ਨੂੰ ਦਰਸਾਉਂਦੀਹੈ। ਅਸਲ ਸਵਾਲ ਇਹ ਬਣਦਾ ਹੈ ਕਿ ਬਾਕੀ ਕਾਂਗਰਸੀ ਆਗੂ ਧਰਮ ਨਿਰਪੱਖਤਾ ਦੇ ਇਨ੍ਹਾਂ ਬੁਨਿਆਦੀ ਮੁੱਲਾਂ ਪ੍ਰਤੀ ਓਨੇ ਸੰਵੇਦਨਸ਼ੀਲ ਕਿਉਂ ਨਹੀਂ ਹਨ ਅਤੇ ਉਹ ਅੱਜ ਵੀ ਆਪਣੀ ਭੂਮਿਕਾ ਨੂੰ ਲੈ ਕੇ ਦੁਵਿਧਾ ਵਿੱਚ ਕਿਉਂ ਫਸੇ ਹੋਏ ਹਨ।

# ਸਿੱਖਿਆ ਖੇਤਰ ਵਿੱਚ ਸੁਧਾਰ ਕਰੇ ਸਰਕਾਰ





ਆਸ਼ੂਤੋਸ਼ ਸੀਨੀਅਰ ਪੱਤਰਕਾਰ

ਹੁਣ ਇੱਕ ਨਵਾਂ ਸ਼ਬਦ 'ਦਿਮਾਗ਼ੀ ਨਕਸਲ' ਸਾਹਮਣੇ ਆਇਆ ਹੈ। ਭਾਵੇਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਸਪੱਸ਼ਟ ਕੀਤਾ ਹੈ ਕਿ ਵਿਰੋਧੀ ਪਾਰਟੀਆਂ ਪ੍ਰਧਾਨ ਮੰਤਰੀ ਦੇ ਨਿਸ਼ਾਨੇ 'ਤੇ ਨਹੀਂ ਹਨ। ਪਰ ਇਹ ਸਪੱਸ਼ਟ ਨਹੀਂ ਕੀਤਾ ਗਿਆ ਕਿ, ਕੀ ਇਹ ਸ਼ਬਦ ਜੰਤਰ-ਮੰਤਰ 'ਤੇ ਹੋਏ ਅੰਦੋਲਨ ਦੇ ਸੰਦਰਭ ਵਿੱਚ ਘੜਿਆ ਗਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੋਦੀ ਸਰਕਾਰ ਨੇ ਨਕਸਲਵਾਦ ਨੂੰ ਵੱਡੇ ਪੱਧਰ 'ਤੇ ਖ਼ਤਮ ਕਰ ਦਿੱਤਾ ਹੈ। ਡਾ. ਮਨਮੋਹਨ ਸਿੰਘ ਨੇ ਵੀ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਕਸਲੀ ਹਿੰਸਾ ਨੂੰ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਦੱਸਿਆ ਸੀ। ਉਨ੍ਹਾਂ ਇੱਕ ਰਣਨੀਤੀ ਤਿਆਰ ਕਰਕੇ ਉਸ 'ਤੇ ਕੰਮ ਸ਼ੁਰੂ ਕੀਤਾ ਸੀ, ਪਰ ਮੋਦੀ ਸਰਕਾਰ ਨੇ ਉਸ ਰਣਨੀਤੀ ਨੂੰ ਆਖਰੀ ਅੰਜਾਮ ਤੱਕ ਪਹੁੰਚਾਇਆ ਹੈ। ਪ੍ਰਧਾਨ ਮੰਤਰੀ ਮੋਦੀ ਹੁਣ ਕਹਿ ਰਹੇ ਹਨ ਕਿ ਜੰਗਲਾਂ 'ਚੋਂ ਹਿੰਸਕ ਨਕਸਲ ਦਾ ਖ਼ਾਤਮਾ ਕਰ ਦਿੱਤਾ ਗਿਆ ਹੈ, ਪਰ ਦਿਮਾਗ਼ੀ ਨਕਸਲੀ ਦੇਸ਼ ਵਿੱਚ ਹਿੰਸਾ ਤੇ ਅਰਾਜਕਤਾ ਫੈਲਾਉਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ 'ਅਰਬਨ ਨਕਸਲ' ਮਤਲਬ ਸ਼ਹਿਰੀ ਨਕਸਲੀ ਸ਼ਬਦ ਵਰਤਿਆ ਸੀ। ਉਨ੍ਹਾਂ 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਮੌਕੇ ਅਰਵਿੰਦ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਨੂੰ ਅਰਬਨ ਨਕਸਲੀ ਦੱਸਦਿਆਂ ਇਨ੍ਹਾਂ ਦੀ ਜਗ੍ਹਾ ਜੰਗਲਾਂ ਵਿੱਚ ਹੋਣ ਬਾਰੇ ਕਿਹਾ ਸੀ। ਦਰਅਸਲ ਆਮ ਆਦਮੀ ਪਾਰਟੀ (ਆਪ) ਨੇ ਉਸ ਸਮੇਂ ਮੋਦੀ ਦੀ ਰਾਜਨੀਤੀ ਨੂੰ ਸਭ ਤੋਂ ਵੱਡੀ ਚੁਣੌਤੀ ਦਿੰਦਿਆਂ ਦਿੱਲੀ ਦੀਆਂ 70 'ਚੋਂ 67 ਸੀਟਾਂ ਜਿੱਤ ਕੇ ਮੋਦੀ ਨੂੰ ਉਨ੍ਹਾਂ ਦੀ ਜ਼ਿੰਦਗੀ ਵਿਚ ਸਭ ਤੋਂ ਵੱਡੀ ਹਾਰ ਦਾ ਤੋਹਫਾ ਦਿੱਤਾ ਸੀ। ਇਸ ਲਈ 'ਆਪ' ਨੂੰ ਬਦਨਾਮ ਕਰਨ ਲਈ 'ਸ਼ਹਿਰੀ ਨਕਸਲ' ਤੇ 'ਅਰਾਜਕਤਾਵਾਦੀ' ਸ਼ਬਦ ਵਰਤੇ ਗਏ ਸਨ।

ਮੈਨੂੰ ਕੋਈ ਸ਼ੱਕ ਨਹੀਂ ਕਿ ਹੁਣ ਦਿਮਾਗ਼ੀ ਨਕਸਲ ਸ਼ਬਦ ਕਾਕਰੋਚ ਅੰਦੋਲਨ ਨੂੰ ਬਦਨਾਮ ਕਰਨ ਲਈ ਵਰਤਿਆ ਜਾਵੇਗਾ। ਮੈਨੂੰ ਨਹੀਂ ਪਤਾ ਕਿ ਕਾਕਰੋਚ ਅੰਦੋਲਨ ਦਾ ਕੀ ਬਣੇਗਾ, ਪਰ ਇੰਨਾ ਜ਼ਰੂਰ ਹੈ ਕਿ ਇਸ ਅੰਦੋਲਨ ਨੇ ਮੋਦੀ ਸਰਕਾਰ ਦੇ ਖੌਫ ਤੇ ਡਰ ਦੇ ਸਾਮਰਾਜ ਨੂੰ ਤੋੜ ਕੇ ਹਰ ਘਰ ਵਿਚ ਇਕ ਕਾਕਰੋਚ ਪੈਦਾ ਕਰ ਦਿੱਤਾ ਹੈ। ਇਹ ਕਾਕਰੋਚ ਰਾਜਨੀਤੀ ਦੇ ਘਟੀਆਪਨ ਨੂੰ ਪਸੰਦ ਨਹੀਂ ਕਰਦੇ, ਉਨ੍ਹਾਂ ਨੂੰ ਧਰਮਾਂ ਵਿਚਾਲੇ ਨਫ਼ਰਤ ਫੈਲਾਉਣਾ ਪਸੰਦ ਨਹੀਂ ਹੈ, ਉਹ ਇਕ ਅਜਿਹੇ ਦੇਸ਼ ਦੀ ਕਲਪਨਾ ਕਰਦੇ ਹਨ ਜਿੱਥੇ ਲੋਕਾਂ ਨਾਲ ਕਿਸੇ ਧਰਮ, ਜਾਤ, ਲਿੰਗ, ਭਾਸ਼ਾ, ਖੇਤਰ ਆਦਿ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਹੋਵੇ। ਉਹ ਵਿਚਾਰਾਂ ਦੀ ਆਜ਼ਾਦੀ ਚਾਹੁੰਦੇ ਹਨ; ਉਨ੍ਹਾਂ ਲਈ ਅਸਹਿਮਤੀ ਨੂੰ ਦਬਾਉਣਾ ਇੱਕ ਅਪਰਾਧ ਹੈ। ਮੋਦੀ ਸਰਕਾਰ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਅਜੇ ਵੀ ਪੁਰਾਣੇ ਜ਼ਮਾਨੇ ਦੇ ਵਿਚਾਰਾਂ ਦੀ ਪਾਰਟੀ ਬਣੀ ਹੋਈ ਹੈ, ਜੋ ਲਗਾਤਾਰ ਅਤੀਤ ਤੋਂ ਬਦਲਾ ਲੈਣ ਦੀ ਰਣਨੀਤੀ ਬਣਾਉਂਦੀ ਰਹਿੰਦੀ ਹੈ। ਉਂਝ ਵੀ ਅਤੀਤਜੀਵੀ ਤੋਂ ਭਵਿੱਖ-ਮੁਖੀ ਹੋਣ ਦੀ ਕਲਪਨਾ ਕਰਨਾ ਵਿਅਰਥ ਹੈ। ਅਜਿਹੇ 'ਚ ਭਾਜਪਾ ਤੇ ਉਸ ਦੀ ਸਰਕਾਰ ਕਾਕਰੋਚ ਅੰਦੋਲਨ ਨੂੰ ਇਸ ਦੇ ਸਹੀ ਸੰਦਰਭ ਵਿੱਚ ਨਾ ਦੇਖਣ ਦੀ ਗੰਭੀਰ ਗਲਤੀ ਕਰ ਰਹੀ ਹੈ। ਇਸ ਅੰਦੋਲਨ ਦਾ ਜਵਾਬ ਬਦਨਾਮ ਕਰਨ ਵਾਲੀ ਰਣਨੀਤੀ ਨਾਲ ਨਹੀਂ ਦਿੱਤਾ ਜਾ ਸਕਦਾ, ਇਸ ਦਾ ਇਕਮਾਤਰ ਜਵਾਬ ਸਿੱਖਿਆ ਪ੍ਰਣਾਲੀ 'ਚ ਇੱਕ ਬੁਨਿਆਦੀ ਤਬਦੀਲੀ ਕਰਨ 'ਚ ਹੈ। ਲਾਲ ਕਿਲ੍ਹੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਇਹ ਐਲਾਨ ਕਰਕੇ ਵਿਦਿਆਰਥੀਆਂ ਨੂੰ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਰਕਾਰ ਆਨਲਾਈਨ ਕੋਚਿੰਗ ਸ਼ੁਰੂ ਕਰੇਗੀ। ਉਹ ਭੁੱਲ ਰਹੇ ਹਨ ਕਿ ਕੋਚਿੰਗ ਸੰਸਥਾਵਾਂ ਹੀ ਭਾਰਤੀ ਸਿੱਖਿਆ ਦੀ ਸਭ ਤੋਂ ਵੱਡੀ ਸਮੱਸਿਆ ਹਨ।

ਭਾਰਤੀ ਸਿੱਖਿਆ ਪ੍ਰਣਾਲੀ ਨੂੰ ਬੁਨਿਆਦੀ ਸੁਧਾਰਾਂ ਲਈ 3 ਬੁਨਿਆਦੀ ਉਪਾਵਾਂ ਦੀ ਲੋੜ ਹੈ। ਮਹਿੰਗੀ ਨਹੀਂ, ਸਸਤੀ ਸਿੱਖਿਆ— ਪਿਛਲੇ ਕਈ ਦਹਾਕਿਆਂ ਤੋਂ ਸਿੱਖਿਆ ਦੇ ਸਰਕਾਰੀ ਤੰਤਰ ਤੋਂ ਨਿਕਲ ਕੇ ਨਿੱਜੀ ਹੱਥਾਂ ਵਿਚ ਚਲੇ ਜਾਣ ਨਾਲ ਇਹ ਗਰੀਬਾਂ ਦੀ ਪਹੁੰਚ ਤੋਂ ਬਹੁਤ ਦੂਰ ਹੋ ਗਈ ਹੈ। ਜਿਵੇਂ ਪੁਰਾਣੇ ਜ਼ਮਾਨੇ 'ਚ ਜਾਤੀ ਵਿਵਸਥਾ ਦੇ ਚਲਦਿਆਂ ਸਿੱਖਿਆ ਸਮਾਜ ਦੇ ਬਹੁਤ ਵੱਡੇ ਗਰੀਬ ਵਰਗ ਤੱਕ ਪਹੁੰਚਯੋਗ ਨਹੀਂ ਸੀ, ਭਾਵੇਂ ਸੰਵਿਧਾਨ ਦੇ ਲਾਗੂ ਹੋਣ ਨਾਲ ਸਿੱਖਿਆ ਜਾਤੀਵਾਦ ਦੇ ਬੰਧਨਾਂ ਤੋਂ ਤਾਂ ਮੁਕਤ ਹੋ ਗਈ ਹੈ, ਪਰ ਸਿੱਖਿਆ ਦੇ ਨਿੱਜੀਕਰਨ ਨੇ ਅਮੀਰ ਤੇ ਗਰੀਬ ਵਿਚਕਾਰ ਇਕ ਨਵਾਂ ਪਾੜਾ ਪੈਦਾ ਕਰਕੇ ਇਕ ਨਵੀਂ ਜਾਤੀ ਵਿਵਸਥਾ ਪੈਦਾ ਕਰ ਦਿੱਤੀ ਹੈ। ਪੈਸੇ ਵਾਲੇ ਅਮੀਰ ਆਪਣੇ ਬੱਚਿਆਂ ਨੂੰ ਮਹਿੰਗੇ ਤੇ ਸਭ ਸਹੂਲਤਾਂ ਨਾਲ ਲੈਸ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਭੇਜ ਕੇ ਉਨ੍ਹਾਂ ਨੂੰ ਸਭ ਵਧੀਆ ਸਿੱਖਿਆ ਦਿਵਾ ਸਕਦੇ ਹਨ ਪਰ ਗਰੀਬਾਂ ਦੇ ਬੱਚੇ ਉਨ੍ਹਾਂ ਸਕੂਲਾਂ ਵਿਚ ਜਾਣ ਲਈ ਮਜਬੂਰ ਹਨ, ਜਿੱਥੇ ਸਿੱਖਿਆ ਦੇ ਨਾਂਅ 'ਤੇ ਮਜ਼ਾਕ ਹੋ ਰਿਹਾ ਹੈ। ਇਮਾਰਤਾਂ ਤੇ ਅਧਿਆਪਕਾਂ ਦੀ ਘਾਟ ਵਾਲੇ ਸਕੂਲਾਂ 'ਚ ਪੜ੍ਹਿਆ ਕੋਈ ਬੱਚਾ ਅਮੀਰਾਂ ਦੇ ਬੱਚਿਆਂ ਨਾਲ ਕਿਵੇਂ ਮੁਕਾਬਲਾ ਕਰ ਸਕਦਾ ਹੈ? ਗਰੀਬ ਪਰਿਵਾਰਾਂ ਦੇ ਬੱਚੇ ਚੰਗੀ ਸਿੱਖਿਆ ਪ੍ਰਾਪਤ ਹੀ ਨਹੀਂ ਕਰ ਪਾਉਂਦੇ,ਇਹ ਸਭ ਖ਼ਤਮ ਹੋਣਾ ਚਾਹੀਦਾ ਹੈ। ਅਮੀਰ ਹੋਵੇ ਜਾਂ ਗਰੀਬ ਸਭ ਬੱਚਿਆਂ ਨੂੰ ਇਕੋ ਪੱਧਰ 'ਤੇ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਕੋਚਿੰਗ ਸੈਂਟਰ, ਪ੍ਰਾਈਵੇਟ ਟਿਊਸ਼ਨ ਤੇ 5-ਤਾਰਾ ਸਕੂਲ ਬੰਦ ਕਰਕੇ ਅਮੀਰਾਂ ਤੇ ਗਰੀਬਾਂ ਦੇ ਬੱਚਿਆਂ ਲਈ ਇਕੋ ਜਿਹੇ ਸਕੂਲਾਂ ਵਿਚ ਪੜ੍ਹਾਈ ਹੋਣੀ ਚਾਹੀਦੀ ਹੈ। ਅਧਿਆਪਕ ਬਣਨ ਨੂੰ ਇਕ ਵੱਡੇ ਕਰੀਅਰ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਤਨਖਾਹਾਂ 'ਚ ਤੇਜ਼ੀ ਨਾਲ ਵਾਧਾ ਹੋਣਾ ਚਾਹੀਦਾ ਹੈ। ਜਦੋਂ ਹਰ ਕੋਈ ਇਕੋ ਜਿਹੀ ਸਿੱਖਿਆ ਪ੍ਰਾਪਤ ਕਰੇਗਾ ਤਾਂ ਢੁਕਵਾਂ ਮੁਕਾਬਲਾ ਵਧੇਗਾ।

ਤਿੰਨ ਘੰਟਿਆਂ ਦੀ ਪ੍ਰੀਖਿਆ ਨਾਲ ਰਚਨਾਤਮਿਕ ਪ੍ਰਤਿਭਾ ਦੀ ਭਾਲ- ਸਾਡੀ ਸਿੱਖਿਆ ਪ੍ਰਣਾਲੀ ਦੀ ਦੂਜੀ ਸਭ ਤੋਂ ਵੱਡੀ ਸਮੱਸਿਆ ਅਜੋਕੀ ਪ੍ਰੀਖਿਆ ਪ੍ਰਣਾਲੀ ਹੈ। ਤਿੰਨ ਘੰਟੇ ਦੀ ਪ੍ਰੀਖਿਆ ਨਾਲ ਬੱਚਿਆਂ ਤੇ ਵਿਦਿਆਰਥੀਆਂ ਦੀ ਸਮੁੱਚੀ ਪ੍ਰਤਿਭਾ ਦਾ ਪਤਾ ਨਹੀਂ ਲਗਾਇਆ ਜਾ ਸਕਦਾ। ਬੱਚਿਆਂ ਨੂੰ 3 ਘੰਟੇ ਦੇ ਚੱਕਰਵਿਊ 'ਚੋਂ ਕੱਢ ਕੇ ਉਨ੍ਹਾਂ ਦੀ ਪ੍ਰਤਿਭਾ ਦੀ ਪਛਾਣ ਕਰਨ ਲਈ ਪੂਰੇ ਸਾਲ ਦਾ ਰੋਡਮੈਪ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ। ਹਰੇਕ ਵਿਦਿਆਰਥੀ ਦੀ ਪ੍ਰਤਿਭਾ ਦੀ ਪਛਾਣ ਪ੍ਰਾਇਮਰੀ ਪੱਧਰ 'ਤੇ ਸ਼ੁਰੂ ਹੋਵੇ। ਵਿਦਿਆਰਥੀਆਂ ਨੂੰ ਉਸ ਵਿਸ਼ੇ ਜਾਂ ਹੁਨਰ ਵੱਲ ਪ੍ਰੇਰਿਤ ਕਰਨ ਲਈ ਇਕ ਪ੍ਰਣਾਲੀ ਹੋਵੇ, ਜਿਸ ਵਿਸ਼ੇ 'ਚ ਉਨ੍ਹਾਂ ਦੀ ਕੁਦਰਤੀ ਦਿਲਚਸਪੀ ਹੋਵੇ, ਉਹ ਉਸ ਖੇਤਰ 'ਚ ਬਿਹਤਰ ਪ੍ਰਦਰਸ਼ਨ ਕਰ ਸਕਦੇ ਹਨ। ਇਹ ਯਕੀਨੀ ਬਣਾਏਗਾ ਕਿ ਉਹ ਆਪਣੀ ਸਿੱਖਿਆ ਦੀ ਸ਼ੁਰੂਆਤ ਵਿਚ ਹੀ ਜਾਣਦੇ ਹੋਣਗੇ ਕਿ ਉਹ ਦੂਜਿਆਂ ਨਾਲੋਂ ਕਿਸ ਵਿਸ਼ੇ ਜਾਂ ਹੁਨਰ 'ਚ ਕੀ ਬਿਹਤਰ ਕਰ ਸਕਦੇ ਹਨ। ਵਰਤਮਾਨ ਸਮੇਂ ਮਾਪੇ ਫੈਸਲਾ ਕਰਦੇ ਹਨ ਕਿ ਉਨ੍ਹਾਂ ਦਾ ਬੱਚੇ ਕੀ ਪੜ੍ਹੇਗਾ। ਭਾਵੇਂ ਬੱਚੇ ਦੀ ਫਿਜ਼ਿਕਸ ਜਾਂ ਗਣਿਤ ਵਿਚ ਕੋਈ ਦਿਲਚਸਪੀ ਨਾ ਹੋਵੇ, ਪਰ ਬੱਚਿਆਂ ਦੇ ਮਾਪੇ ਉਨ੍ਹਾਂ ਨੂੰ ਇਹੀ ਪੜ੍ਹਾਉਣਾ ਚਾਹੁੰਦੇ ਹਨ। ਅਜਿਹੇ 'ਚ ਬੱਚਾ ਫੇਲ੍ਹ ਹੋ ਜਾਂਦਾ ਹੈ, ਜੇਕਰ ਬੱਚੇ ਦੀ ਰੁਚੀ ਦੇ ਵਿਸ਼ਿਆਂ 'ਚ ਉਸ ਨੂੰ ਪੜ੍ਹਨ ਦਿੱਤਾ ਜਾਵੇ ਤਾਂ ਉਹ ਸਕੂਲ ਵਿਚ ਟਾਪ ਵੀ ਕਰ ਸਕਦਾ ਹੈ।

ਖੋਜ ਤੇ ਨਵੀਨਤਾ 'ਤੇ ਧਿਆਨ ਕੇਂਦਰਿਤ ਕਰੋ-ਸਾਡੀ ਸਿੱਖਿਆ ਦੀ ਇਕ ਹੋਰ ਕਮੀ ਖੋਜ ਤੇ ਨਵੀਨਤਾ (ਇਨੋਵੇਸ਼ਨ) 'ਤੇ ਘੱਟ ਜ਼ੋਰ ਦੇਣਾ ਹੈ। ਅਮਰੀਕਾ ਦੁਨੀਆ ਵਿੱਚ ਇੰਨੀ ਵੱਡੀ ਸ਼ਕਤੀ ਇਸ ਲਈ ਬਣ ਸਕਿਆ ਹੈ ਕਿਉਂਕਿ ਇਸ ਦੀਆਂ ਯੂਨੀਵਰਸਿਟੀਆਂ ਖੋਜ ਤੇ ਨਵੇਂ ਵਿਚਾਰਾਂ 'ਤੇ ਕੰਮ ਕਰਨ 'ਤੇ ਜ਼ੋਰ ਦਿੰਦੀਆਂ ਹਨ। ਅਮਰੀਕਾ ਦੀ ਸਭ ਤੋਂ ਵੱਡੀ ਤਾਕਤ ਉਸ ਦੀਆਂ ਯੂਨੀਵਰਸਿਟੀਆਂ ਹਨ, ਜਿਨ੍ਹਾਂ ਨੂੰ ਨਿੱਜੀ ਨਿਵੇਸ਼ ਤੋਂ ਵੱਡਾ ਸਮਰਥਨ ਮਿਲਦਾ ਹੈ। ਅਮਰੀਕਾ ਨੂੰ ਦੇਖਦਿਆਂ ਚੀਨ ਨੇ ਪਿਛਲੇ 40 ਸਾਲਾਂ 'ਚ ਆਪਣੀਆਂ ਯੂਨੀਵਰਸਿਟੀਆਂ ਨੂੰ ਮਜ਼ਬੂਤ ਕਰਕੇ ਨਵੀਨਤਾ 'ਤੇ ਜ਼ੋਰ ਦਿੱਤਾ ਹੈ। ਇਸ ਕੋਸ਼ਿਸ਼ ਦੇ ਨਤੀਜੇ ਵਜੋਂ ਚੀਨ ਨੇ ਇਲੈਕਟ੍ਰਿਕ ਵਾਹਨਾਂ, ਏ.ਆਈ., ਸੈਮੀਕੰਡਕਟਰਾਂ ਤੇ ਗ੍ਰੀਨ ਐਨਰਜੀ 'ਚ ਅਮਰੀਕਾ ਤੇ ਯੂਰੋਪ ਨੂੰ ਪਛਾੜ ਦਿੱਤਾ ਹੈ। ਭਾਰਤ ਵੀ ਅਜਿਹਾ ਕਰ ਸਕਦਾ ਹੈ, ਪਰ ਸਾਡੀਆਂ ਯੂਨੀਵਰਸਿਟੀਆਂ ਨਵੀਨਤਾ ਦੀ ਬਜਾਏ ਸਿਰਫ਼ ਡਿਗਰੀਆਂ ਦੇਣ 'ਤੇ ਧਿਆਨ ਕੇਂਦਰਿਤ ਕਰਦੀਆਂ ਹਨ। ਸਾਡੇ ਉਦਯੋਗ ਵੀ ਸਿਰਫ਼ ਪੈਸਾ ਕਮਾਉਣ ਵਾਲੀਆਂ ਮਸ਼ੀਨਾਂ ਹਨ; ਉਹ ਖੋਜ ਤੇ ਵਿਕਾਸ ਨੂੰ ਪੈਸੇ ਦੀ ਬਰਬਾਦੀ ਵਜੋਂ ਵੇਖਦੇ ਹਨ। ਇਸ ਲਈ ਭਾਰਤ ਦੇ ਚੋਟੀ ਦੇ ਉਦਯੋਗਪਤੀ ਪੈਸਾ ਤਾਂ ਕਮਾਉਂਦੇ ਹਨ ਪਰ ਵੱਡੇ ਗਲੋਬਲ ਬ੍ਰਾਂਡ ਜਾਂ ਉਤਪਾਦ ਬਣਾਉਣ 'ਚ ਅਸਫਲ ਰਹਿੰਦੇ ਹਨ। ਜਦੋਂ ਤੱਕ ਉਦਯੋਗਪਤੀਆਂ ਤੇ ਯੂਨੀਵਰਸਿਟੀਆਂ ਦੀ ਮਾਨਸਿਕਤਾ ਨਹੀਂ ਬਦਲਦੀ, ਭਾਰਤ ਕਦੇ ਵੀ ਵਿਸ਼ਵ ਨੇਤਾ ਨਹੀਂ ਬਣ ਸਕਦਾ।

ਇਸ ਸਮੇਂ ਇੱਕ ਹੋਰ ਵੱਡੀ ਸਮੱਸਿਆ ਖੜ੍ਹੀ ਹੋ ਗਈ ਹੈ: ਭਾਰਤ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਨੂੰ ਵਿਚਾਰਧਾਰਾ ਦੀ ਨਵੀਂ ਸਿਉਂਕ ਲੱਗ ਗਈ ਹੈ। ਇੱਕ ਵਿਚਾਰਧਾਰਾ ਨੂੰ ਫੈਲਾਉਣ ਲਈ ਦੂਜੀ ਵਿਚਾਰਧਾਰਾ ਦੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਸਿਸਟਮ ਤੋਂ ਬਾਹਰ ਧੱਕਿਆ ਜਾ ਰਿਹਾ ਹੈ। ਜਿਹੜੇ ਲੋਕ ਕਿਸੇ ਸਕੂਲ ਵਿਚ ਅਧਿਆਪਕ ਬਣਨ ਦੇ ਯੋਗ ਵੀ ਨਹੀਂ, ਉਹ ਪ੍ਰੋਫੈਸਰ ਬਣ ਰਹੇ ਹਨ। ਸਿੱਖਿਆ/ਗਿਆਨ ਤੰਤਰ ਖ਼ਤਮ ਹੋਣ ਦੀ ਕਗਾਰ 'ਤੇ ਹੈ। ਜੰਤਰ-ਮੰਤਰ 'ਤੇ ਇਕੱਠੇ ਹੋਏ ਵਿਦਿਆਰਥੀ ਤੇ ਨੌਜਵਾਨ ਇਸ ਗਲੇ-ਸੜੇ ਤੰਤਰ ਤੋਂ ਨਾਰਾਜ਼ ਸਨ। ਬੜੇ ਦੁੱਖ ਦੀ ਗੱਲ ਹੈ ਕਿ ਇਸ ਅੰਦੋਲਨ ਤੋਂ ਸਬਕ ਲੈ ਕੇ ਸਿੱਖਿਆ ਵਿੱਚ ਕੋਈ ਸੁਧਾਰ ਕਰਨ ਦੀ ਬਜਾਏ ਇਸ ਨੂੰ ਦਬਾਉਣ ਲਈ 'ਦਿਮਾਗ਼ੀ ਨਕਸਲ' ਵਰਗੇ ਸ਼ਬਦ ਘੜੇ ਜਾ ਰਹੇ ਹਨ। ਅਜਿਹੀ ਸਥਿਤੀ ਵਿੱਚ ਭਾਰਤ ਕਿਵੇਂ ਤਰੱਕੀ ਕਰਕੇ ਇਕ ਵੱਡੀ ਸ਼ਕਤੀ ਵਜੋਂ ਉੱਭਰੇਗਾ?



ਯੋਗੇਂਦਰ ਯਾਦਵ

# ਕੀ ਸਰਕਾਰ ਜਾਤੀ ਜਨਗਣਨਾ ਨੂੰ ਫੇਲ੍ਹ ਕਰਨ ਦੀ ਤਿਆਰੀ 'ਚ ਹੈ?

ਇੱਕ ਸਾਲ ਪਹਿਲਾਂ ਜਾਤੀ ਜਨਗਣਨਾ ਦਾ ਐਲਾਨ ਕਰਨ ਵਾਲੀ ਸਰਕਾਰ ਨੇ ਇਸ ਨੂੰ ਖਤਮ ਕਰਨ ਦਾ ਫੈਸਲਾ ਕਰ ਲਿਆ ਹੈ । ਜਿਸ ਰਾਜਨੀਤਕ ਮਜਬੂਰੀ ਤੇ ਦੁਚਿੱਤੀ ਨਾਲ ਜਾਤੀ ਜਨਗਣਨਾ ਕਰਵਾਉਣ ਲਈ ਹਾਮੀ ਭਰੀ ਗਈ ਸੀ, ਹੁਣ ਉਸੇ ਨੇ ਕੀਤੇ ਵਾਅਦੇ ਤੋਂ ਮੁਕਰਨ ਲਈ ਮਜਬੂਰ ਕਰ ਦਿੱਤਾ ਹੈ । ਹੁਣ ਸਾਨੂੰ ਸਪੱਸ਼ਟ ਤੌਰ 'ਤੇ ਇਸ ਲਈ ਕਿਸੇ ਰਸਮੀ ਐਲਾਨ ਜਾਂ ਅਧਿਕਾਰਤ ਅੰਤਿਮ ਨਾਂਹ ਦੀ ਉਮੀਦ ਨਹੀਂ ਕਰਨੀ ਚਾਹੀਦੀ, ਕਿਉਂਕਿ ਇਸ ਪਹਿਲ ਨੂੰ ਚੁੱਪ-ਚਾਪ ਦਬਾਉਂਦਿਆਂ ਤਕਨੀਕੀ ਸ਼ਬਦਾਂ ਹੇਠ ਛੁਪਾ ਦਿੱਤਾ ਜਾਵੇਗਾ, ਹਾਲਾਂਕਿ ਜਾਤੀ ਜਨਗਣਨਾ ਦਾ ਦਿਖਾਵਾ ਜਾਰੀ ਰਹੇਗਾ ।

ਦੀਪਤੀਮਾਨ ਤਿਵਾੜੀ ਦੀ ਇੱਕ ਰਿਪੋਰਟ ਅਨੁਸਾਰ (ਕੋਈ ਡ੍ਰਾਪ-ਡਾਊਨ ਬਦਲ ਨਹੀਂ, ਜਾਤੀ ਜਨਗਣਨਾ ਫਾਰਮੈਟ ਦਾ ਓਪਨ-ਐਂਡਿਡ ਹੋਵੇਗਾ) ਜਨਗਣਨਾ ਕਰਨ ਦੇ ਇੰਚਾਰਜ ਭਾਰਤ ਦੇ ਰਜਿਸਟਰਾਰ ਜਨਰਲ (ਆਰ.ਜੀ.ਆਈ.) ਨੇ ਭਾਰਤ ਦੀ ਆਉਣ ਵਾਲੀ ਜਨਗਣਨਾ ਦੇ ਜਨਸੰਖਿਆ ਗਣਨਾ ਪੜਾਅ ਲਈ ਜਾਤੀਆਂ ਦੇ ਡ੍ਰੌਪ-ਡਾਉਨ ਮੀਨੂ ਦੀ ਬਜਾਏ ਜਾਤੀ 'ਤੇ ਇੱਕ ਓਪਨ-ਐਂਡਿਡ ਪ੍ਰਸ਼ਨ ਦੀ ਵਰਤੋਂ ਕਰਨ ਦਾ ਫੈਸਲਾ ਲਿਆ ਹੈ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਜਦੋਂ ਜਨਗਣਨਾ ਕਰਨ ਵਾਲਾ ਗਣਨਾਕਾਰ ਤੁਹਾਡੇ ਘਰ ਆਵੇਗਾ ਤਾਂ ਉਹ ਤੁਹਾਨੂੰ ਚੁਣਨ ਲਈ ਜਾਤੀ ਦੇ ਨਾਵਾਂ ਦੀ ਸੂਚੀ ਨਹੀਂ ਦੇਵੇਗਾ, ਸਗੋਂ ਤੁਹਾਨੂੰ ਆਪਣੀ ਜਾਤੀ ਦਾ ਨਾਂਅ ਦੱਸਣ ਤੇ ਇਸ ਨੂੰ ਉਸੇ ਤਰ੍ਹਾਂ ਦਰਜ ਕਰਨ ਲਈ ਕਹੇਗਾ, ਜਿਵੇਂ ਤੁਸੀਂ ਉਸ ਨੂੰ ਦੱਸਦੇ ਹੋ। ਹੁਣ ਇਸ ਵਿੱਚ ਗਲਤ ਕੀ ਹੈ? ਇਹ ਮਾਮੂਲੀ ਤੇ ਸੁਪਰ-ਤਕਨੀਕੀ ਫੈਸਲਾ ਜਾਤੀ ਜਨਗਣਨਾ ਦੇ ਅਭਿਆਸ ਦੀ ਮੌਤ ਦੀ ਘੰਟੀ ਕਿਵੇਂ ਵਜਾਏਗਾ? ਇਸ ਲਈ ਤੁਹਾਨੂੰ ਤ੍ਰਿਣਾ ਵਿਥਾਯਥਿਲ ਦੀ ਕਿਤਾਬ 'ਕਾਊਂਟਿੰਗ ਕਾਸਟ: ਸੈਨਸਸ ਪਾਲਿਟਿਕਸ, ਬਿਊਰੋਕ੍ਰੇਟਿਕਸ ਡਿਫਲੈਕਸ਼ਨ ਐਂਡ ਬ੍ਰਾਹਮਣਿਕਲ ਪਾਵਰ ਇਨ ਇੰਡੀਆ' ਪੜ੍ਹਨੀ ਪਵੇਗੀ। ਇਹ ਦਸਤਾਵੇਜ਼ੀ ਕਿਤਾਬ ਖੁਲਾਸਾ ਕਰਦੀ ਹੈ ਕਿ 2011 'ਚ ਜਾਤੀ ਜਨਗਣਨਾ ਨੂੰ ਕਿਵੇਂ ਖਰਾਬ (ਸਾਬੋਤਾਜ) ਕੀਤਾ ਗਿਆ ਸੀ ।

ਸ਼ਰਦ ਯਾਦਵ ਦੀ ਅਗਵਾਈ 'ਚ ਇੱਕ ਜ਼ੋਰਦਾਰ ਸੰਸਦੀ ਬਹਿਸ ਨੇ ਜਾਤੀ ਜਨਗਣਨਾ ਕਰਨ ਦੇ ਹੱਕ ਵਿੱਚ ਸਰਬ-ਪਾਰਟੀ ਸਹਿਮਤੀ ਬਣਾਈ ਸੀ। ਪਰ ਜਨਗਣਨਾ 'ਚ ਜਾਤੀ ਨੂੰ ਕਿਵੇਂ ਦਰਜ ਕੀਤਾ ਜਾਵੇ, ਇਸ ਬਾਰੇ ਕੋਈ ਚਰਚਾ ਜਾਂ ਜਾਗਰੂਕਤਾ ਨਹੀਂ ਸੀ। ਇਹੀ ਉਹ ਥਾਂ ਸੀ ਜਿੱਥੇ ਬ੍ਰਾਹਮਣਵਾਦੀ ਵਿਵਸਥਾ ਦੀ ਸਮਾਜਿਕ ਤਾਕਤ ਨੇ ਖ਼ੁਦ ਨੂੰ ਸਾਬਤ ਕਰਦਿਆਂ ਦੋ ਮਹੱਤਵਪੂਰਨ-ਪ੍ਰਬੰਧਕੀ ਤੇ ਤਕਨੀਕੀ ਫੈਸਲਿਆਂ ਨਾਲ ਪੂਰੇ ਕੰਮ ਨੂੰ ਭਟਕਾ ਦਿੱਤਾ। ਸਭ ਤੋਂ ਪਹਿਲਾਂ, ਜਾਤੀ ਗਣਨਾ ਨੂੰ ਭਾਰਤ ਦੀ 10 ਸਾਲਾ ਜਨਗਣਨਾ ਤੋਂ ਵੱਖ ਕਰ ਦਿੱਤਾ ਗਿਆ ਤਾਂ ਜੋ ਜਨਗਣਨਾ 'ਤੇ ਜ਼ਿਆਦਾ ਬੋਝ ਨਾ ਪਵੇ, ਇਸ ਉਦੇਸ਼ ਲਈ ਸਮਾਜਿਕ ਆਰਥਿਕ ਤੇ ਜਾਤੀ ਜਨਗਣਨਾ (ਐਸ.ਈ.ਸੀ.ਸੀ.) ਨਾਮਕ ਇੱਕ ਵੱਖਰਾ ਦੇਸ਼ਵਿਆਪੀ ਸਰਵੇ ਡਿਜ਼ਾਈਨ ਕੀਤਾ ਗਿਆ ਸੀ। ਦੂਜਾ, ਜਾਤੀ ਨੂੰ ਇੱਕ ਖੁੱਲ੍ਹੇ (ਓਪਨ-ਐਂਡਿਡ) ਸਵਾਲ ਰਾਹੀਂ ਦਰਜ ਕਰ ਕੇ ਅਨੁਸੂਚਿਤ ਜਾਤੀਆਂ (ਐਸ.ਸੀ.), ਅਨੁਸੂਚਿਤ ਕਬੀਲਿਆਂ (ਐਸ.ਟੀ.) ਤੇ ਹੋਰ ਪਿਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦੀਆਂ ਸੂਚੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਇਸ ਫੈਸਲੇ ਅਤੇ ਹੋਰ




ਪ੍ਰਕਿਰਿਆਤਮਕ ਖਾਮੀਆਂ ਦਾ ਸਿੱਟਾ ਸੀ ਕਿ ਇਸ ਵੱਡੀ ਪ੍ਰਕਿਰਿਆ ਦੇ ਨਤੀਜੇ ਵਜੋਂ 47 ਲੱਖ ਜਾਤੀਆਂ ਦੇ ਨਾਮ ਸਾਹਮਣੇ ਆਏ, ਜੋ ਜਾਤੀ ਦੇ ਡੇਟਾ ਦੇ ਪ੍ਰਕਾਸ਼ਨ 'ਚ ਪਹਿਲਾਂ ਦੇਰੀ ਕਰਨ ਤੇ ਅਖੀਰ 'ਚ ਇਸ ਨੂੰ ਦਬਾਉਣ ਲਈ ਵਧੀਆ ਬਹਾਨਾ ਸੀ। ਵਿਥਾਯਥਿਲ ਅਨੁਸਾਰ, ਇਹ ਇਸ ਗੱਲ ਦੀ ਇਕ ਉਦਾਹਰਨ ਹੈ ਕਿ ਭਾਰਤ ਵਿਚ ਬ੍ਰਾਹਮਣਵਾਦੀ ਤਾਕਤ ਨੌਕਰਸ਼ਾਹੀ ਧਿਆਨ ਭਟਕਾ ਕੇ ਕਿਵੇਂ ਕੰਮ ਕਰਦੀ ਹੈ ।ਰਿਪੋਰਟ ਦੱਸਦੀ ਹੈ ਕਿ ਅਸੀਂ ਉਸੇ ਸਾਬੋਤਾਜ ਦਾ ਇੱਕ ਐਕਸ਼ਨ ਰੀਪਲੇਅ ਦੇਖਣ ਜਾ ਰਹੇ ਹਾਂ, ਸਿਵਾਏ ਇਸ ਦੇ ਕਿ ਇਸ ਵਾਰ ਇਹ ਕਿਸੇ ਵੱਖਰੇ ਸਰਵੇਖਣ ਅਧੀਨ ਨਹੀਂ ਸਗੋਂ ਭਾਰਤ ਦੀ ਅਧਿਕਾਰਤ ਜਨਗਣਨਾ 2027 ਤਹਿਤ ਹੋਵੇਗਾ । ਇਹ ਇਸ ਗੱਲ ਦੀ ਵੀ ਪੁਸ਼ਟੀ ਕਰਦੀ ਹੈ ਕਿ ਆਰ.ਜੀ.ਆਈ. ਦਫ਼ਤਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਇਹ ਪਹਿਲ ਜਾਤੀ ਜਨਗਣਨਾ ਨੂੰ ਫੇਲ੍ਹ ਕਰਨ ਲਈ ਤਿਆਰ ਕੀਤੀ ਗਈ ਹੈ। ਕੀ ਕੋਈ ਹੋਰ ਬਦਲ ਹੈ? ਅਸੀਂ ਜਾਤੀਆਂ, ਉਪ-ਜਾਤੀਆਂ ਤੇ ਉਨ੍ਹਾਂ ਦੇ ਬਹੁ-ਉਪਨਾਮਾਂ ਦੀ ਵਿਭਿੰਨਤਾ ਨੂੰ ਕਿਵੇਂ ਸ਼੍ਰੇਣੀਬੱਧ ਤੇ ਵਰਗੀਕ੍ਰਿਤ ਕਰੀਏ? ਲੋਕਾਂ ਤੋਂ ਉਨ੍ਹਾਂ ਦੀ ਆਪਣੀ ਜਾਤੀ ਦਾ ਨਾਂਅ ਪੁੱਛਣ ਦਾ ਹੋਰ ਕੀ ਤਰੀਕਾ ਹੈ? ਖੁਸ਼ਕਿਸਮਤੀ ਨਾਲ ਇੱਕ ਬਦਲ ਹੈ। ਇਹ ਭਾਰਤੀ ਰਾਜ ਦੇ ਅਧਿਕਾਰਤ ਅਭਿਆਸਾਂ ਦੇ ਅੰਦਰ ਮੌਜੂਦ ਹੈ ਤੇ ਇਸ ਦੀ ਵਰਤੋਂ ਪਹਿਲਾਂ ਵੀ ਭਾਰਤ ਦੀ ਜਨਗਣਨਾ ਸਮੇਂ ਹੋਈ ਹੈ। ਹਾਲ ਹੀ 'ਚ ਬਿਹਾਰ ਤੇ ਤੇਲੰਗਾਨਾ 'ਚ ਵੀ ਇਸ ਦੀ ਸਫਲਤਾਪੂਰਵਕ ਵਰਤੋਂ ਕੀਤੀ ਗਈ ਹੈ। ਇਸ ਲਈ ਇੰਨਾ ਹੀ ਕਰਨਾ ਹੈ ਕਿ ਕਿਸੇ ਤੋਂ ਉਸ ਦੀ ਜਾਤੀ ਦਾ ਨਾਂਅ ਪੁੱਛਣ ਦੀ ਬਜਾਏ ਉਨ੍ਹਾਂ ਦੀ ਜਾਤੀ ਸ਼੍ਰੇਣੀ (ਐਸ.ਸੀ./ ਐਸ.ਟੀ./ ਓ.ਬੀ.ਸੀ./ਜਨਰਲ) ਪੁੱਛ ਕੇ ਉਨ੍ਹਾਂ ਨੂੰ ਆਪਣੀ ਜਾਤੀ ਦੇ ਨਾਵਾਂ ਦੇ ਮੀਨੂ 'ਚੋਂ ਜਾਤੀ ਦੀ ਚੋਣ ਕਰਨ ਲਈ ਕਿਹਾ ਜਾ ਸਕਦਾ ਹੈ, ਬਾਕੀ ਦੇ 1-2 ਫ਼ੀਸਦੀ ਡ੍ਰਾਪ-ਡਾਊਨ ਕੇਸਾਂ ਨੂੰ 'ਅਦਰ' ਤਹਿਤ ਰੱਖ ਕੇ ਉਨ੍ਹਾਂ ਤੋਂ ਜਾਤੀ ਦਾ ਨਾਂਅ ਪੁੱਛਿਆ ਜਾ ਸਕਦਾ ਹੈ ।

ਕੀ ਸਾਡੇ ਕੋਲ ਜ਼ਿਆਦਾਤਰ ਭਾਰਤੀ ਜਾਤੀਆਂ ਦੇ ਨਾਵਾਂ ਦਾ ਤਿਆਰ ਕੀਤਾ ਮੀਨੂ ਹੈ? ਇਸ ਦਾ ਜਵਾਬ ਹਾਂ ਹੈ, ਕਿਉਂਕਿ ਸਾਡੇ ਕੋਲ ਪਹਿਲਾਂ ਹੀ ਜਾਤੀਆਂ ਦੀ ਵਿਆਪਕ ਅਧਿਕਾਰਤ ਸੂਚੀ ਹੈ, ਜਿਨ੍ਹਾਂ 'ਚ ਐਸ.ਸੀ./ਐਸ.ਟੀ./ ਓ.ਬੀ.ਸੀ. ਸ਼੍ਰੇਣੀਆਂ ਦੀਆਂ ਉਪ-ਜਾਤੀਆਂ ਦੇ ਨਾਂਅ ਦਰਜ ਹਨ। ਹੁਣ ਜਦੋਂ ਕੋਈ ਜਨਗਣਨਾ ਗਣਨਾਕਾਰ ਕਿਸੇ ਦਲਿਤ ਘਰ 'ਚ ਜਾ ਕੇ ਸਭ ਤੋਂ ਪਹਿਲਾਂ ਉਨ੍ਹਾਂ ਤੋਂ ਪੁੱਛਦਾ ਹੈ, ਕਿ ਕੀ ਉਹ ਐਸ.ਸੀ. ਸ਼੍ਰੇਣੀ ਨਾਲ ਸੰਬੰਧਿਤ ਹੈ। ਜੇਕਰ ਜਵਾਬ 'ਹਾਂ' 'ਚ ਮਿਲਦਾ ਹੈ ਤਾਂ ਉਹ ਫਿਰ ਅਨੁਸੂਚਿਤ ਜਾਤੀਆਂ ਦੀ ਸੂਚੀ ਕੱਢ ਕੇ ਉਨ੍ਹਾਂ ਨੂੰ ਅਧਿਕਾਰਤ ਸੂਚੀ 'ਚ ਦਰਜ ਇੰਦਰਾਜਾਂ 'ਚੋਂ ਕਿਸੇ ਇੱਕ 'ਚ ਪਾ ਦੇਵੇਗਾ । ਇਸੇ ਤਰ੍ਹਾਂ ਇਸ ਪਹਿਲ ਨੂੰ ਐਸ.ਟੀ. ਤੇ ਓ.ਬੀ.ਸੀ. ਸ਼੍ਰੇਣੀਆਂ ਤੱਕ ਆਸਾਨੀ ਨਾਲ ਵਧਾਇਆ ਜਾ ਸਕਦਾ ਹੈ, ਜਿਨ੍ਹਾਂ ਲਈ ਵਿਆਪਕ ਸੂਚੀਆਂ ਰਾਜ ਤੇ ਰਾਸ਼ਟਰੀ ਪੱਧਰ 'ਤੇ ਉਪਲਬਧ ਹਨ। ਬਾਕੀ ਇਕ ਚੌਥਾਈ 'ਜਨਰਲ' ਸ਼੍ਰੇਣੀ ਦੀ ਗਣਨਾ ਬਹੁਤੀ ਮੁਸ਼ਕਿਲ ਨਹੀਂ ਹੈ, ਜਿੰਨੀ ਇਸ ਨੂੰ ਦੱਸਿਆ ਜਾਂਦਾ ਹੈ । ਜ਼ਿਕਰਯੋਗ ਹੈ ਕਿ 1931 'ਚ ਭਾਰਤ ਦੀ ਜਨਗਣਨਾ ਸਮੇਂ ਸਾਰੀਆਂ ਜਾਤੀਆਂ ਦਰਜ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿਚ ਅੱਜ ਦੀਆਂ ਜਨਰਲ ਸ਼੍ਰੇਣੀ ਦੀਆਂ ਜਾਤਾਂ ਵੀ ਸ਼ਾਮਿਲ ਹਨ । ਉਂਜ ਵੀ ਪਿਛਲੀ ਇਕ ਸਦੀ ਦੌਰਾਨ ਬਹੁਤੀਆਂ ਨਵੀਆਂ ਜਾਤਾਂ ਨਹੀਂ ਬਣੀਆਂ ਹੋਣਗੀਆਂ । ਸਾਡੇ ਕੋਲ ਕੇ.ਐਸ.ਸਿੰਘ ਦੁਆਰਾ 1980 ਦੇ ਦਹਾਕੇ ਵਿਚ ਸੰਪਾਦਿਤ 43-ਖੰਡਾਂ ਵਾਲਾ ਐਨਸਾਈਕਲੋਪੀਡੀਆ 'ਪੀਪਲ ਆਫ਼ ਇੰਡੀਆ' ਵੀ ਹੈ, ਜੋ ਦੇਸ਼ ਭਰ ਦੀਆਂ ਸਭ ਜਾਤਾਂ ਤੇ ਭਾਈਚਾਰਿਆਂ ਦਾ ਇੱਕ ਅਧਿਕਾਰਤ ਦਸਤਾਵੇਜ਼ ਵੀ ਹੈ, ਇਸ ਦੀ ਵਰਤੋਂ 1931 ਦੀ ਸੂਚੀ ਨੂੰ ਸੁਧਾਰਨ ਲਈ ਕੀਤੀ ਜਾ ਸਕਦੀ ਹੈ । ਇਕ ਖੁੱਲ੍ਹਾ ਸਵਾਲ 'ਅਦਰ' ਵੀ ਬਾਕੀ ਬਚੀ ਛੋਟੀ ਆਬਾਦੀ ਤੋਂ ਪੁੱਛਿਆ ਜਾ ਸਕਦਾ ਹੈ, 140 ਕਰੋੜ ਭਾਰਤੀਆਂ ਤੋਂ ਨਹੀਂ ।

ਅਸਲ ਸਮੱਸਿਆ ਤਕਨੀਕੀ ਬਦਲ ਦੀ ਨਹੀਂ, ਸਗੋਂ ਰਾਜਨੀਤਕ ਇੱਛਾ ਸ਼ਕਤੀ ਦੀ ਹੈ ਜਾਂ ਕਹਿ ਸਕਦੇ ਹਾਂ ਕਿ ਰਾਜਨੀਤਕ ਦੁਰਭਾਵਨਾ ਦੀ ਹੈ ।2011 'ਚ ਨੌਕਰਸ਼ਾਹੀ ਵੱਲੋਂ ਧਿਆਨ ਭਟਕਾਉਣ ਦੀ ਚਾਲ ਨੇ ਇਕ ਰਾਜਨੀਤਕ ਫ਼ੈਸਲੇ ਨੂੰ ਵਿਗਾੜ ਦਿੱਤਾ ਗਿਆ ਸੀ, ਪਰ ਇਸ ਦੇ ਉਲਟ ਇਸ ਵਾਰ ਇਹ ਸਿਆਸੀ ਰੂਪ 'ਚ ਸੋਚ-ਸਮਝ ਕੇ ਤਿਆਰ ਕੀਤੀ ਗਈ ਸਾਜ਼ਿਸ਼ ਹੈ । ਅਖ਼ਬਾਰ ਦੀ ਰਿਪੋਰਟ 'ਚ ਬਿਨਾਂ ਨਾਂਅ ਦੱਸੇ ਇੱਕ ਕੇਂਦਰੀ ਮੰਤਰੀ ਦੇ ਹਵਾਲੇ ਨਾਲ ਲਿਖਿਆ ਗਿਆ ਹੈ: ਵਿਰੋਧੀ ਧਿਰ ਸਿਆਸੀ ਕਾਰਨਾਂ ਕਰਕੇ ਜਾਤੀ ਜਨਗਣਨਾ ਦੀ ਮੰਗ ਕਰ ਰਹੀ ਸੀ, ਅਸੀਂ ਇਸ ਨੂੰ ਮੰਨ ਲਿਆ । ਹੁਣ ਉਨ੍ਹਾਂ ਨੂੰ ਅੰਤਿਮ ਅੰਕੜਿਆਂ ਨਾਲ ਨਜਿੱਠਣ ਦਿਓ। ਬਿਨਾਂ ਸ਼ੱਕ ਇਹ ਨੌਕਰਸ਼ਾਹੀ ਫੈਸਲਾ ਰਾਜਨੀਤਿਕ ਪ੍ਰਵਾਨਗੀ ਨਾਲ ਲਿਆ ਗਿਆ ਹੈ ਤੇ ਉਨ੍ਹਾਂ ਨੂੰ ਇਸ ਅਭਿਆਸ ਦੀ ਅਸਫਲਤਾ ਬਾਰੇ ਪੂਰਾ ਪਤਾ ਹੈ ।ਲੱਗਦਾ ਹੈ ਭਾਜਪਾ ਨੇ ਜਾਤੀ ਜਨਗਣਨਾ ਬਾਰੇ ਦੁਬਾਰਾ ਸੋਚਿਆ ਹੋਵੇ, ਕਿਉਂਕਿ ਉਸ ਨੂੰ ਯੂ.ਜੀ.ਸੀ. ਵਿਰੋਧ ਤੇ ਹਾਲੀਆ ਨੌਜਵਾਨਾਂ ਦੇ ਅੰਦੋਲਨ ਤੋਂ ਬਾਅਦ ਆਪਣੇ ਜਨਰਲ ਜਾਤੀ ਵੋਟ ਬੈਂਕ ਦੇ ਖੁਸਣ ਦਾ ਡਰ ਹੈ, ਜਾਂ ਫਿਰ ਇਹ ਚਾਲ ਸ਼ੁਰੂ ਤੋਂ ਹੀ ਵਿਉਂਤੀ ਗਈ ਹੋ ਸਕਦੀ ਹੈ । ਕੁਝ ਵੀ ਹੋਵੇ, ਰਾਜਨੀਤਿਕ ਖੇਡ ਸਪੱਸ਼ਟ ਹੈ। ਪ੍ਰਧਾਨ ਮੰਤਰੀ ਬਾਹਾਂ ਉਠਾ ਕੇ ਆਪਣੇ ਓ.ਬੀ.ਸੀ. ਵੋਟਰਾਂ ਨੂੰ ਕਹਿ ਸਕਦੇ ਹਨ: ਦੇਖੋ, ਅਸੀਂ ਕੋਸ਼ਿਸ਼ ਕੀਤੀ ਪਰ ਇਸ ਨਾਲ ਕੰਮ ਨਹੀਂ ਬਣਿਆ ਅਤੇ ਉਹ ਆਪਣੇ ਖਾਸ 'ਉੱਚ ਜਾਤੀ' ਹਿੰਦੂ ਵੋਟ ਬੈਂਕ ਨੂੰ ਇਸ਼ਾਰਾ ਕਰ ਸਕਦੇ ਹਨ: ਚਿੰਤਾ ਨਾ ਕਰੋ, ਅਸੀਂ ਇਸ ਨੂੰ ਸੰਭਾਲ ਲਿਆ ਹੈ, 'ਸੱਪ ਵੀ ਮਰ ਗਿਆ, ਲਾਠੀ ਵੀ ਨਹੀਂ ਟੁੱਟੀ'।

**-ਰਾਸ਼ਟਰੀ ਕਨਵੀਨਰ 'ਭਾਰਤ ਜੋੜੋ' ਅਭਿਆਨ**



ਡਾ. ਮੇਹਰ ਮਾਣਕ

# ਪੰਜਾਬ ਦੇ ਵਿਕਾਸ ਲਈ ਇੱਕ ਢੁਕਵਾਂ ਮਾਡਲ ਸਥਾਪਤ ਕਰਨ ਦੀ ਲੋੜ

ਪੰਜਾਬ 'ਚ ਬਹੁ-ਗਿਣਤੀ ਕਿਸਾਨ ਛੋਟੀਆਂ ਜੋਤਾਂ ਦੇ ਮਾਲਕ ਹਨ। ਦੂਸਰਾ ਹਜ਼ਾਰਾਂ ਹਰਵੇ ਤੇ ਜਰਬੇ ਸਹਿ ਕੇ ਵੀ ਉਹ ਖੇਤੀ ਕਿੱਤੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ, ਜਿਸ ਦੇ ਕਈ ਸਮਾਜਿਕ ਤੇ ਸੱਭਿਆਚਾਰਕ ਕਾਰਨ ਹਨ। ਕਿਸਾਨ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਸੀ ਦਾ ਵਿਰੋਧ ਕਰ ਰਹੇ ਹਨ, ਸਰਕਾਰ ਨੇ 14 ਮਈ 2025 ਨੂੰ ਇਸ ਨੀਤੀ ਦਾ ਐਲਾਨ ਕਰਦਿਆਂ ਇਸ ਨੂੰ ਲਾਗੂ ਕਰਨ ਲਈ ਹਰ ਕੋਸ਼ਿਸ਼ ਕੀਤੀ ਪਰ ਕਿਸਾਨਾਂ ਦਾ ਗੁੱਸਾ ਘਟਣ ਦੀ ਬਜਾਏ ਵਧਦਾ ਗਿਆ । ਪੰਜਾਬ ਸਰਕਾਰ ਨੇ ਹਾਲਾਤ ਨੂੰ ਭਾਂਪਦਿਆਂ ਲੈਂਡ ਪੂਲਿੰਗ ਨੀਤੀ ਦੇ ਮੁੱਢਲੇ ਨੋਟੀਫ਼ਿਕੇਸ਼ਨ 'ਚ ਪਹਿਲਾਂ 4 ਜੂਨ ਤੇ ਫਿਰ 25 ਜੁਲਾਈ ਨੂੰ ਕਈ ਸੋਧਾਂ ਕੀਤੀਆਂ, ਪਰ ਕਿਸਾਨਾਂ ਦੇ ਸਹਿਮਤ ਨਾ ਹੋਣ ਕਾਰਨ ਸਰਕਾਰ ਨੇ 11 ਅਗਸਤ 2025 ਨੂੰ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦਾ ਐਲਾਨ ਕਰ ਦਿੱਤਾ । ਇਸ ਤੋਂ ਸਬਕ ਸਿੱਖਣ ਦੀ ਬਜਾਏ ਹੁਣ ਫਿਰ ਪੰਜਾਬ ਮੰਤਰੀ ਮੰਡਲ ਨੇ ਇਸ ਨੀਤੀ 'ਚ ਕਈ ਸੋਧਾਂ ਕਰਨ ਬਾਅਦ ਮੁੜ ਨਵੀਂ ਲੈਂਡ ਪੂਲਿੰਗ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ । ਸਰਕਾਰੀ ਦਾਅਵੇ ਮੁਤਾਬਿਕ ਪਹਿਲੀ ਜੁਲਾਈ 2026 ਨੂੰ ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਦੌਰਾਨ ਜ਼ਮੀਨ ਮਾਲਕਾਂ ਨੂੰ ਵਧੇਰੇ ਲਾਭ ਦੇਣ ਦੇ ਮਕਸਦ ਨਾਲ ਨਵੀਂ ਸੋਧੀ ਹੋਈ ਲੈਂਡ ਪੂਲਿੰਗ ਨੀਤੀ ਲਾਗੂ ਕਰਨ ਦਾ ਰਾਹ ਮੋਕਲਾ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਨਵੀਂ ਸੋਧੀ ਹੋਈ ਲੈਂਡ ਪੂਲਿੰਗ ਨੀਤੀ 'ਚ ਜ਼ਮੀਨ ਮਾਲਕਾਂ ਨੂੰ ਜ਼ਮੀਨ ਬਦਲੇ ਰਿਹਾਇਸ਼ੀ ਤੇ ਵਪਾਰਕ ਪਲਾਟਾਂ ਦੇ ਏਰੀਏ 'ਚ ਵਾਧਾ ਕੀਤਾ ਗਿਆ ਹੈ ।

ਸਰਕਾਰ ਦੇ ਕਹਿਣ ਅਨੁਸਾਰ ਲੈਂਡ ਪੂਲਿੰਗ ਨੀਤੀ ਤਹਿਤ ਜੋ ਮਿਕਸਡ ਯੂਜ਼ ਤੇ ਰਿਹਾਇਸ਼ੀ ਮਕਸਦ ਲਈ ਜ਼ਮੀਨ ਲਈ ਜਾਵੇਗੀ, ਉਸ 'ਚ ਪ੍ਰਤੀ ਏਕੜ ਬਦਲੇ ਜ਼ਮੀਨ ਮਾਲਕਾਂ ਨੂੰ 210 ਵਰਗ ਗਜ਼ ਦਾ ਕਮਰਸ਼ੀਅਲ ਪਲਾਟ ਦਿੱਤਾ ਜਾਵੇਗਾ, ਜੋ ਪਹਿਲਾਂ 200 ਵਰਗ ਗਜ਼ ਸੀ । ਇਸ ਸ਼੍ਰੇਣੀ 'ਚ ਪ੍ਰਤੀ ਏਕੜ ਪਿੱਛੇ ਇਕ ਹਜ਼ਾਰ ਗਜ਼ ਦਾ ਰਿਹਾਇਸ਼ੀ ਪਲਾਟ ਵੀ ਦਿੱਤਾ ਜਾਣਾ ਹੈ ਜਿਸ ਦੇ ਏਰੀਏ 'ਚ ਸੋਧੀ ਨੀਤੀ 'ਚ ਕੋਈ ਵਾਧਾ ਨਹੀਂ ਕੀਤਾ ਗਿਆ। ਦੂਜੀ ਸ਼੍ਰੇਣੀ ਤਹਿਤ ਜੋ ਜ਼ਮੀਨ ਸੋਧੀ ਹੋਈ ਨੀਤੀ ਤਹਿਤ ਰਿਹਾਇਸ਼ੀ ਮਕਸਦ ਲਈ ਐਕੁਆਇਰ ਕੀਤੀ ਜਾਵੇਗੀ, ਉਸ ਬਦਲੇ ਜ਼ਮੀਨ ਮਾਲਕਾਂ ਨੂੰ 1,630 ਵਰਗ ਗਜ਼ ਦਾ ਰਿਹਾਇਸ਼ੀ ਪਲਾਟ ਦਿੱਤਾ ਜਾਵੇਗਾ ਜਦਕਿ ਪੁਰਾਣੀ ਨੀਤੀ 'ਚ ਇਹ ਏਰੀਆ 1,600 ਵਰਗ ਗਜ਼ ਸੀ । ਇਸੇ ਤਰ੍ਹਾਂ ਵਪਾਰਕ ਕੰਮਾਂ ਲਈ ਜੋ ਜ਼ਮੀਨ ਲਈ ਜਾਵੇਗੀ, ਉਸ 'ਚ 840 ਵਰਗ ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ, ਜੋ ਪਹਿਲਾਂ 800 ਗਜ਼ ਦਾ ਸੀ। ਜ਼ਿਕਰਯੋਗ ਹੈ ਕਿ ਇਸ ਸੋਧੀ ਹੋਈ ਨੀਤੀ ਤਹਿਤ ਜ਼ਮੀਨ ਮਾਲਕਾਂ ਨੂੰ ਵਿਸ਼ੇਸ਼ 'ਲੈਟਰਜ਼ ਆਫ਼ ਇੰਟੈਂਟ' ਵੀ ਜਾਰੀ ਕੀਤੇ ਜਾਣਗੇ । ਇਸ ਸਕੀਮ ਅਧੀਨ ਅਲਾਟ ਕੀਤੇ ਗਏ ਵਿਕਸਿਤ ਪਲਾਟ ਦੀ ਰਜਿਸਟ੍ਰੇਸ਼ਨ ਸਮੇਂ ਅਸਲ ਜ਼ਮੀਨ ਮਾਲਕਾਂ ਤੋਂ ਕੋਈ ਸਟੈਂਪ ਡਿਊਟੀ ਨਹੀਂ ਲਈ ਜਾਵੇਗੀ । ਇਕ ਹੋਰ ਸੋਧ ਤਹਿਤ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਲੈਂਡ ਪੂਲਿੰਗ ਨੀਤੀ ਤਹਿਤ ਸੜਕਾਂ ਤੇ ਹੋਰ ਜਨਤਕ ਮਕਸਦਾਂ ਲਈ ਐਕੁਆਇਰ ਹੁੰਦੀ ਹੈ ਤਾਂ ਉਨ੍ਹਾਂ ਕਿਸਾਨਾਂ ਨੂੰ ਐਕੁਆਇਰ ਜ਼ਮੀਨ ਬਦਲੇ ਪਲਾਟ ਮਿਲਣਗੇ। ਇੱਕ ਏਕੜ ਜ਼ਮੀਨ ਬਦਲੇ 200 ਵਰਗ ਗਜ਼ ਦਾ ਪਲਾਟ, ਇਕ ਤੋਂ ਡੇਢ ਏਕੜ ਜ਼ਮੀਨ ਲਈ 300 ਵਰਗ ਗਜ਼ ਤੇ ਢਾਈ ਏਕੜ ਤੋਂ ਵੱਧ ਜ਼ਮੀਨ ਐਕੁਆਇਰ ਹੋਣ 'ਤੇ 500 ਵਰਗ ਗਜ਼ ਦਾ ਪਲਾਟ ਮਿਲੇਗਾ।

ਪੰਜਾਬ ਸਰਕਾਰ ਹਰ ਹਾਲਤ 'ਚ ਇਸ ਨੀਤੀ ਨੂੰ ਲਾਗੂ ਕਰਨਾ ਚਾਹੰਦੀ ਹੈ । ਜਦਕਿ ਸੰਯੁਕਤ ਕਿਸਾਨ ਮੋਰਚੇ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੇ ਵਿਰੋਧ ਕਰਦਿਆਂ ਇਸ ਨੀਤੀ ਨੂੰ ਕਿਸਾਨੀ ਤੋਂ ਜ਼ਮੀਨਾਂ ਖੋਹਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਹਾਲਾਂਕਿ ਇਹ ਦੋਵੇਂ ਸਿਆਸੀ ਪਾਰਟੀਆਂ ਨੀਤੀਗਤ ਤੌਰ 'ਤੇ ਅਜਿਹੀ ਨੀਤੀ ਅਪਣਾਉਂਦੀਆਂ ਰਹੀਆਂ ਹਨ, ਸ਼ਾਇਦ ਵਿਰੋਧ ਕਰਨ ਦੀ ਵਜ੍ਹਾ ਪੰਜਾਬ ਚੋਣਾਂ ਦਾ ਸਿਰ 'ਤੇ ਹੋਣਾ ਹੈ। ਜਿੱਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ ਜਦੋਂ ਇਕ ਵਾਰ ਕੌੜਾ ਤਜਰਬਾ ਹੋ ਜਾਵੇ ਤਾਂ ਉਸ ਨੂੰ ਵਾਰ ਵਾਰ ਦੁਹਰਾਉਣ ਕੋਈ ਫਾਇਦਾ ਨਹੀਂ ਹੁੰਦਾ। ਮੰਨਿਆ ਪੰਜਾਬ 'ਚ ਕਿਸਾਨ ਜਥੇਬੰਦੀਆਂ ਦਿਨੋ-ਦਿਨ ਵਧ ਰਹੀਆਂ ਹਨ, ਪਰ ਜਦੋਂ ਵੀ ਕਿਸਾਨੀ ਦੀ ਹੋਂਦ ਦਾ ਸਵਾਲ ਪੈਦਾ ਹੋ ਜਾਂਦਾ ਹੈ ਤਾਂ ਇਹ ਮਸਲਾ ਪਿੰਡ ਦੇ ਹਰ ਬਾਸ਼ਿੰਦੇ ਦਾ ਬਣ ਜਾਂਦਾ ਹੈ ਤੇ ਇਕਮੁੱਠਤਾ ਹੋਣੀ ਸੁਭਾਵਿਕ ਹੈ। ਵੈਸੇ ਵੀ ਪੇਂਡੂ ਲੋਕ ਜਾਣ ਚੁੱਕੇ ਹਨ ਕਿ ਉਨ੍ਹਾਂ ਦੀਆਂ ਜ਼ਮੀਨ 'ਤੇ ਵੱਡੇ ਘਰਾਣਿਆਂ ਦੀ ਅੱਖ ਹੋਣ ਕਰਕੇ ਉਹ ਹਰ ਹੀਲੇ ਉਨ੍ਹਾਂ ਦੀ ਜ਼ਮੀਨ ਹੜੱਪਣਾ ਚਾਹੁੰਦੇ ਹਨ। ਦਰਅਸਲ ਪੰਜਾਬ ਦੇ ਲੋਕ ਧਰਾਤਲ 'ਤੇ ਵਿਕਾਸ ਚਾਹੁੰਦੇ ਹਨ, ਪੰਜਾਬ ਦੇ ਬਹੁਤ ਜ਼ਿਆਦਾ ਹੋ ਚੁੱਕੇ ਸ਼ਹਿਰੀਕਰਨ ਤੇ ਇਸ ਦੀ ਹਾਲਤ ਲੋਕਾਂ ਤੋਂ ਲੁਕੀ ਹੋਈ ਨਹੀਂ ਹੈ। ਲੈਂਡ ਪੂਲਿੰਗ ਨੀਤੀ ਪੇਂਡੂ ਲੋਕਾਂ ਦੇ ਲਈ ਰੁਜ਼ਗਾਰ ਦੇ ਮੌਕਿਆਂ ਦਾ ਕਿੰਨਾ ਕੁ ਪ੍ਰਬੰਧ ਕਰੇਗੀ, ਇਸ ਬਾਰੇ ਕੁੱਝ ਵੀ ਸਪੱਸ਼ਟ ਨਹੀਂ ਹੈ। ਨੌਜਵਾਨਾਂ ਵਿਚ ਫੈਲ ਰਹੀ ਨਿਰਾਸ਼ਤਾ, ਬੇਵਿਸ਼ਵਾਸੀ, ਨਸ਼ੇ ਤੇ ਇਨ੍ਹਾਂ ਦੀ ਵਿਦੇਸ਼ਾਂ ਵੱਲ ਹਿਜ਼ਰਤ ਚਿੰਤਾ ਪੈਦਾ ਕਰਨ ਵਾਲੇ ਮੁੱਦੇ ਹਨ, ਜਿਨ੍ਹਾਂ ਦੇ ਹੱਲ ਲਈ ਕੋਈ ਕਾਰਗਰ ਨੀਤੀ ਬਣਾ ਕੇ ਪੇਂਡੂ ਵਸੋਂ ਦਾ ਵਿਸ਼ਵਾਸ ਜਿੱਤਿਆ ਜਾ ਸਕਦਾ ਹੈ। ਵਿਅਕਤੀਗਤ ਵਕਤੀ ਦਿਲ ਲੁਭਾਊ ਨੀਤੀਆਂ ਦੀ ਥਾਂ ਸਮਾਜ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਯਤਨਸ਼ੀਲ ਹੋਣ ਦੀ ਜ਼ਰੂਰਤ ਹੈ।

ਸੂਬੇ ਦੀ ਆਰਥਿਕ ਹਾਲਤ ਪਹਿਲਾਂ ਹੀ ਖਸਤਾ ਹੋ ਚੁੱਕੀ ਹੈ। ਅੰਕੜਿਆਂ ਅਨੁਸਾਰ 2011-12 'ਚ ਹਰੇਕ ਪੰਜਾਬੀ ਸਿਰ 33,000 ਰੁਪਏ ਕਰਜ਼ਾ ਸੀ, ਜੋ 2025-26 'ਚ ਵਧ ਕੇ 1,33,000 ਰੁਪਏ ਹੋ ਚੁੱਕਾ ਹੈ ਤੇ ਇਹ 2027 ਤੱਕ 1,42,000 ਰੁਪਏ ਹੋ ਜਾਵੇਗਾ। ਪਿਛਲੇ ਡੇਢ ਦਹਾਕੇ ਦੌਰਾਨ ਕਰਜ਼ਾ ਘਟਣ ਦੀ ਬਜਾਏ 5 ਗੁਣਾਂ ਵਧ ਗਿਆ ਹੈ। ਅਜਿਹੀ ਹਾਲਤ 'ਚ ਮੁਫ਼ਤ ਦੀਆਂ ਸਕੀਮਾਂ ਜਿੱਥੇ ਕਿਰਤ ਸੱਭਿਆਚਾਰ ਨੂੰ ਤਬਾਹ ਕਰ ਰਹੀਆਂ ਹਨ, ਉੱਥੇ ਸੂਬੇ ਨੂੰ ਵਿੱਤੀ ਮੰਦਹਾਲੀ ਵੱਲ ਵੀ ਧੱਕ ਰਹੀਆਂ ਹਨ। ਸੱਤਾਧਾਰੀ ਧਿਰ ਨੂੰ ਕਰਜ਼ੇ ਦੇ ਮਸਲੇ ਨੂੰ ਸੰਜੀਦਗੀ ਨਾਲ਼ ਲੈਣਾ ਚਾਹੀਦਾ ਹੈ, ਕਿਉਂਕਿ ਕਰਜ਼ੇ ਚੁੱਕ ਕੇ ਮੁਫ਼ਤ ਦੀਆਂ ਰਿਉੜੀਆਂ ਵੰਡਣ ਨਾਲ ਵਕਤੀ ਫਾਇਦੇ ਤਾਂ ਹੋ ਸਕਦੇ ਹਨ ਪਰ ਲੰਮੇ ਸਮੇਂ ਲਈ ਬਹੁਦਿਸ਼ਾਵੀ ਨੁਕਸਾਨ ਹੀ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੋਈ ਵੀ ਸਿਆਸੀ ਧਿਰ ਦਿਓ ਕੱਦ ਤਾਕਤਾਂ ਦੀ ਮਦਦ ਤੋਂ ਬਿਨਾਂ ਸਤ੍ਹਾ 'ਤੇ ਕਾਬਜ਼ ਨਹੀਂ ਹੋ ਸਕਦੀ। ਇਹ ਉੱਭਰਵਾਂ ਭਾਰੂ ਬਦਲਵਾਂ ਪ੍ਰਬੰਧ ਸਾਡੇ ਸਾਹਮਣੇ ਹੈ, ਇਸ ਮੁਕਾਬਲੇ 'ਚ ਕਮਜ਼ੋਰ ਧਿਰ ਲਈ ਕੋਈ ਥਾਂ ਨਹੀਂ ਹੈ। ਅਜਿਹੀ ਸਥਿਤੀ 'ਚ ਸੱਤਾਧਾਰੀ ਧਿਰ ਸਮਾਜ ਦੀ ਹੋਂਦ ਤੇ ਇਸ ਦੀ ਤਾਕਤ ਨੂੰ ਵੀ ਅਣਗੌਲਿਆਂ ਨਹੀਂ ਕਰ ਸਕਦੀ, ਕਿਉਂਕਿ ਅਜਿਹਾ ਕਰਨ 'ਤੇ ਜਮਹੂਰੀ ਨਿਜ਼ਾਮਾਂ 'ਚ ਅਜਿਹੀ ਸਿਆਸੀ ਧਿਰ ਲਈ ਕੋਈ ਥਾਂ ਨਹੀਂ। ਇਸ ਕਰਕੇ ਸੁਚੇਤ ਹੋ ਕੇ ਲੈਂਡ ਪੂਲਿੰਗ ਨੀਤੀ ਦੇ ਅਸਰ ਨੂੰ ਜਾਂਚਣ ਦੀ ਜ਼ਰੂਰਤ ਹੈ ਕਿਉਂਕਿ ਇਸ ਨੀਤੀ ਦੀ ਨਾ ਕਿਸੇ ਨੇ ਮੰਗ ਕੀਤੀ ਹੈ ਤੇ ਨਾ ਹੀ ਪੇਂਡੂ ਰੂਹ 'ਤੇ ਜੀਅ ਰਹੇ ਪੰਜਾਬ ਨੂੰ ਇਸ ਦੀ ਕੋਈ ਜ਼ਰੂਰਤ ਹੈ। ਸ਼ਾਇਦ ਸਰਕਾਰ ਨੇ ਤਾਂ ਲੋਕਾਂ ਦੀ ਅਸਲ 'ਚ ਉੱਚਿਤ ਮਕਾਨਾਂ ਦੀ ਜ਼ਰੂਰਤ ਤੇ ਇਸ ਨੀਤੀ ਦੇ ਪੈਣ ਵਾਲੇ ਪ੍ਰਭਾਵਾਂ ਦਾ ਕੋਈ ਸਰਵੇਖਣ ਤੱਕ ਨਹੀਂ ਕੀਤਾ। ਇਸ ਨੀਤੀ ਤਹਿਤ ਜ਼ਮੀਨ ਪ੍ਰਾਪਤੀ ਤੋਂ ਬਾਅਦ ਉਕਤ ਜ਼ਮੀਨ 'ਤੇ ਨਿਰਭਰ ਪਰਿਵਾਰਾਂ ਤੇ ਬੇਜ਼ਮੀਨੇ ਕਾਮਿਆਂ ਦਾ ਕੀ ਬਣੇਗਾ? ਜਦੋਂ ਪੇਂਡੂ ਸਮਾਜ ਹੀ ਇਸ ਨੀਤੀ ਨੂੰ ਆਪਣੇ ਲਈ ਨੁਕਸਾਨਦੇਹ ਸਮਝਦਾ ਹੈ ਤਾਂ ਫ਼ਿਰ ਇਸ ਨੂੰ ਤਕਨੀਕੀ ਸੋਧਾਂ ਰਾਹੀਂ ਲਾਗੂ ਕਰਨ ਦੀ ਕੋਸ਼ਿਸ਼ ਕਰਨਾ ਬਹੁਤੀ ਸਿਆਣਪ ਨਹੀਂ ਹੈ, ਜੋ ਵਿਰੋਧ ਨੂੰ ਵਧਾਏਗਾ । ਸਰਕਾਰ ਦੀ ਇਸ ਨੀਤੀ ਨੂੰ ਦੁਬਾਰਾ ਲਿਆਉਣ ਦੀ ਕੋਈ ਮਜਬੂਰੀ ਹੋ ਸਕਦੀ ਹੈ, ਪਰ ਇਸ ਨਾਲ ਮੌਜੂਦਾ ਸਰਕਾਰ ਦਾ ਪੇਂਡੂ ਵਸੋਂ 'ਚ ਆਧਾਰ ਫੈਲਣ ਦੀ ਬਜਾਏ ਘਟਦਾ ਜਾਵੇਗਾ, ਕਿਉਂਕਿ ਸੂਬੇ ਦੇ ਲੋਕ ਜ਼ਮੀਨ ਤੇ ਕੁਦਰਤੀ ਸਰੋਤਾਂ ਬਾਰੇ ਜਾਗਰੂਕ ਹੋ ਚੁੱਕੇ ਹਨ।

ਪੰਜਾਬ ਸਰਕਾਰ ਨੇ ਕਾਲਕਟ ਭਵਨ 'ਚ ਦੱਖਣੀ ਕੋਰੀਆ ਦੇ ਪੈਂਗਯੋ ਟੈਕਨੋ ਵੈਲੀ ਦੇ ਅਨੁਸਾਰ ਇੱਕ ਏਕੀਕ੍ਰਿਤ ਨਵੀਨਤਾ ਤੇ ਸਟਾਰਅੱਪ ਸੈਂਟਰ ਸਥਾਪਤ ਕੀਤਾ ਹੈ । ਇਹ ਸੈਂਟਰ ਐਗਰੀ-ਟੈਕ, ਫੂਡ ਪ੍ਰੋਸੈਸਿੰਗ ਤੇ ਦੂਜੇ ਖੇਤਰਾਂ ਦੇ ਸਟਾਰਟਅੱਪਸ ਲਈ ਇਕ ਛੱਤ ਹੇਠ ਕੰਮ ਕਰੇਗਾ, ਜਿਸ ਨਾਲ ਇਹ ਸਹੂਲਤ ਇਕ ਕਦਮ ਈਕੋਸਿਸਟਮ ਬਣ ਜਾਵੇਗੀ ਜੋ ਇਨਕਿਊਬੇਸ਼ਨ, ਖੋਜ ਸਹਾਇਤਾ, ਸਟਾਰਟਅੱਪ ਪ੍ਰਵੇਗ, ਉਦਯੋਗਿਕ ਸਹਿਯੋਗ, ਸਲਾਹ, ਪ੍ਰੋਟੋਟਾਈਪਿੰਗ ਸਹੂਲਤਾਂ ਆਦਿ ਦੀ ਪੇਸ਼ਕਸ਼ ਕਰੇਗੀ।

(ਬਾਕੀ ਸਫ਼ਾ 27 'ਤੇ)

# ਪੱਛਮੀ ਸਭਿਅਤਾ ਦੀ ਆਧੁਨਿਕ ਸਮਾਜ ਨੂੰ ਦੇਣ



## ਪਹਿਰਾਵੇ ਵਾਂਗ ਪੱਛਮ ਦੇ ਹੋਰ ਗੁਣਾਂ ਨੂੰ ਵੀ ਅਪਨਾਉਣ ਪੰਜਾਬੀ

### ਚੰਗੇ ਆਚਰਣ ਕਾਰਨ ਪੱਛਮੀ ਲੋਕ ਅਤੇ ਪੰਜਾਬੀ ਆਪਣੀ ਮਹਿਮਾਨ ਨਿਵਾਜ਼ੀ ਲਈ ਪ੍ਰਸਿੱਧ




ਸੰਯੁਕਤ ਰਾਜ ਅਮਰੀਕਾ ਤੋਂ ਸਿੱਖ ਪਰਿਵਾਰਾਂ ਦੇ ਨੌਜਵਾਨਾਂ ਦਾ ਇੱਕ ਵਫਦ ਲੰਘੇ ਦਿਨੀਂ ਪੰਜਾਬ ਆਇਆ। ਇਸ ਵਫਦ ਨੇ ਪੰਜਾਬ ਦੇ ਵੱਖ- ਵੱਖ ਇਤਿਹਾਸਿਕ ਸਥਾਨਾਂ ਤੇ ਵਿਦਿਅਕ ਸੰਸਥਾਵਾਂ ਦਾ ਦੌਰਾ ਕੀਤਾ ਅਤੇ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਮੌਜੂਦਾ ਸਿੱਖਿਆ ਪ੍ਰਣਾਲੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਵਫਦ ਵਿੱਚ ਸ਼ਾਮਲ ਸਾਰੇ ਨੌਜਵਾਨ ਅਮਰੀਕਾ ਵਿੱਚ ਜਨਮੇ ਸਨ ਪਰ ਉਹ ਸਿੱਖ ਧਰਮ ਨਾਲ ਜੁੜੇ ਹੋਏ ਸਨ। ਇਸ ਵਫਦ ਵਿੱਚ 8 ਲੜਕੀਆਂ ਵੀ ਸ਼ਾਮਲ ਸਨ। ਇਸ ਵਫਦ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਾਹਮਣੇ ਬਣੇ ਕੁਝ ਪ੍ਰਾਈਵੇਟ ਦਫਤਰਾਂ ਦਾ ਵੀ ਦੌਰਾ ਕੀਤਾ ਅਤੇ ਉਥੋਂ ਦੇ ਕੰਮ ਕਾਜ ਨੂੰ ਨੇੜਿਓਂ ਵੇਖਿਆ। ਇਸ ਵਫਦ ਦੇ ਮੈਂਬਰਾਂ ਨੂੰ ਅਮਰੀਕਾ ਵਿੱਚ ਜਨਮੇ ਅਤੇ ਪਲੇ ਹੋਣ ਕਾਰਨ ਪੰਜਾਬੀ ਘੱਟ ਆਉਂਦੀ ਸੀ ਅਤੇ ਉਹ ਇੰਗਲਿਸ਼ ਬੋਲਦੇ ਅਤੇ ਸਮਝਦੇ ਸਨ, ਪਰ ਉਹਨਾਂ ਦੇ ਲੀਡਰ ਨੂੰ ਪੰਜਾਬੀ ਪੂਰੀ ਤਰ੍ਹਾਂ ਆਉਂਦੀ ਸੀ, ਜੋ ਕਿ ਪੰਜਾਬੀ ਵਿੱਚ ਹਰ ਗੱਲ ਸਮਝਕੇ ਆਪਣੇ ਵਫਦ ਦੇ ਮੈਂਬਰਾਂ ਨੂੰ ਇੰਗਲਿਸ਼ ਵਿੱਚ ਸਮਝਾ ਦਿੰਦਾ ਸੀ। ਇਸ ਵਫਦ ਦੀ ਖਾਸ ਗੱਲ ਇਹ ਸੀ ਕਿ ਇਸ ਵਫਦ ਵਿੱਚ ਸ਼ਾਮਲ ਸਾਰੇ ਮੈਂਬਰਾਂ ਨੂੰ ਜਦੋਂ ਪਾਣੀ ਦੀਆਂ ਬੋਤਲਾਂ ਦਿੱਤੀਆਂ ਗਈਆਂ ਤਾਂ ਇਹਨਾਂ ਵੱਲੋਂ ਪਾਣੀ ਦੀਆਂ ਬੋਤਲਾਂ ਦੇਣ ਵਾਲਿਆਂ ਨੂੰ ਵੀ ਪਹਿਲਾਂ 'ਸਤਿ ਸ੍ਰੀ ਅਕਾਲ' ਅਤੇ ਫੇਰ 'ਥੈਂਕਸ ਯੂ' ਬੋਲਿਆ ਗਿਆ। ਇਸ ਤੋਂ ਬਾਅਦ ਜਦੋਂ ਜੂਸ ਅਤੇ ਡਰਾਈ ਫਰੂਟ ਦਿੱਤਾ ਗਿਆ, ਉਸ ਸਮੇਂ ਵੀ ਇਸ ਵਫਦ ਦੇ ਮੈਂਬਰਾਂ ਵੱਲੋਂ ਇਹ ਸਮਾਨ ਦੇਣ ਵਾਲਿਆਂ ਦਾ ਇੰਗਲਿਸ਼ ਵਿੱਚ ਬਹੁਤ ਸੋਹਣੇ ਢੰਗ ਨਾਲ ਧੰਨਵਾਦ ਕੀਤਾ ਗਿਆ। ਇਸ ਵਫਦ ਦੇ ਸਾਰੇ ਮੈਂਬਰਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਸੀ ਅਤੇ ਉਹ ਪੂਰੇ ਧਿਆਨ ਨਾਲ ਹਰ ਜਾਣਕਾਰੀ ਲੈ ਰਹੇ ਸਨ। ਉਹਨਾਂ ਸਾਰਿਆਂ ਦਾ ਪਹਿਰਾਵਾ ਅਮਰੀਕਾ ਵਿੱਚ ਰਹਿਣ ਦੇ ਬਾਵਜੂਦ ਸ਼ਾਲੀਨਤਾ ਭਰਪੂਰ ਸੀ ਅਤੇ ਮਰਦ ਮੈਂਬਰਾਂ ਨੇ ਦਸਤਾਰਾਂ ਸਜਾਈਆਂ ਹੋਈਆਂ ਸਨ। ਇਸ ਵਫਦ ਦੇ ਮੈਂਬਰਾਂ ਦੀ ਗੱਲਬਾਤ ਕਰਨ ਦੇ ਤਰੀਕੇ ਅਤੇ ਚੰਗੇ ਮੈਨਰਜ਼ ਤੋਂ ਪ੍ਰਾਈਵੇਟ ਅਦਾਰਿਆਂ ਦੇ ਸਟਾਫ ਸਮੇਤ ਹਰ ਕੋਈ ਪ੍ਰਭਾਵਿਤ ਹੋਇਆ। ਇਸ ਵਫਦ ਦੇ ਸਾਰੇ ਮੈਂਬਰਾਂ ਦਾ ਵਿਵਹਾਰ ਹਰ ਕਿਸੇ ਨਾਲ ਮਿੱਤਰਤਾ ਭਰਪੂਰ ਸੀ। ਉਹਨਾਂ ਵਿੱਚ ਅਮਰੀਕਾ ਵਿੱਚ ਜੰਮੇ ਪਲੇ ਹੋਣ ਦੇ ਬਾਵਜੂਦ ਕੋਈ ਆਕੜ ਨਹੀਂ ਸੀ। ਇਸ ਵਫਦ ਦੇ ਜਾਣ ਤੋਂ ਕਈ ਦਿਨਾਂ ਬਾਅਦ ਤੱਕ ਇਸ ਵਫਦ ਦੇ ਮੈਂਬਰਾਂ ਦੇ ਚੰਗੇ ਵਿਵਹਾਰ ਬਾਰੇ ਗੱਲਾਂ ਹੁੰਦੀਆਂ ਰਹੀਆਂ।

ਪੰਜਾਬ ਦੇ ਜਿਹੜੇ ਲੋਕ ਅਮਰੀਕਾ ਜਾਂ ਹੋਰ ਦੇਸ਼ਾਂ ਦੀ ਯਾਤਰਾ ਕਰ ਚੁੱਕੇ ਹਨ, ਉਹਨਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਹੋਰ ਪੱਛਮੀ ਮੁਲਕਾਂ ਵਿੱਚ ਉਥੋਂ ਦੇ ਵੱਡੀ ਗਿਣਤੀ ਵਸਨੀਕ ਹੀ ਇਸੇ ਤਰ੍ਹਾਂ ਹਰ ਕਿਸੇ ਨੂੰ ਸਲੀਕੇ ਨਾਲ ਪੇਸ਼ ਆਉਂਦੇ ਹਨ। ਉਹਨਾਂ ਦਾ ਗੱਲਬਾਤ ਕਰਨ ਦਾ ਤਰੀਕਾ ਬਹੁਤ ਚੰਗਾ ਹੁੰਦਾ ਹੈ ਅਤੇ ਉਹ ਹਰ ਕਿਸੇ ਦੀ ਸਹਾਇਤਾ ਕਰਕੇ ਖੁਸ਼ ਹੁੰਦੇ ਹਨ। ਰਾਹ ਜਾਂਦਿਆਂ ਪੱਛਮੀ ਲੋਕਾਂ ਦੇ ਸਾਹਮਣੇ ਜੇ ਕਿਸੇ ਦੂਜੇ ਦੇਸ਼ ਦਾ ਵਿਅਕਤੀ ਵੀ ਆ ਜਾਵੇ ਤਾਂ ਉਹ ਉਸ ਨੂੰ ਹਲਕੀ 'ਸਮਾਇਲ' ਦੇ ਕੇ ਅੱਗੇ ਲੰਘਦੇ ਹਨ।

ਜੇ ਹੁਣ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਵਿੱਚ ਮਹਿਮਾਨਾਂ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਹੈ ਅਤੇ ਮਹਿਮਾਨਾਂ ਦੀ ਆਓ ਭਗਤ ਕਰਨ ਨੂੰ ਸੇਵਾ ਸਮਝਿਆ ਜਾਂਦਾ ਹੈ। ਹਰ ਪੰਜਾਬੀ ਪਰਿਵਾਰ ਆਪਣੇ ਘਰ ਆਉਣ ਵਾਲੇ ਮਹਿਮਾਨਾਂ ਨੂੰ ਪੂਰਾ ਮਾਣ ਸਨਮਾਨ ਦਿੰਦਾ ਹੈ। ਪੰਜਾਬੀਆਂ ਦੀ ਮਹਿਮਾਣਬਾਜ਼ੀ ਦੀ ਗੱਲਾਂ ਤਾਂ ਪੂਰੀ ਦੁਨੀਆਂ ਵਿੱਚ ਹੁੰਦੀਆਂ ਹਨ। ਪੰਜਾਬੀਆਂ ਨੂੰ ਵੀ ਭਾਵੇਂ ਮਿਲਣ ਸਾਰ ਕਿਹਾ ਜਾਂਦਾ ਹੈ ਪਰ ਅਸਲੀਅਤ ਇਹ ਵੀ ਹੈ ਕਿ ਆਪਣੇ ਪੰਜਾਬ ਦੇ ਅਨੇਕਾਂ ਲੋਕ ਅਨਜਾਣ ਲੋਕਾਂ ਖਾਸ ਕਰਕੇ ਵਿਦੇਸ਼ੀ ਲੋਕਾਂ ਨੂੰ ਮਿਲਣ ਸਮੇਂ ਅਕਸਰ ਆਪਣੀਆਂ ਮੁੱਛਾਂ ਨੂੰ ਵੱਟ ਦੇਣ ਲੱਗ ਜਾਂਦੇ ਹਨ ਅਤੇ ਵਿਦੇਸ਼ਾਂ ਵਿੱਚ ਜਾ ਕੇ ਵੀ ਸ਼ਿਸਟਾਚਾਰ ਨਹੀਂ ਦਿਖਾਉਂਦੇ ਅਤੇ ਆਪਣੀਆਂ ਮਾੜੀਆਂ ਆਦਤਾਂ ਉਥੇ ਦਿਖਾਉਂਦੇ ਹਨ ਜਿਸ ਕਰਕੇ ਵਿਦੇਸ਼ਾਂ ਦੇ ਲੋਕ ਹੁਣ ਪਰਵਾਸੀਆਂ ਨੂੰ ਚੰਗਾ ਨਹੀਂ ਸਮਝਦੇ।

ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਵੱਖ-ਵੱਖ ਦੇਸ਼ਾਂ ਦੇ ਲੋਕ ਹੁਣ ਪਰਵਾਸੀ ਲੋਕਾਂ ਦੇ ਵਿਰੁੱਧ ਕਿਉਂ ਹੋ ਰਹੇ ਹਨ? ਇਸ ਦਾ ਵੱਡਾ ਕਾਰਨ ਇਹ ਹੈ ਕਿ ਕੁਝ (ਸਾਰੇ ਨਹੀਂ) ਪਰਵਾਸੀ ਲੋਕ ਵਿਦੇਸ਼ੀ ਲੋਕਾਂ ਵਾਂਗ ਚੰਗਾ ਆਚਰਣ ਨਹੀਂ ਦਿਖਾਉਂਦੇ। ਚਾਹੀਦਾ ਤਾਂ ਇਹ ਹੈ ਕਿ ਸਾਡੇ ਦੇਸ਼ ਦੇ ਲੋਕ ਪੱਛਮੀ ਲੋਕਾਂ ਦੇ ਪਹਿਰਾਵੇ ਨੂੰ ਅਪਨਾਉਣ ਦੇ ਨਾਲ- ਨਾਲ ਉਹਨਾਂ ਲੋਕਾਂ ਦੇ ਚੰਗੇ ਆਚਰਣ ਅਤੇ ਸ਼ਿਸਟਾਚਾਰ ਨੂੰ ਵੀ ਅਪਨਾਉਣ ਤਾਂ ਕਿ ਸਾਡੇ ਮੁਲਕ ਦੇ ਲੋਕਾਂ ਨੂੰ ਵੀ ਹਰ ਦੇਸ਼ ਵਿੱਚ ਚੰਗੇ ਨਾਗਰਿਕ ਸਮਝਿਆ ਜਾਵੇ।

# ਅਮਰੀਕਾ ਨਹੀਂ ਰਿਹਾ ਭਾਰਤੀ ਵਿਦਿਆਰਥੀਆਂ ਲਈ ਸੁਪਨਿਆਂ ਦਾ ਦੇਸ਼

## ਅਮਰੀਕੀ ਕਾਲਜਾਂ ਵਿੱਚ ਦਾਖਲਾ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 15 ਫ਼ੀਸਦੀ ਦੀ ਗਿਰਾਵਟ ਆਈ

ਵਾਸ਼ਿੰਗਟਨ/ਏ.ਟੀ.ਨਿਊਜ਼: ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦੇ ਵਿਚਕਾਰ 2025-26 ਵਿੱਚ ਅਮਰੀਕੀ ਕਾਲਜਾਂ ਵਿੱਚ ਦਾਖਲਾ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 15 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਇੱਕ ਗੈਰ-ਮੁਨਾਫ਼ਾ ਸੰਗਠਨ ਦੀ ਰਿਪੋਰਟ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। 1,000 ਤੋਂ ਵੱਧ ਵਿਦਿਅਕ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੇ ਕਾਮਨ ਐਪ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਦੇ ਅਨੁਸਾਰ ਆਉਣ ਵਾਲੇ ਅਕਾਦਮਿਕ ਸਾਲ 2026-27 ਵਿੱਚ ਅੰਡਰਗ੍ਰੈਜੁਏਟ ਕੋਰਸਾਂ ਵਿੱਚ ਦਾਖਲੇ ਲਈ ਅਰਜ਼ੀਆਂ ਦੀ ਕੁੱਲ ਗਿਣਤੀ ਵਿੱਚ ਵਾਧਾ ਹੋਇਆ ਹੈ, ਪਰ 1 ਮਾਰਚ ਤੱਕ ਅੰਤਰਰਾਸ਼ਟਰੀ ਬਿਨੈਕਾਰਾਂ ਦੀ ਗਿਣਤੀ ਵਿੱਚ 10 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਹੈ।



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਤੋਂ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 15 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਅਮਰੀਕਾ ਵਿੱਚ ਪੜ੍ਹਾਈ ਕਰਨ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਗਿਣਤੀ ਭਾਰਤ ਤੋਂ ਹੈ। ਇਸ ਤੋਂ ਪਹਿਲਾਂ ਇੱਕ ਅਕਾਦਮਿਕ ਸੰਗਠਨ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸਖ਼ਤ ਵੀਜ਼ਾ ਨਿਯਮਾਂ ਅਤੇ ਨੀਤੀ ਅਨਿਸ਼ਚਿਤਤਾ ਦੇ ਕਾਰਨ ਆਉਣ ਵਾਲੇ 2026 ਅਕਾਦਮਿਕ ਸਾਲ ਵਿੱਚ ਅਮਰੀਕੀ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਲਗਭਗ 1.1 ਲੱਖ ਦੀ ਗਿਰਾਵਟ ਆਉਣ ਦੀ ਉਮੀਦ ਹੈ। ਐਸੋਸੀਏਸ਼ਨ ਆਫ਼ ਇੰਟਰਨੈਸ਼ਨਲ ਐਜੂਕੇਟਰਜ਼ ਅਤੇ ਖੋਜ ਸੰਗਠਨ ਦੀ ਇੱਕ ਰਿਪੋਰਟ ਦੇ ਅਨੁਸਾਰ 2025-26 ਅਕਾਦਮਿਕ ਸਾਲ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 11.69 ਲੱਖ ਸੀ। ਇਸ ਸਾਲ ਇਹ ਗਿਣਤੀ ਘੱਟ ਕੇ 10.57 ਲੱਖ ਹੋਣ ਦਾ ਅਨੁਮਾਨ ਹੈ।

2024-25 ਅਕਾਦਮਿਕ ਸਾਲ ਵਿੱਚ 3.63 ਲੱਖ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਅਮਰੀਕਾ ਵਿੱਚ ਵੱਖ-ਵੱਖ ਪ੍ਰੋਗਰਾਮਾਂ ਵਿੱਚ ਦਾਖਲਾ ਲਿਆ। ਰਿਪੋਰਟ ਦੇ ਅਨੁਸਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ 2025-26 ਅਕਾਦਮਿਕ ਸਾਲ ਵਿੱਚ ਅਮਰੀਕੀ ਸਥਾਨਕ ਅਰਥਵਿਵਸਥਾ ਵਿੱਚ 41.77 ਬਿਲੀਅਨ ਅਮਰੀਕੀ ਡਾਲਰ ਦਾ ਯੋਗਦਾਨ ਪਾਇਆ, ਜਦੋਂ ਕਿ ਇਹ ਯੋਗਦਾਨ 2026-27 ਵਿੱਚ ਘਟ ਕੇ 38.37 ਬਿਲੀਅਨ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ। ਅਮਰੀਕੀ ਸਰਕਾਰ ਨੇ ਜੁਲਾਈ ਵਿੱਚ ਨਵੇਂ ਨਿਯਮਾਂ ਨੂੰ ਸੂਚਿਤ ਕੀਤਾ। ਇਹਨਾਂ ਦੇ ਤਹਿਤ, ਵਿਦਿਆਰਥੀ ਅਤੇ ਵਿਜ਼ਟਰ ਵੀਜ਼ਾ ਲਈ ਰਵਾਇਤੀ 'ਰਹਿਣ ਦੀ ਮਿਆਦ' ਨੂੰ ਖਤਮ ਕਰ ਦਿੱਤਾ ਗਿਆ ਸੀ, ਜਿਸ ਨਾਲ ਵੱਧ ਤੋਂ ਵੱਧ ਚਾਰ ਸਾਲ ਦੀ ਮਿਆਦ ਨਿਰਧਾਰਤ ਕੀਤੀ ਗਈ ਸੀ। ਇਹ ਮਿਆਦ ਆਮ ਤੌਰ 'ਤੇ ਇੱਕ ਅਕਾਦਮਿਕ ਕੋਰਸ ਦੀ ਆਮ ਮਿਆਦ ਨਾਲ ਮੇਲ ਖਾਂਦੀ ਹੈ। ਇਸ ਤੋਂ ਇਲਾਵਾ, ਅਮਰੀਕਾ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ 'ਤੇ 100,000 ਅਮਰੀਕੀ ਡਾਲਰ ਦੀ ਫੀਸ ਲਗਾਉਣ 'ਤੇ ਵਿਚਾਰ ਕਰ ਰਿਹਾ ਹੈ ਜੋ ਆਪਣੀ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਅਮਰੀਕਾ ਵਿੱਚ ਕੰਮ ਕਰਨ ਲਈ ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ ਪ੍ਰੋਗਰਾਮ ਦਾ ਲਾਭ ਲੈਣਾ ਚਾਹੁੰਦੇ ਹਨ।

## ਅਮਰੀਕਾ ਵੱਲੋਂ 2 ਲੱਖ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਰੱਦ ਕਰਨ ਦੀ ਤਿਆਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ 200,000 ਵਿਦੇਸ਼ੀ ਨਾਗਰਿਕਾਂ ਦੇ ਬਿਜ਼ਨੈੱਸ ਅਤੇ ਟੂਰਿਸਟ ਵੀਜ਼ੇ ਰੱਦ ਕਰਨ ਦੀ ਤਿਆਰੀ ਕਰ ਰਿਹਾ ਹੈ, ਜਿਨ੍ਹਾਂ ਨੇ ਦੇਸ਼ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ ਜਾਂ ਵਰਤਮਾਨ ਵਿੱਚ ਅਰਜ਼ੀ ਦੇਣ ਦੀ ਪ੍ਰਕਿਰਿਆ ਵਿੱਚ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਅਮਰੀਕੀ ਇਤਿਹਾਸ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕਰਨ ਦੀ ਸਭ ਤੋਂ ਵੱਡੀ ਕਾਰਵਾਈ ਹੋਵੇਗੀ ਅਤੇ ਇਸ ਨੂੰ ਲੈ ਕੇ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਦਸਤਾਵੇਜ਼ਾਂ ਅਤੇ ਦੋ ਅਮਰੀਕੀ ਅਧਿਕਾਰੀਆਂ ਦੇ ਅਨੁਸਾਰ ਜੇਕਰ ਇਸ ਫੈਸਲੇ ਨੂੰ ਚੁਣੌਤੀ ਨਾ ਦਿੱਤੀ ਗਈ ਜਾਂ ਸੋਧਿਆ ਨਹੀਂ ਗਿਆ ਤਾਂ ਵਿਦੇਸ਼ ਵਿਭਾਗ ਆਉਣ ਵਾਲੇ ਹਫ਼ਤਿਆਂ ਵਿੱਚ 2016 ਅਤੇ 2026 ਦੇ ਵਿਚਕਾਰ ਜਾਰੀ ਕੀਤੇ ਗਏ 21 ਅਤੇ 22 ਵੀਜ਼ਿਆਂ ਨੂੰ ਰੱਦ ਕਰਨ ਦਾ ਐਲਾਨ ਕਰ ਸਕਦਾ ਹੈ। ਇਸ ਵਿੱਚ ਉਹ ਵੀਜ਼ਾ ਧਾਰਕ ਸ਼ਾਮਲ ਹੋਣਗੇ ਜਿਨ੍ਹਾਂ ਨੇ ਅਮਰੀਕਾ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ ਜਾਂ ਵਰਤਮਾਨ ਵਿੱਚ ਮੰਗ ਰਹੇ ਹਨ। ਇਹ ਕਾਰਵਾਈ ਗ੍ਰਹਿ ਸੁਰੱਖਿਆ ਵਿਭਾਗ ਨਾਲ ਤਾਲਮੇਲ ਨਾਲ ਕੀਤੀ ਜਾਵੇਗੀ। 21 ਵੀਜ਼ੇ ਆਮ ਤੌਰ 'ਤੇ ਵਪਾਰਕ ਯਾਤਰਾ ਲਈ ਜਾਰੀ ਕੀਤੇ ਜਾਂਦੇ ਹਨ, ਜਦੋਂ ਕਿ 22 ਵੀਜ਼ੇ ਸੈਰ-ਸਪਾਟਾ, ਪਰਿਵਾਰ ਨੂੰ ਮਿਲਣ ਜਾਂ ਡਾਕਟਰੀ ਇਲਾਜ ਲਈ ਜਾਰੀ ਕੀਤੇ ਜਾਂਦੇ ਹਨ। ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੋਟ ਨੇ ਕਿਹਾ,'ਅਸੀਂ ਸੰਬੰਧਿਤ ਵਿਭਾਗ ਨਾਲ ਤਾਲਮੇਲ ਵਿੱਚ ਕੰਮ ਕਰ ਰਹੇ ਹਾਂ ਤਾਂ ਜੋ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਗ਼ੈਰ-ਪ੍ਰਵਾਸੀ (ਬਾਕੀ ਸਫ਼ਾ 26 'ਤੇ)

# ਖ਼ਜੂਰ ਦੀ ਖੇਤੀ ਦੇ ਸਕਦੀ ਹੈ ਪ੍ਰਤੀ ਏਕੜ 5 ਲੱਖ ਰੁਪਏ ਤੱਕ ਆਮਦਨ

## ਫ਼ਾਜ਼ਿਲਕਾ ਦੇ ਕਿਸਾਨ ਹਰਪ੍ਰੀਤ ਦਾ ਕਮਾਲ: ਕਣਕ-ਝੋਨਾ ਛੱਡ ਖ਼ਜੂਰ ਦੀ ਖੇਤੀ ਨਾਲ ਕਮਾ ਰਿਹਾ ਤਿੰਨ ਗੁਣਾ ਵੱਧ ਮੁਨਾਫ਼ਾ

## ਰਾਜਸਥਾਨ 'ਚ 90% ਸਬਸਿਡੀ, ਪੰਜਾਬ 'ਚ ਜ਼ੀਰੋ: ਸਰਕਾਰੀ ਬੇਰੁਖ਼ੀ ਕਾਰਨ ਰੁਕਿਆ ਖ਼ਜੂਰ ਦੀ ਖੇਤੀ ਦਾ ਪਸਾਰ





ਪੰਜਾਬ ਇਸ ਵੇਲੇ ਇਤਿਹਾਸ ਦੇ ਸਭ ਤੋਂ ਗੰਭੀਰ ਵਾਤਾਵਰਣਕ ਅਤੇ ਖੇਤੀਬਾੜੀ ਸੰਕਟ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਰਵਾਇਤੀ ਕਣਕ-ਝੋਨੇ ਦੇ ਫ਼ਸਲੀ ਚੱਕਰ ਕਾਰਨ ਜ਼ਮੀਨ ਦੀ ਘਟਦੀ ਉਪਜਾਊ ਸ਼ਕਤੀ ਅਤੇ ਖੜੋਤ ਦਾ ਸ਼ਿਕਾਰ ਹੋਈ ਕਿਸਾਨੀ ਆਮਦਨ ਨੇ ਨੀਤੀ ਘਾੜਿਆਂ ਨੂੰ ਫ਼ਸਲੀ ਵਿਭਿੰਨਤਾ ਦੇ ਨਾਅਰੇ ਲਗਾਉਣ ਲਈ ਮਜਬੂਰ ਕੀਤਾ ਹੈ। ਪਰ ਹਕੀਕਤ ਇਹ ਹੈ ਕਿ ਜਦੋਂ ਵੀ ਕੋਈ ਕਿਸਾਨ ਆਪਣੀ ਨਿੱਜੀ ਪੱਧਰ 'ਤੇ ਲਕੀਰ ਤੋਂ ਹੱਟ ਕੇ ਕੋਈ ਨਵਾਂ ਤਜਰਬਾ ਕਰਦਾ ਹੈ, ਤਾਂ ਉਸ ਨੂੰ ਸਰਕਾਰੀ ਸਰਪ੍ਰਸਤੀ ਦੀ ਬਜਾਏ ਨੀਤੀਗਤ ਬੇਰੁਖ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਲ੍ਹਾ ਫ਼ਾਜ਼ਿਲਕਾ ਦੇ ਪਿੰਡ ਖਿੱਪਾਂਵਾਲੀ ਦੇ ਕਿਸਾਨ ਹਰਪ੍ਰੀਤ ਸਿੰਘ ਬਰਾੜ ਵੱਲੋਂ ਕੀਤੀ ਗਈ ਖ਼ਜੂਰ ਦੀ ਵਪਾਰਕ ਖੇਤੀ ਇਸ ਗੱਲ ਦੀ ਪ੍ਰਤੱਖ ਮਿਸਾਲ ਹੈ ਕਿ ਕਿਵੇਂ ਸੂਬੇ ਵਿੱਚ ਘੱਟ ਪਾਣੀ ਵਾਲੀ ਅਤੇ ਵੱਧ ਮੁਨਾਫ਼ਾ ਦੇਣ ਵਾਲੀ ਖੇਤੀ ਦੀਆਂ ਵੱਡੀਆਂ ਸੰਭਾਵਨਾਵਾਂ ਮੌਜੂਦ ਹਨ, ਪਰ ਸਰਕਾਰੀ ਮਦਦ ਦੀ ਘਾਟ ਕਾਰਨ ਇਹ ਕ੍ਰਾਂਤੀ ਕੁਝ ਖੇਤਾਂ ਤੱਕ ਹੀ ਸੀਮਤ ਰਹਿ ਜਾਂਦੀ ਹੈ।

ਇਸ ਲੰਬੇ ਸਫ਼ਰ ਦੀ ਸ਼ੁਰੂਆਤ ਸਾਲ 2011 ਵਿੱਚ ਹੋਈ ਸੀ, ਜਦੋਂ ਮੋਹਾਲੀ ਨਿਵਾਸੀ ਹਰਪ੍ਰੀਤ ਸਿੰਘ ਬਰਾੜ ਨੇ ਆਪਣੇ ਪਿੰਡ ਖਿੱਪਾਂਵਾਲੀ ਵਿੱਚ ਮਹਿਜ਼ 20 ਬੂਟਿਆਂ ਨਾਲ ਖ਼ਜੂਰ ਦੀ ਖੇਤੀ ਦਾ ਮੁੱਢਲਾ ਤਜਰਬਾ ਕੀਤਾ ਸੀ। ਜਦੋਂ ਇਹ ਬੂਟੇ ਪੂਰੀ ਤਰ੍ਹਾਂ ਕਾਮਯਾਬ ਰਹੇ ਅਤੇ ਉਨ੍ਹਾਂ ਤੋਂ ਚੰਗਾ ਝਾੜ ਮਿਲਣ ਲੱਗਾ, ਤਾਂ ਕਿਸਾਨ ਦਾ ਹੌਸਲਾ ਵਧਿਆ। ਇਸ ਤੋਂ ਬਾਅਦ ਉਨ੍ਹਾਂ ਨੇ ਸਾਢੇ 4 ਏਕੜ ਵਿੱਚ ਬਾਗ਼ ਲਗਾਇਆ ਅਤੇ ਸਾਲ 2021 ਵਿੱਚ ਸਾਢੇ 3 ਏਕੜ ਰਕਬਾ ਹੋਰ ਵਧਾ ਕੇ ਇਸ ਨੂੰ ਸਾਢੇ 7 ਏਕੜ ਦੇ ਵਿਸ਼ਾਲ ਬਾਗ਼ ਵਿੱਚ ਤਬਦੀਲ ਕਰ ਦਿੱਤਾ। ਅੱਜ ਹਰਪ੍ਰੀਤ ਬਰਾੜ ਪੰਜਾਬ ਦੇ ਇਕਲੌਤੇ ਅਜਿਹੇ ਕਿਸਾਨ ਹਨ ਜੋ ਇੰਨੇ ਵੱਡੇ ਪੱਧਰ 'ਤੇ ਖ਼ਜੂਰਾਂ ਦੀ ਵਪਾਰਕ ਖੇਤੀ ਕਰ ਰਹੇ ਹਨ। ਉਨ੍ਹਾਂ ਨੇ ਜੋਧਪੁਰ ਦੀ ਇੱਕ ਨਾਮੀ ਕੰਪਨੀ ਤੋਂ ਉੱਨਤ ਟਿਸ਼ੂ ਕਲਚਰ ਤਕਨੀਕ ਰਾਹੀਂ ਤਿਆਰ ਕੀਤੇ 'ਬਰੀ' ਕਿਸਮ ਦੇ ਬੂਟੇ ਲਗਾਏ। ਇਹ ਕਿਸਮ ਖਾਣ ਵਿੱਚ ਬੇਹੱਦ ਮਿੱਠੀ, ਸਵਾਦਿਸ਼ਟ ਹੁੰਦੀ ਹੈ ਅਤੇ ਕੱਚੀ ਅਵਸਥਾ ਵਿੱਚ ਵੀ ਮੂੰਹ ਜਾਂ ਗਲਾ ਨਹੀਂ ਫੜਦੀ, ਜਿਸ ਕਾਰਨ ਬਾਜ਼ਾਰ ਵਿੱਚ ਇਸ ਦੀ ਮੰਗ ਬਹੁਤ ਜ਼ਿਆਦਾ ਹੈ।

ਆਰਥਿਕ ਪੱਖੋਂ ਦੇਖਿਆ ਜਾਵੇ ਤਾਂ ਖ਼ਜੂਰ ਦੀ ਖੇਤੀ ਪੰਜਾਬ ਦੇ ਰਵਾਇਤੀ ਖੇਤੀ ਅਰਥਚਾਰੇ ਨੂੰ ਨਵੀਂ ਦਿਸ਼ਾ ਦੇਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਖ਼ਜੂਰ ਦਾ ਇੱਕ ਬਾਗ਼ ਪ੍ਰਤੀ ਏਕੜ 72 ਬੂਟਿਆਂ ਨਾਲ 25-25 ਫੁੱਟ ਦੇ ਫ਼ਾਸਲੇ 'ਤੇ ਲਗਾਇਆ ਜਾਂਦਾ ਹੈ ਤਾਂ ਜੋ ਹਵਾ ਅਤੇ ਧੁੱਪ ਦੀ ਸਹੀ ਆਵਾਜਾਈ ਬਣੀ ਰਹੇ। ਇੱਕ ਤੰਦਰੁਸਤ ਬੂਟਾ ਡੇਢ ਤੋਂ ਦੋ ਕੁਇੰਟਲ ਤੱਕ ਫਲ ਦਿੰਦਾ ਹੈ। ਜੇਕਰ ਮੌਸਮ ਅਨੁਕੂਲ ਰਹੇ ਅਤੇ ਦੇਖਭਾਲ ਸਹੀ ਹੋਵੇ ਤਾਂ ਪ੍ਰਤੀ ਏਕੜ 4 ਤੋਂ 5 ਲੱਖ ਰੁਪਏ ਤੱਕ ਦੀ ਸ਼ੁੱਧ ਆਮਦਨ ਹੋ ਜਾਂਦੀ ਹੈ, ਜੋ ਕਿ ਕਣਕ-ਝੋਨੇ ਦੇ ਰਵਾਇਤੀ ਮੁਨਾਫ਼ੇ ਨਾਲੋਂ ਤਿੰਨ ਗੁਣਾ ਵੱਧ ਹੈ। ਸਭ ਤੋਂ ਵੱਡੀ ਰਾਹਤ ਮੰਡੀਕਰਨ ਦੇ ਪੱਖ ਤੋਂ ਹੈ; ਕਿਸਾਨ ਨੂੰ ਮੰਡੀਆਂ ਵਿੱਚ ਰੁਲਣ ਦੀ ਲੋੜ ਨਹੀਂ ਪੈਂਦੀ, ਸਗੋਂ ਵੱਡੇ ਵਪਾਰੀ ਖ਼ੁਦ ਸਿੱਧੇ ਖੇਤਾਂ ਵਿੱਚ ਆ ਕੇ ਫ਼ਸਲ ਦੀ ਖ਼ਰੀਦ ਕਰਦੇ ਹਨ। ਇਸ ਦੇ ਨਾਲ ਹੀ ਪਾਣੀ ਦੀ ਬੱਚਤ ਇਸ ਖੇਤੀ ਦਾ ਸਭ ਤੋਂ ਵੱਡਾ ਵਾਤਾਵਰਣਕ ਪੱਖ ਹੈ। ਜਿੱਥੇ ਝੋਨੇ ਦੀ ਇੱਕ ਕਿੱਲੋ ਪੈਦਾਵਾਰ ਹਜ਼ਾਰਾਂ ਲੀਟਰ ਪਾਣੀ ਨਿਗਲ ਜਾਂਦੀ ਹੈ, ਉੱਥੇ ਮਾਰੂਥਲੀ ਸੁਭਾਅ ਵਾਲੀ ਖ਼ਜੂਰ ਨਿਗੂਣੇ ਪਾਣੀ ਨਾਲ ਵੀ ਭਰਪੂਰ ਝਾੜ ਦਿੰਦੀ ਹੈ, ਜੋ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਅਤੇ ਬਚਾਅ ਲਈ ਵਰਦਾਨ ਸਾਬਤ ਹੋ ਸਕਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ ਅਬੋਹਰ ਦੇ ਸੀਨੀਅਰ ਬਾਗ਼ਬਾਨੀ ਵਿਗਿਆਨੀ ਡਾ. ਅਨਿਲ ਕਾਮਰਾ ਦੀ ਖੋਜ ਮੁਤਾਬਕ ਪੰਜਾਬ ਦੇ ਦੱਖਣ-ਪੱਛਮੀ ਖਿੱਤੇ ਦੇ 6 ਤੋਂ 7 ਜ਼ਿਲ੍ਹਿਆਂ ਦੀ ਜ਼ਮੀਨ ਅਤੇ ਖ਼ੁਸ਼ਕ ਜਲਵਾਯੂ ਖ਼ਜੂਰ ਦੀ ਖੇਤੀ ਲਈ ਬਿਲਕੁਲ ਢੁਕਵੀਂ ਹੈ। ਖ਼ਾਸ ਕਰਕੇ 'ਬਰੀ' ਅਤੇ 'ਹਿਲਾਵੀ' ਵਰਗੀਆਂ ਦੇਰ ਨਾਲ ਪੱਕਣ ਵਾਲੀਆਂ ਕਿਸਮਾਂ ਇੱਥੋਂ ਦੇ ਮੌਸਮ ਵਿੱਚ ਬਹੁਤ ਵਧੀਆ ਪੈਦਾਵਾਰ ਦਿੰਦੀਆਂ ਹਨ। ਇਤਿਹਾਸਕ ਤੌਰ 'ਤੇ ਵੀ ਸਾਲ 1947 ਦੀ ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਵਿੱਚ ਖ਼ਜੂਰਾਂ ਦੀ ਭਰਪੂਰ ਪੈਦਾਵਾਰ ਹੁੰਦੀ ਸੀ, ਪਰ ਵੰਡ ਵੇਲੇ ਉਹ ਸਾਰਾ ਖੇਤਰ ਪਾਕਿਸਤਾਨ ਦੇ ਹਿੱਸੇ ਚਲਾ ਗਿਆ। ਬਾਅਦ ਵਿੱਚ 1955 ਵਿੱਚ ਭਾਰਤ ਸਰਕਾਰ ਵੱਲੋਂ ਅਬੋਹਰ, ਬੀਕਾਨੇਰ ਅਤੇ ਗੁਜਰਾਤ ਵਿੱਚ ਸੀਡ ਫਾਰਮ ਸਥਾਪਿਤ ਕੀਤੇ ਗਏ ਸਨ। ਰਾਜਸਥਾਨ ਨੇ ਇਸ ਖੋਜ ਦਾ ਲਾਹਾ ਲੈਂਦਿਆਂ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ, ਜਦਕਿ ਪੰਜਾਬ ਵਿੱਚ ਇਹ ਖੋਜ ਕੇਂਦਰਾਂ ਦੀਆਂ ਚਾਰਦੀਵਾਰੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ।

ਹਾਲਾਂਕਿ ਖ਼ਜੂਰ ਦੀ ਖੇਤੀ ਜਿੰਨੀ ਲਾਹੇਵੰਦ ਦਿਖਾਈ ਦਿੰਦੀ ਹੈ, ਇਸ ਦੀਆਂ ਤਕਨੀਕੀ ਅਤੇ ਸਰੀਰਕ ਚੁਣੌਤੀਆਂ ਵੀ ਓਨੀਆਂ ਹੀ ਗੁੰਝਲਦਾਰ ਹਨ। ਖ਼ਜੂਰ ਦਾ ਪੌਦਾ ਦੋ-ਲਿੰਗੀ ਹੁੰਦਾ ਹੈ, ਜਿਸ ਵਿੱਚ ਨਰ ਅਤੇ ਮਾਦਾ ਬੂਟੇ ਵੱਖੋ-ਵੱਖਰੇ ਹੁੰਦੇ ਹਨ ਅਤੇ ਫਲ ਸਿਰਫ਼ ਮਾਦਾ ਬੂਟੇ ਨੂੰ ਹੀ ਲੱਗਦਾ ਹੈ। ਜੇਕਰ ਕਿਸਾਨ ਅਣਜਾਣਪੁਣੇ ਵਿੱਚ ਬੀਜ ਤੋਂ ਬੂਟੇ ਤਿਆਰ ਕਰਦੇ ਹਨ ਤਾਂ 50 ਫ਼ੀਸਦੀ ਬੂਟੇ ਨਰ ਨਿਕਲਣ ਦਾ ਖ਼ਤਰਾ ਰਹਿੰਦਾ ਹੈ ਜੋ ਕੋਈ ਫਲ ਨਹੀਂ ਦਿੰਦੇ। ਇਸ ਲਈ ਸਿਰਫ਼ ਪ੍ਰਮਾਣਿਤ ਟਿਸ਼ੂ ਕਲਚਰ ਜਾਂ ਮੂਲ ਬੂਟੇ ਦੇ ਪੀਲੇ ਬੱਚਿਆਂ ਤੋਂ ਹੀ ਨਵੇਂ ਬੂਟੇ ਲਗਾਏ ਜਾਣੇ ਚਾਹੀਦੇ ਹਨ। ਦੂਜੀ ਵੱਡੀ ਚੁਣੌਤੀ ਹੱਥੀਂ ਪੋਲੀਨੇਸ਼ਨ ਦੀ ਹੈ। ਜਦੋਂ ਮਾਦਾ ਬੂਟੇ 'ਤੇ ਫੁੱਲਾਂ ਦਾ ਗੁੱਛਾ ਇੱਕ ਇੰਚ ਬਾਹਰ ਨਿਕਲਦਾ ਹੈ ਤਾਂ ਉਸ ਨੂੰ ਪਾੜ ਕੇ ਨਰ ਬੂਟੇ ਦੇ ਸਿੱਟੇ ਦਾ ਪਾਊਡਰ ਹਰ ਰੋਜ਼ ਨਿਗਰਾਨੀ ਰੱਖ ਕੇ ਛਿੜਕਣਾ ਪੈਂਦਾ ਹੈ; ਬਿਨਾਂ ਪੋਲੀਨੇਸ਼ਨ ਦੇ ਫਲ ਨਹੀਂ ਬਣਦਾ।

ਇਸ ਤੋਂ ਇਲਾਵਾ ਫ਼ਸਲ ਦੀ ਕਟਾਈ ਅਤੇ ਸਾਂਭ-ਸੰਭਾਲ ਬੇਹੱਦ ਮਿਹਨਤ ਅਤੇ ਜੋਖ਼ਮ ਭਰਿਆ ਕੰਮ ਹੈ। ਖਿੱਪਾਂਵਾਲੀ ਪਿੰਡ ਵਿੱਚ ਕਟਾਈ ਦਾ ਕੰਮ ਕਰਨ ਵਾਲੇ ਮਜ਼ਦੂਰਾਂ ਅਨੁਸਾਰ 20 ਤੋਂ 25 ਫੁੱਟ ਉੱਚੇ ਕੰਡੇਦਾਰ ਰੁੱਖਾਂ 'ਤੇ ਚੜ੍ਹਨਾ, 20-20 ਕਿੱਲੋ ਭਾਰੇ ਖ਼ਜੂਰਾਂ ਦੇ ਗੁੱਛਿਆਂ ਨੂੰ ਬਿਨਾਂ ਨੁਕਸਾਨੇ ਹੇਠਾਂ ਉਤਾਰਨਾ ਅਤੇ ਰੁੱਖਾਂ 'ਤੇ ਮੌਜੂਦ ਸੱਪਾਂ ਤੇ ਗੋਹਾਂ ਵਰਗੇ ਜ਼ਹਿਰੀਲੇ ਜੀਵਾਂ ਦੇ ਖ਼ਤਰੇ ਨਾਲ ਨਜਿੱਠਣਾ ਆਸਾਨ ਨਹੀਂ ਹੁੰਦਾ। ਪੋਲੀਨੇਸ਼ਨ ਤੋਂ ਪਹਿਲਾਂ ਬੂਟਿਆਂ ਦੇ ਤਿੱਖੇ ਕੰਡਿਆਂ ਦੀ ਛੰਗਾਈ ਕਰਨੀ ਪੈਂਦੀ ਹੈ। ਸੀਜ਼ਨ ਦੌਰਾਨ ਰੋਜ਼ਾਨਾ 300 ਤੋਂ 400 ਕੁਇੰਟਲ ਖ਼ਜੂਰਾਂ ਤੋੜਨਾ, ਉਨ੍ਹਾਂ ਦੀ ਗ੍ਰੇਡਿੰਗ ਕਰਨਾ ਅਤੇ 10 ਕਿੱਲੋ ਦੇ ਡੱਬਿਆਂ ਵਿੱਚ ਪੈਕਿੰਗ ਕਰਨ ਲਈ ਹੁਨਰਮੰਦ ਮਜ਼ਦੂਰਾਂ ਦੀ ਲਗਾਤਾਰ ਲੋੜ ਰਹਿੰਦੀ ਹੈ।

ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ, ਪੰਜਾਬ ਵਿੱਚ ਖ਼ਜੂਰ ਦੀ ਖੇਤੀ ਦੇ ਰਾਹ ਵਿੱਚ ਸਭ ਤੋਂ ਵੱਡੀ ਰੁਕਾਵਟ ਕਿਸਾਨਾਂ ਦੀ ਮਿਹਨਤ ਨਹੀਂ ਸਗੋਂ ਸਰਕਾਰੀ ਨੀਤੀਆਂ ਦੀ ਘਾਟ ਅਤੇ ਭਾਰੀ ਸ਼ੁਰੂਆਤੀ ਲਾਗਤ ਹੈ। ਟਿਸ਼ੂ ਕਲਚਰ ਰਾਹੀਂ ਤਿਆਰ ਇੱਕ ਮਿਆਰੀ ਬੂਟੇ ਦੀ ਬਾਜ਼ਾਰੀ ਕੀਮਤ ਕਰੀਬ 5,000 ਰੁਪਏ ਹੈ। ਇਸ ਹਿਸਾਬ ਨਾਲ ਪ੍ਰਤੀ ਏਕੜ ਸਿਰਫ਼ ਬੂਟਿਆਂ ਦੀ ਖ਼ਰੀਦ 'ਤੇ ਹੀ ਸਾਢੇ ਤਿੰਨ ਲੱਖ ਰੁਪਏ ਤੋਂ ਵੱਧ ਦਾ ਖ਼ਰਚਾ ਆ ਜਾਂਦਾ ਹੈ। ਗੁਆਂਢੀ ਸੂਬੇ ਰਾਜਸਥਾਨ ਦੀ ਸਰਕਾਰ ਨੇ ਇਸ ਸਮੱਸਿਆ ਨੂੰ ਸਮਝਦਿਆਂ ਕਿਸਾਨਾਂ ਨੂੰ ਖ਼ਜੂਰ ਦੇ ਬੂਟਿਆਂ 'ਤੇ 90 ਫ਼ੀਸਦੀ ਸਬਸਿਡੀ ਮੁਹੱਈਆ ਕਰਵਾਈ, ਜਿਸ ਸਦਕਾ ਕਿਸਾਨ ਨੂੰ 5 ਹਜ਼ਾਰ ਵਾਲਾ ਬੂਟਾ ਸਿਰਫ਼ 300 ਰੁਪਏ ਵਿੱਚ ਮਿਲਿਆ। ਨਤੀਜੇ ਵਜੋਂ ਰਾਜਸਥਾਨ ਵਿੱਚ ਹਜ਼ਾਰਾਂ ਏਕੜ ਬੰਜਰ ਜ਼ਮੀਨਾਂ ਹਰੇ-ਭਰੇ ਖ਼ਜੂਰ ਦੇ ਬਾਗ਼ਾਂ ਵਿੱਚ ਬਦਲ ਗਈਆਂ।

ਇਸ ਦੇ ਉਲਟ, ਪੰਜਾਬ ਸਰਕਾਰ ਵੱਲੋਂ ਬਾਗ਼ਬਾਨੀ ਦੇ ਨਾਂ 'ਤੇ ਆਮ ਦਾਅਵੇ ਤਾਂ ਕੀਤੇ ਜਾਂਦੇ ਹਨ, ਪਰ ਖ਼ਜੂਰ ਦੇ ਬੂਟਿਆਂ ਲਈ ਕੋਈ ਵਿਸ਼ੇਸ਼ ਅਤੇ ਤੈਅਸ਼ੁਦਾ ਸਬਸਿਡੀ ਨੀਤੀ ਮੌਜੂਦ ਨਹੀਂ ਹੈ। ਸਬਸਿਡੀ ਦੀ ਅਣਹੋਂਦ ਕਾਰਨ ਛੋਟਾ ਅਤੇ ਦਰਮਿਆਨਾ ਕਿਸਾਨ ਚਾਹੁੰਦਾ ਹੋਇਆ ਵੀ ਕਣਕ-ਝੋਨੇ ਦੇ ਰਵਾਇਤੀ ਚੱਕਰਵਿਊ ਵਿੱਚੋਂ ਬਾਹਰ ਨਹੀਂ ਨਿਕਲ ਸਕਦਾ, ਕਿਉਂਕਿ ਉਸ ਕੋਲ ਲੱਖਾਂ ਰੁਪਏ ਦਾ ਮੁੱਢਲਾ ਨਿਵੇਸ਼ ਕਰਨ ਦੀ ਸਮਰੱਥਾ ਨਹੀਂ ਹੈ।

ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਸੱਚਮੁੱਚ ਸੂਬੇ ਦੇ ਡਿੱਗਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣਾ ਚਾਹੁੰਦੀ ਹੈ ਅਤੇ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ, ਤਾਂ ਉਸ ਨੂੰ ਖੋਖਲੇ ਭਾਸ਼ਣਾਂ ਤੋਂ ਅੱਗੇ ਵਧ ਕੇ ਠੋਸ ਕਦਮ ਚੁੱਕਣੇ ਪੈਣਗੇ। ਪੰਜਾਬ ਸਰਕਾਰ ਨੂੰ ਰਾਜਸਥਾਨ ਦੀ ਤਰਜ਼ 'ਤੇ ਖ਼ਜੂਰ ਦੇ ਟਿਸ਼ੂ ਕਲਚਰ ਬੂਟਿਆਂ 'ਤੇ ਤੁਰੰਤ 80 ਤੋਂ 90 ਫ਼ੀਸਦੀ ਸਬਸਿਡੀ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਬਾਗ਼ਬਾਨੀ ਵਿਭਾਗ ਰਾਹੀਂ ਕਿਸਾਨਾਂ ਨੂੰ ਹੱਥੀਂ ਪੋਲੀਨੇਸ਼ਨ, ਤੁੜਾਈ ਅਤੇ ਕੀੜਿਆਂ ਦੀ ਰੋਕਥਾਮ ਸਬੰਧੀ ਵਿਸ਼ੇਸ਼ ਤਕਨੀਕੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਪੰਜਾਬ ਦੀ ਧਰਤੀ ਬੰਜਰ ਨਹੀਂ ਹੈ, ਪਰ ਸਰਕਾਰੀ ਇੱਛਾ-ਸ਼ਕਤੀ ਦੀ ਘਾਟ ਕਾਰਨ ਖੇਤੀ ਨੀਤੀਆਂ ਜ਼ਰੂਰ ਬੰਜਰ ਨਜ਼ਰ ਆ ਰਹੀਆਂ ਹਨ। ਹਰਪ੍ਰੀਤ ਬਰਾੜ ਵਰਗੇ ਅਗਾਂਹਵਧੂ ਕਿਸਾਨਾਂ ਦੇ ਤਜਰਬਿਆਂ ਨੂੰ ਸਰਕਾਰੀ ਪੱਧਰ 'ਤੇ ਅਪਣਾ ਕੇ ਹੀ ਪੰਜਾਬ ਨੂੰ ਗੰਭੀਰ ਖੇਤੀ ਸੰਕਟ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ।



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE


## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**




ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ਸੰਪੂਰਨਤਾ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## (ਸ਼ਬਦ ਗੁਰ ਪੀਰਾ)



ਅਗਿਆਨ ਅਤੇ ਵਹਿਮਾਂ ਭਰਮਾਂ ਵਿੱਚ ਭਟਕਦੀ ਮਨੁੱਖਤਾ ਨੂੰ ਰਾਹ ਵਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿੱਚ ਆਉਂਦੇ ਹਨ। ਅੱਠਵੀਂ ਸਦੀ ਮੱਧ ਕਾਲ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿੱਚ ਹੋਇਆ। ਇਹ ਇੱਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਇਸ ਲਹਿਰ ਦੇ ਬਾਨੀ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸਿੱਖ ਧਰਮ ਦੇ ਪਹਿਲੇ ਗੁਰੂ , ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਦੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਰਾਹੀਂ ਪਸਾਰਿਆ। ਬਾਕੀ ਸਿੱਖ ਗੁਰੂ ਸਾਹਿਬਾਨ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਇਸ ਅਧਿਆਤਮਕ ਕਾਰਜ ਨੂੰ ਅੱਗੇ ਵਧਾਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਉੱਨਤੀ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਵੱਡੀ ਬਖਸ਼ਿਸ਼ ਕੀਤੀ ਹੈ। ਆਪ ਜੀ ਨੇ ਅਨੁਭਵ ਕੀਤਾ ਕਿ ਜਦ ਹੁਣ ਸਿੱਖਾਂ ਦਾ ਧਾਰਮਿਕ ਕੇਂਦਰ ਸਥਾਪਤ ਹੋ ਗਿਆ ਹੈ ਤਾਂ ਇੱਕ ਅਜਿਹੇ ਧਾਰਮਿਕ ਗ੍ਰੰਥ ਦੀ ਲੋੜ ਹੈ, ਜਿਸ ਵਿੱਚ ਜਾਤ ਪਾਤ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਗੁਰਬਾਣੀ ਦਰਜ਼ ਹੋਵੇ ਕਿ ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ। ਜਿਵੇਂ ਪਰਮਾਤਮਾ ਆਪ ਸਰਬ ਵਿਆਪੀ ਹੈ, ਉਸੇ ਤਰਾਂ ਉਸ ਦਾ ਉਪਦੇਸ਼ ਵੀ ਸਰਬ ਵਿਆਪਕ ਹੈ।

ਗੁਰੂ ਗ੍ਰੰਥ ਸਾਹਿਬ ਅਧਿਆਤਮਕ ਮਿਆਰੀ ਗਿਆਨ ਦਾ ਅਥਾਹ ਸਾਗਰ ਹੈ। ਜਿਸ ਵਿੱਚ ਟੁੱਭੀ ਲਗਾ ਕੇ ਹਰ ਜਗਿਆਸੂ ਆਪਣੀ ਆਤਮਾ ਦੀ ਭੁੱਖ ਦੂਰ ਕਰਨ ਵਾਸਤੇ ਆਤਮਿਕ ਭੋਜਨ ਪ੍ਰਾਪਤ ਕਰਕੇ ਸਦਾ ਲਈ ਤ੍ਰਿਪਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਹਰ ਮਨੁੱਖ ਆਪਣੀ ਆਤਮਾ ਨੂੰ ਬ੍ਰਹਮ ਵਿੱਚ ਲੀਨ ਦਾ ਮਾਰਗ ਪ੍ਰਾਪਤ ਕਰ ਸਕਦਾ ਹੈ। ਬ੍ਰਹਮ ਵਿੱਚ ਸਮਾਈ ਕਰ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਹਿਜ ਸੁਹੇਲਾ ਜੀਵਨ ਜਿਉਣ ਦੀ ਅਗਵਾਈ ਮਿਲਦੀ ਹੈ। ਮਾਰਗ ਦਰਸ਼ਨ ਅਨੁਸਾਰ ਪ੍ਰਭੂ ਵਿੱਚ ਅਭੇਦਤਾ ਲਈ ਕੋਈ ਕਠਿਨ ਯਤਨ ਕਰਨ ਦੀ ਲੋੜ ਨਹੀਂ ਹੈ। ਸੰਸਾਰ ਵਿੱਚ ਰਹਿੰਦਿਆਂ ਦੁਨਿਆਵੀ ਹਰ ਥਾਂ 'ਤੇ ਪ੍ਰਭੂ ਮੌਜੂਦ ਹੈ। ਪ੍ਰਭੂ ਨੂੰ ਹਰ ਥਾਂ ਹਰ ਸਥਿਤੀ ਵਿੱਚ ਸਹਿਜ ਮਾਰਗ 'ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹਿਜ ਸੁਹੇਲਾ ਸੰਤੁਲਨ ਵਿੱਚ ਰਹਿ ਕੇ ਰਸ ਭਰਿਆ ਜੀਵਨ ਬਤੀਤ ਕਰਨ ਦੀ ਜਾਂਚ ਪ੍ਰਦਾਨ ਹੁੰਦੀ ਹੈ।

ਹੇ ਨਾਨਕ! ਜੇ ਸਤਿਗੁਰੂ ਮਿਲ ਪਏ ਤਾਂ ਜੀਵਨ ਦੀ ਠੀਕ ਜਾਚ ਆ ਜਾਂਦੀ ਹੈ ਤੇ ਜੀਵਨ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ ਭਾਵ ਦੁਨੀਆਂ ਦੇ ਸਾਰੇ ਕੰਮ ਕਾਰ ਕਰਦਿਆਂ ਮਾਇਆ ਵਿੱਚ ਵਰਤਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ।

ਜਿਹੜੇ ਮਨੁੱਖ ਹਰ ਵੇਲੇ ਸਤਿਗੁਰੂ ਦੀ ਬਾਣੀ ਵਿੱਚ ਜੁੜੇ ਰਹਿੰਦੇ ਹਨ, ਉਹਨਾਂ ਨੂੰ ਬੇਅੰਤ ਪਰਮਾਤਮਾ ਦਾ ਉਹ ਨਾਮ ਰਤਨ ਮਿਲ ਜਾਂਦਾ ਹੈ। ਜਿਸ ਦੇ ਬਰਾਬਰ ਦੀ ਕੀਮਤ ਦਾ ਹੋਰ ਕੋਈ ਪਦਾਰਥ ਨਹੀਂ ਹੈ। ਜਾਂ ਫਿਰ ਹੇ ਭਾਈ! ਪਰਮਾਤਮਾ ਦੀ ਭਗਤੀ ਸਤਿਗੁਰੂ ਦੀ ਬਾਣੀ ਮਾਨੋ ਲਾਲਾਂ ਦੇ ਖ਼ਜ਼ਾਨੇ ਹਨ। ਗੁਰਬਾਣੀ ਗਾਉਂਦਿਆਂ ਸੁਣਦਿਆਂ ਤੇ ਕਮਾਉਂਦਿਆਂ ਮਨ ਸਦਾ ਖਿੜਿਆ ਰਹਿੰਦਾ ਹੈ।

ਹੇ ਗੁਰ ਸਿੱਖੋ ਹਰ ਰੋਜ਼ ਭਾਵ ਹਰ ਵੇਲੇ ਨਾਮ ਜਪੋ ਤਾਂ ਕਿ ਸਿਰਜਣਹਾਰ ਹਰੀ ਇਹੋ ਜਿਹਾ ਸਤਿਗੁਰੂ ਤੁਹਾਡੇ ਹਿਰਦੇ ਵਿੱਚ ਵਸਾ ਦੇਵੇ। ਹੇ ਗੁਰਸਿੱਖੋ ਸਤਿਗੁਰੂ ਦੀ ਬਾਣੀ ਸੱਚ ਸਮਝੋ ਕਿਉਂਕਿ ਸਿਰਜਣਹਾਰ ਪ੍ਰਭੂ ਆਪ ਇਹ ਬਾਣੀ ਸਤਿਗੁਰੂ ਦੇ ਮੂੰਹ ਤੋਂ ਅਖਵਾਉਂਦਾ ਹੈ।

ਹੇ ਭਾਈ! ਦੰਮ -ਬ-ਦੰਮ ਪ੍ਰਭੂ ਨੂੰ ਯਾਦ ਕਰ ਤਾਂ ਜੁ ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿੱਟ ਜਾਏ। ਜਾਂ ਫਿਰ ਭਾਈ ਕੰਨਾ ਨਾਲ ਪਰਮਾਤਮਾ ਦੀ ਆਤਮਿਕ ਜੀਵਨ ਦੇਣ ਵਾਲੀ ਸਿਫ਼ਤ ਸਲਾਹ ਸੁਣਦੇ ਰਹਿਣਾ ਚਾਹੀਦਾ ਹੈ। ਜਿਸ ਦੇ ਸੁਣਿਆ ਸਦਾ ਆਤਮਿਕ ਅਨੰਦ ਪੈਦਾ ਹੁੰਦਾ ਹੈ ਤੇ ਮਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂ ਸਾਹਿਬਾਨ ਜੀ ਦੀ ਬਾਣੀ ਅਤੇ ਭਗਤ ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾਂ ਨੂੰ ਸੰਭਾਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਥਾਂਵਾਂ ਥਾਂਵਾਂ ਤੋਂ ਗੁਰੂ ਕੀ ਬਾਣੀ ਇਕਤ੍ਰਤ ਕੀਤੀ। ਗੋਇੰਦਵਾਲ ਸਾਹਿਬ ਤੋਂ ਵੀ ਬਾਣੀ ਦੀਆਂ ਪੋਥੀਆਂ ਬੜੇ ਅਦਬ ਸਤਿਕਾਰ ਨਾਲ ਪਾਲਕੀ ਸਾਹਿਬ ਵਿੱਚ ਬਿਰਾਜਮਾਨ ਕਰਕੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੰਗਤਾਂ ਨਾਲ ਰਲ ਕੇ ਲਿਆਂਦੀਆਂ ਤੇ ਅੰਮ੍ਰਿਤਸਰ ਸਾਹਿਬ ਦੁੱਖ ਭੰਜਨੀ ਬੇਰੀ ਸਾਹਿਬ ਦੇ ਨੇੜੇ ਅੱਠ ਸੱਠ ਵਾਲੇ ਥਾਂ 'ਤੇ ਸਸ਼ੋਭਿਤ ਕਰਕੇ ਗੁਰਬਾਣੀ ਨੂੰ ਵਾਚਿਆ। ਗੁਰਾਂ ਨੇ ਖੁਸ਼ੀ ਅਤੇ ਵੈਰਾਗ ਵਿੱਚ ਉਚਾਰਨ ਕੀਤਾ ਕਿ ਅਸੀਂ ਬੜੇ ਭਾਗਸ਼ੀਲ ਹਾਂ ਜਿਹਨਾਂ ਕੋਲ ਆਦਿਲੇ ਸਾਹਿਬਾਂ ਦੀ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਹੈ। ਜੋ ਇਸ ਗੁਰਬਾਣੀ ਨਾਲ ਜੁੜੇਗਾ । ਉਹ ਸਹਿਜ ਸੁਭਾਅ ਹੀ ਪ੍ਰਭੂ ਨਾਲ ਜੁੜ ਜਾਵੇਗਾ।

ਗੁਰਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ। ਸੰਪਾਦਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰਬਾਣੀ ਦਾ ਕਾਰਜ 1601-1604 ਈ. ਤਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇੱਕ ਕੀਰਤਨ ਦੇ ਰੂਪ ਵਿੱਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ "ਸੂਹੀ ਮਹਲਾ ਪੰਜਵਾਂ ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ।"

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਕਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਦੁਆਰਾ ਦਰਜ਼ ਕਰਵਾ ਕੇ 1705 ਵਿੱਚ ਸੰਪੂਰਨਤਾ ਬਖਸ਼ੀ। ਅਕਤੂਬਰ 20, 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਇੱਕ ਦਿਨ ਪਹਿਲਾਂ ਨੰਦੇੜ ਸਾਹਿਬ ਵਿਖੇ ਗੁਰਤਾ ਗੱਦੀ ਆਦਿ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਤੇ ਨਾਮ 'ਗੁਰੂ ਗ੍ਰੰਥ ਸਾਹਿਬ ' ਹੋ ਗਿਆ। ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕੀਤਾ। ਗੁਰਾਂ ਨੇ ਉਪਦੇਸ਼ ਦਿੱਤਾ ਕਿ

ਆਗਿਆ ਭਈ ਅਕਾਲ ਦੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਉਹਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ' ਗੁਰੂ ਗ੍ਰੰਥ ਸਾਹਿਬ' ਜੀ ਹੀ ਹਰ ਸਿੱਖ ਦੇ ਗੁਰੂ ਹਨ। ਰੋਜ਼ਾਨਾ ਅਰਦਾਸ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਆਦੇਸ਼ ਦੁਹਰਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਨਾ ਦਾ ਸ੍ਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਅਤੇ ਇਤਿਹਾਸ ਹੈ। ਗੁਰਬਾਣੀ ਜੀਵਨ ਦੇ ਹਰ ਪਹਿਲੂ ਜਿਵੇਂ ਅਧਿਆਤਮਕ, ਸਮਾਜਿਕ , ਰਾਜਸੀ ਅਤੇ ਆਰਥਿਕ ਉੱਨਤੀ ਲਈ ਅਗਵਾਈ ਕਰਦੀ ਹੈ। ਸਿੱਖ ਧਰਮ ਵਿੱਚ ਸ਼ਬਦ ਗੁਰੂ ਨੇ ਸਿੱਖ ਪੰਥ ਦੀ ਹਮੇਸ਼ਾ ਅਗਵਾਈ ਕੀਤੀ ਹੈ। ਧੁਰ ਕੀ ਬਾਣੀ ਜੁਗੋ ਜੁਗ ਅੱਟਲ ਹੈ। ਕੇਵਲ ਬਾਣੀ ਹੀ ਮਿਆਰੀ ਗੁਰੂ ਹੈ। ਗੁਰੂ ਦੇ ਸ਼ਬਦ ਨੂੰ ਵਿਚਾਰੇ, ਇਹੀ ਸਦਾ ਥਿਰ ਰਹਿਣ ਵਾਲਾ ਸੌਦਾ ਹੈ। ਇਹੀ ਸੱਚ ਹੱਟ ਹ। ਜਿਸ ਵਿੱਚ ਰਤਨਾਂ ਦੇ ਭੰਡਾਰ ਭਰੇ ਪਏ ਹਨ। ਜੋ ਦੇਣ ਵਾਲਾ ਹਰੀ ਦੇਵੇ ਤਾਂ ਇਹ ਖ਼ਜ਼ਾਨੇ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦੇ ਹਨ।

ਹੇ ਨਾਨਕ! ਜੋ ਮਨੁੱਖ ਸਦਾ ਉੱਚੇ ਆਤਮਿਕ ਮੰਡਲ ਵਿੱਚ ਵਸਦਾ ਹੈ , ਉਸ ਦੇ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰਖਦਾ ਹੈ। ਆਤਮਿਕ ਗੁਣਾਂ ਨਾਲ ਉਸ ਦੀ ਸੁਰਤ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ। ਗੁਰ ਪੀਰ ਦੇ ਸ਼ਬਦ ਨੂੰ ਹਿਰਦੇ ਵਿੱਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ ਪਰ ਗੁਰ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਦੇ ਮੋਹ ਵਿੱਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿੱਚ ਟਿੱਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ।

ਵਾਹੁ ਵਾਹ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ॥

ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪੀ ਸੰਦੀਵੀ ਗੁਰੂ ਹਨ। ਅਜਿਹਾ ਗ੍ਰੰਥ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਸਿੱਖਿਆ ਭਾਵਨਾ , ਚਿੰਤਨ, ਦ੍ਰਿਸ਼ਟੀਕੋਣ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਧਾਰਮਿਕ ਦੁਨੀਆਂ ਵਿੱਚ ਵੱਖਰੀ ਦਿੱਖ ਹੈ। ਧੁਰ ਕੀ ਬਾਣੀ ਬ੍ਰਹਮ ਵਿਚਾਰ ਹੈ, ਗੁਰਬਾਣੀ ਵਿੱਚ ਦਰਜ਼ ਬ੍ਰਹਮ ਉਪਦੇਸ਼ ਸਭਨਾਂ ਲਈ ਸਾ ਹੈ। ਜੋ ਵੀ ਇਸ ਉਪਦੇਸ਼ ਨੂੰ ਸੁਣ ਕੇ ਕਮਾਵੇਗਾ, ਉਸ ਦਾ ਨਿਸਚੈ ਹੀ ਪਾਰ ਉਤਾਰਾ ਹੋ ਜਾਵੇਗਾ। ਗੁਰਬਾਣੀ ਜਗਿਆਸੂ ਦਾ ਸੰਪਰਕ ਪਰਮਾਤਮਾ ਨਾਲ ਜੋੜ ਦਿੰਦੀ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਬਾਣੀ ਦੇ ਉਪਦੇਸ਼ ਤੋਂ ਨਿਰੰਕਾਰ ਨਾਲ ਜੁੜਨ ਦੀ ਸੋਝੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਹੁੰਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪਰਮਾਤਮਾ ਦਾ ਸਤਿਕਾਰ ਹੈ ਜੋ ਸ਼ਬਦ ਗੁਰਪੀਰਾ ਹੈ। ਜੋ ਗੁਰੂ ਮੰਨਿਆ ਜਾਂਦਾ ਹੈ। ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਰੱਬੀ ਬਾਣੀ ਦਾ ਸੰਪਾਦਨ ਕੀਤਾ ਤਾਂ ਆਪ ਜੀ ਨੇ ਭਗਤੀ ਦੇ ਜੋਗ ਨੂੰ ਜਿੱਤ ਲਿਆ ਹੈ। ਭਾਵ ਆਪਣੇ ਭਗਤੀ ਦਾ ਮਿਲਾਪ ਪਾ ਲਿਆ ਹੈ। ਹਰੀ ਨੇ ਆਪ ਨੂੰ ਜਨਕ ਪੈਦਾ ਕੀਤਾ ਹੈ। ਆਪਨੇ ਗੁਰੂ ਸ਼ਬਦ ਨੂੰ ਪ੍ਰਗਟ ਕੀਤਾ ਹੈ ਤੇ ਹਰੀ ਨੂੰ ਆਪ ਨੇ ਜੀਭ ਉੱਤੇ ਵਸਾਇਆ ਹੈ। ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿੱਚ ਵੰਡੇ ਸਨ। ਹੁਣ ਇਹ 1430 ਅੰਗ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਸਭਨਾਂ ਦਾ ਸਾਂਝਾ ਸਿੱਖ ਰਾਜ ਸਥਾਪਿਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ।

ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇੱਕ ਸਮੁੱਚਾ ਗ੍ਰੰਥ ਹੈ। ਜਿਸ ਤੋਂ ਮਨੁੱਖਤਾ ਦੇ ਜੀਵਨ ਦੀ ਅਗਵਾਈ ਮਿਲਦੀ ਹੈ। ਸੰਗਤਾਂ ਦੇ ਅਥਾਹ ਵਿਸ਼ਵਾਸ ਅਤੇ ਸ਼ਰਧਾ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿੱਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿੱਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।






# ਦਿਨ ਤੀਆਂ ਦੇ.......

ਮਨਪ੍ਰੀਤ ਸਿੰਘ ਰੂਬੀ



ਤੀਆਂ ਸਾਉਣ ਦੇ ਮਹੀਨੇ ਪੰਜਾਬ ਦੀਆਂ ਮੁਟਿਆਰਾ ਵੱਲੋਂ ਮਨਾਇਆ ਜਾਣ ਵਾਲਾ ਸਭ ਤੋਂ ਪ੍ਰਸਿੱਧ ਤਿਉਹਾਰ ਹੈ। ਪੰਜਾਬੀ ਸੱਭਿਆਚਾਰ ਜਿੱਥੇ ਆਪਣੀਆਂ ਅਮੀਰ ਪਰੰਪਰਾਵਾਂ, ਲੋਕ-ਗੀਤਾਂ, ਲੋਕ-ਨਾਚਾਂ ਅਤੇ ਤਿਉਹਾਰਾਂ ਲਈ ਦੁਨੀਆ ਭਰ ਵਿੱਚ ਆਪਣੀ ਵਿਲੱਖਣ ਪਛਾਣ ਰੱਖਦਾ ਹੈ ਉੱਥੇ ਸਾਡੇ ਸੱਭਿਆਚਾਰ ਦਾ ਕੁਦਰਤ ਦੀਆਂ ਬਦਲਦੀਆਂ ਰੁੱਤਾਂ ਨਾਲ ਵੀ ਗੂੜ੍ਹਾ ਸਬੰਧ ਹੈ। ਜਦੋਂ ਜੇਠ-ਹਾੜ੍ਹ ਦੀ ਕੜਕਦੀ ਧੁੱਪ ਅਤੇ ਬਲਦੀ ਲੂ ਤੋਂ ਬਾਅਦ ਸਾਉਣ ਮਹੀਨੇ ਦੀਆਂ ਕਾਲੀਆਂ ਘਟਾਵਾਂ ਘਿਰ ਕੇ ਆਉਂਦੀਆਂ ਹਨ ਤਾਂ ਰਿਮਝਿਮ ਵਰਖਾ ਨਾਲ ਧਰਤੀ ਉੱਤੇ ਹਰਿਆਵਲ ਪਸਰ ਜਾਂਦੀ ਹੈ। ਧਰਤੀ ਦੀ ਇਸ ਤ੍ਰਿਪਤੀ ਦੇ ਨਾਲ ਹੀ ਪੰਜਾਬੀ ਮੁਟਿਆਰਾਂ ਦੇ ਦਿਲਾਂ ਵਿੱਚ ਉਮੰਗ, ਚਾਅ ਅਤੇ ਉਤਸ਼ਾਹ ਦੀਆਂ ਨਵੀਆਂ ਤਰੰਗਾਂ ਦੌੜ ਪੈਂਦੀਆ ਹਨ।

ਇਸੇ ਮਨਮੋਹਕ ਅਤੇ ਸੁਹਾਵਣੀ ਰੁੱਤ ਵਿੱਚ ਹੀ ਪੰਜਾਬਣ ਮੁਟਿਆਰਾਂ ਵੱਲੋਂ ਆਪਣਾ ਸਭ ਤੋਂ ਪਸੰਦੀਦਾ ਤੇ ਰੰਗਲਾ ਤਿਉਹਾਰ 'ਤੀਆਂ' ਮਨਾਇਆ ਜਾਂਦਾ ਹੈ। 'ਤੀਆਂ' ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਪੰਜਾਬੀ ਸੱਭਿਆਚਾਰ, ਲੋਕ-ਸਾਹਿਤ, ਪਰਿਵਾਰਕ ਰਿਸ਼ਤਿਆਂ ਅਤੇ ਨਾਰੀ ਜੀਵਨ ਦੀ ਕਲਾਤਮਕ ਤੇ ਰਚਨਾਤਮਕ ਅਮੀਰੀ ਦਾ ਪ੍ਰਤੀਕ ਹੈ। ਤੀਆਂ ਦਾ ਤਿਉਹਾਰ ਪੰਜਾਬ ਦੀ ਲੋਕ-ਵਿਰਾਸਤ ਦਾ ਅਨਮੋਲ ਗਹਿਣਾ ਹੈ।

ਤੀਆਂ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਵਾਲੇ ਦਿਨ ਸ਼ੁਰੂ ਹੁੰਦੀਆਂ ਹਨ ਅਤੇ ਪੂਰਨਮਾਸ਼ੀ ਨੂੰ ਖ਼ਤਮ ਹੋ ਜਾਂਦੀਆਂ ਹਨ। ਤੀਜ ਵਾਲੇ ਦਿਨ ਭਾਵ ਸਾਉਣ ਮਹੀਨੇ ਦੀ ਤਿੰਨ ਤਾਰੀਕ ਨੂੰ ਇਹ ਰੌਣਕਾਂ ਜੁੜਨ ਕਾਰਨ ਹੀ ਇਸ ਤਿਉਹਾਰ ਦਾ ਨਾਂ 'ਤੀਆਂ' ਪਿਆ ਹੈ। ਰਿਵਾਜ ਅਨੁਸਾਰ ਮਾਪੇ ਆਪਣੀਆਂ ਧੀਆਂ ਨੂੰ ਸਾਉਣ ਮਹੀਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਕੇ ਲੈ ਆਉਂਦੇ ਸਨ। ਅਸਲ ਵਿੱਚ ਤੀਆਂ ਦਾ ਤਿਉਹਾਰ ਧੀਆਂ-ਧਿਆਣੀਆਂ ਨੂੰ ਆਪਣੇ ਪੇਕੇ ਘਰ ਆਉਣ ਦਾ ਸੁਨੇਹਾ ਦਿੰਦਾ ਹੈ। ਵਿਆਹੀਆਂ ਹੋਈਆਂ ਮੁਟਿਆਰਾਂ ਲਈ ਸਾਉਣ ਦਾ ਮਹੀਨਾ ਇੱਕ ਨਵਾਂ ਖੇੜਾ ਲੈ ਕੇ ਆਉਂਦਾ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਆਵਾਜਾਈ ਦੇ ਸਾਧਨ ਘੱਟ ਸਨ ਤਾਂ ਮੁਟਿਆਰਾਂ ਸਾਲ-ਸਾਲ ਭਰ ਆਪਣੇ ਪੇਕੇ ਘਰ ਨਹੀਂ ਸਨ ਆ ਸਕਦੀਆਂ। ਸਾਉਣ ਦਾ ਮਹੀਨਾ ਆਉਂਦੇ ਹੀ ਵੀਰ ਆਪਣੀਆਂ ਭੈਣਾਂ ਨੂੰ ਸਹੁਰੇ ਘਰੋਂ ਲੈਣ ਜਾਂਦੇ ਸਨ। ਇਸ ਤਰ੍ਹਾਂ ਪੇਕੇ ਪਿੰਡ ਇਕੱਠੀਆਂ ਹੋਈਆਂ ਮੁਟਿਆਰਾਂ ਤੀਆਂ ਦੇ ਤਿਉਹਾਰ ਮੌਕੇ ਖ਼ੂਬ ਰੌਣਕਾਂ ਲਗਾਉਂਦੀਆਂ ਸਨ ਜਿਸ ਨੂੰ ਲੋਕ ਬੋਲੀਆਂ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ;

ਸਾਉਣ ਮਹੀਨਾ ਦਿਨ ਤੀਆਂ ਦੇ
ਸਭੇ ਸਹੇਲੀਆਂ ਆਈਆਂ
ਨੀਂ ਸੱਤੋਂ ਸ਼ਾਮੋ ਹੋਈਆਂ 'ਕੱਠੀਆਂ
ਵੱਡੇ ਘਰਾਂ ਦੀਆਂ ਜਾਈਆਂ
ਨੀਂ 'ਕਾਲੀਆਂ ਦੀ ਕਿੰਨੋ ਦਾ ਤਾਂ
ਚਾਅ ਚੁੱਕਿਆ ਨਾ ਜਾਵੇ
ਝੂਟਾ ਦੇ ਦਿਓ ਨੀਂ
ਮੇਰਾ ਲੱਕ ਹੁਲਾਰੇ ਖਾਵੇ।
***
ਸਾਉਣ ਮਹੀਨਾ ਦਿਨ ਤੀਆਂ ਦੇ
ਪਿੱਪਲੀ ਪੀਂਘਾਂ ਪਾਈਆਂ।
ਭਿੱਜ ਗਈ ਰੂਹ ਮਿੱਤਰਾ
ਸਾਉਣ ਘਟਾਂ ਚੜ੍ਹ ਆਈਆਂ।

ਇਸ ਮਹੀਨੇ ਸਹੁਰੇ ਪਰਿਵਾਰ ਵੱਲੋਂ ਪੇਕੇ ਗਈ ਵਿਆਹੁਤਾ ਨੂੰ ਸੰਧਾਰੇ ਦੇ ਰੂਪ ਵਿੱਚ ਸ਼ਗਨ ਭੇਜਿਆ ਜਾਂਦਾ ਹੈ। ਪੇਕੇ ਨਾ ਜਾ ਸਕਣ ਵਾਲੀ ਵਿਆਹੁਤਾ ਨੂੰ ਉਸ ਦੇ ਪੇਕੇ ਸੰਧਾਰਾ ਦੇਣ ਸਹੁਰੇ ਘਰ ਆਉਂਦੇ ਹਨ। ਸੰਧਾਰੇ ਵਿੱਚ ਕੱਪੜੇ, ਮਹਿੰਦੀ, ਸ਼ਿੰਗਾਰ ਦਾ ਸਾਮਾਨ ਅਤੇ ਮਠਿਆਈਆਂ ਆਦਿ ਸ਼ਾਮਿਲ ਹੁੰਦੀਆਂ ਹਨ। ਪੁਰਾਣੇ ਸਮੇਂ ਤੋਂ ਆਟੇ ਦੇ ਬਣੇ ਬਿਸਕੁਟ ਅਤੇ ਅਜੋਕੇ ਸਮੇਂ ਘਿਓਰ ਇਸ ਤਿਉਹਾਰ ਦੀ ਵਿਸ਼ੇਸ਼ ਸੌਗਾਤ ਹਨ। ਜਿਸ ਮੁਟਿਆਰ ਦੇ ਸੰਧਾਰੇ ਵਿੱਚ ਪੇਕਿਆਂ ਤੋਂ ਮਹਿੰਗੇ ਤੋਹਫ਼ੇ ਤੇ ਗਹਿਣੇ ਆਉਂਦੇ ਤਾਂ ਉਹ ਇਨ੍ਹਾਂ ਬੋਲੀਆਂ ਨਾਲ ਆਪਣੀ ਸ਼ਾਨ ਦਾ ਪ੍ਰਗਟਾਵਾ ਕਰਦੀ;

ਲੌਂਗ ਪੇਕਿਆਂ ਸੰਧਾਰੇ ਵਿੱਚ ਘੱਲਿਆ
ਸੁਰਜੇ ਦਾ ਨਗ ਜੜਿਆ।
ਪਿੰਡ ਸਹੁਰਿਆਂ ਦੇ ਬੈਠੀ ਜਦੋਂ ਪਾ ਕੇ
ਸ਼ਰੀਕਣੀ ਦੇ ਸੱਪ ਲੜਿਆ।

ਪੇਕਿਆਂ ਤੋਂ ਆਏ ਸੰਧਾਰੇ ਵਿੱਚ ਆਏ ਸਾਮਾਨ ਨੂੰ ਬੋਲੀ ਵਿੱਚ ਹੀ ਮੁਟਿਆਰ ਕੁਝ ਇਸ ਤਰ੍ਹਾਂ ਬਿਆਨ ਕਰਦੀ;

ਸਾਉਣ ਮਹੀਨੇ ਸੰਧਾਰਾ ਆਇਆ
ਭੈਣ ਲਈ ਵੀਰ ਲਿਆਇਆ
ਘਿਓਰ, ਜਲੇਬੀਆਂ, ਸੂਟ ਤੇ ਮਹਿੰਦੀ
ਚਾਅ ਅੰਬਰਾਂ ਤੱਕ ਛਾਇਆ
ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ 'ਤੇ ਆਈਆਂ।

ਕੋਈ ਸਮਾਂ ਸੀ ਜਦੋਂ ਤੀਆਂ ਦੇ ਦਿਨਾਂ ਵਿੱਚ ਪਿੰਡਾਂ ਦਾ ਮਾਹੌਲ ਬੇਹੱਦ ਖ਼ੂਬਸੂਰਤ ਤੇ ਖ਼ੁਸ਼ਨੁਮਾ ਹੋ ਜਾਂਦਾ ਸੀ। ਪਿੰਡ ਤੋਂ ਬਾਹਰ ਕਿਸੇ ਖੁੱਲ੍ਹੇ ਮੈਦਾਨ, ਪਿੱਪਲ ਜਾਂ ਬੋਹੜ ਦੀ ਠੰਢੀ ਛਾਂ ਹੇਠ ਤੀਆਂ ਦਾ ਪਿੜ ਲੱਗਦਾ ਸੀ। ਢਲਦੇ ਸੂਰਜ ਦੀ ਲੋਅ ਵਿੱਚ ਰੰਗ-ਬਰੰਗੇ ਸੂਟ, ਫੁਲਕਾਰੀਆਂ ਅਤੇ ਹੱਥਾਂ ਉੱਤੇ ਮਹਿੰਦੀ ਸਜਾ ਕੇ ਮੁਟਿਆਰਾਂ ਤੀਆਂ ਮਨਾਉਣ ਲਈ ਇਕੱਠੀਆਂ ਹੁੰਦੀਆਂ ਸਨ। ਉੱਚੇ-ਉੱਚੇ ਰੁੱਖਾਂ ਉੱਤੇ ਪੀਂਘਾਂ ਪਾਈਆਂ ਜਾਂਦੀਆਂ ਸਨ। ਪਿੱਪਲ ਦੇ ਦਰੱਖ਼ਤ ਦਾ ਤੀਆਂ ਅਤੇ ਪੀਂਘ ਨਾਲ ਮੁੱਢ ਤੋਂ ਹੀ ਡੂੰਘਾ ਰਿਸ਼ਤਾ ਰਿਹਾ ਹੈ।

ਤੀਆਂ ਮੌਕੇ ਇਕੱਠੀਆਂ ਹੋਈਆ ਮੁਟਿਆਰਾਂ ਅੰਬਰਾਂ ਨੂੰ ਛੂਹਣ ਦੀਆਂ ਰੀਝਾਂ ਨਾਲ ਉੱਚੀ ਪੀਂਘ ਚੜ੍ਹਾਉਂਦੀਆਂ ਸਨ। ਪੀਂਘ ਦੇ ਇਹ ਹੁਲਾਰੇ ਪੰਜਾਬੀ ਕੁੜੀਆਂ ਦੇ ਆਜ਼ਾਦ ਤੇ ਬੇਬਾਕ ਸੁਭਾਅ ਨੂੰ ਪ੍ਰਗਟ ਕਰਦੇ ਸਨ। ਮੁਟਿਆਰਾਂ ਤੀਆਂ ਮੌਕੇ ਲੋਕ ਬੋਲੀਆਂ ਤੇ ਲੋਕ-ਨਾਚਾਂ ਰਾਹੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੀ ਨਹੀਂ ਕਰਦੀਆਂ ਸਗੋਂ ਇਹ ਪੰਜਾਬੀ ਔਰਤ ਦੀ ਜ਼ਿੰਦਾਦਿਲੀ, ਹਾਸੇ-ਮਜ਼ਾਕ, ਸੂਝ-ਬੂਝ ਅਤੇ ਸਮਾਜਿਕ ਚੇਤਨਾ ਦਾ ਪ੍ਰਗਟਾਵਾ ਹੈ। ਬੋਲੀਆਂ ਵਿੱਚ ਸਮਾਜਿਕ ਵਿਅੰਗ, ਪਰਿਵਾਰਕ ਸਬੰਧ, ਪ੍ਰੇਮ ਅਤੇ ਜੀਵਨ ਦੇ ਅਨੇਕ ਪੱਖ ਬੜੀ ਸਾਦਗੀ ਨਾਲ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਬੋਲੀਆਂ ਤੇ ਗੀਤਾਂ ਵਿੱਚ ਪੇਕੇ ਘਰ ਦਾ ਪਿਆਰ, ਵੀਰੇ, ਬਾਬਲ, ਸੱਸ-ਨਣਦ ਦੇ ਰਿਸ਼ਤੇ ਅਤੇ ਸਾਉਣ ਦੀ ਰੁੱਤ ਦਾ ਸੁੰਦਰ ਵਰਣਨ ਹੁੰਦਾ ਹੈ।

ਤੀਆਂ ਦੀ ਅਸਲ ਰੂਹ ਲੋਕ ਨਾਚ ਗਿੱਧਾ ਹੁੰਦਾ ਹੈ। ਢੋਲਕੀ ਦੀ ਥਾਪ ਅਤੇ ਤਾਲੀਆਂ ਦੀ ਗੂੰਜ ਵਿੱਚ ਜਦੋਂ ਮੁਟਿਆਰਾਂ ਗਿੱਧੇ ਦੇ ਪਿੜ ਵਿੱਚ ਉਤਰਦੀਆਂ ਤਾਂ ਸਾਰਾ ਮਾਹੌਲ ਸੰਗੀਤਮਈ ਹੋ ਜਾਂਦਾ ਹੈ। ਇਸ ਮੌਕੇ ਪਾਈਆਂ ਜਾਂਦੀਆਂ ਲੋਕ ਬੋਲੀਆਂ ਅਤੇ ਗੀਤਾਂ ਵਿੱਚ ਔਰਤਾਂ ਦੇ ਸੁੱਖ-ਦੁੱਖ, ਸਹੁਰੇ ਘਰ ਦੀਆਂ ਤਲਖ਼ੀਆਂ, ਪੇਕੇ ਪਰਿਵਾਰ ਦਾ ਅਥਾਹ ਮੋਹ, ਸੱਸ ਤੇ ਨਣਦ ਦੇ ਤਾਹਨੇ, ਵੀਰਾਂ ਦਾ ਪਿਆਰ ਅਤੇ ਆਪਣੀਆਂ ਬਚਪਨ ਦੀਆਂ ਸਹੇਲੀਆਂ ਨਾਲ ਸਾਂਝੀਆਂ ਕੀਤੀਆਂ ਯਾਦਾਂ ਸਮਾਈਆਂ ਹੁੰਦੀਆਂ ਹਨ। ਬੋਲੀਆਂ ਰਾਹੀਂ ਉਹ ਆਪਣੇ ਮਨ ਅੰਦਰ ਛੁਪੇ ਹਰ ਰਾਜ਼ ਨੂੰ ਆਸਾਨੀ ਨਾਲ ਬਾਹਰ ਕੱਢ ਲੈਂਦੀਆਂ ਸਨ। ਤੀਆਂ ਦੇ ਤਿਉਹਾਰ ਮੌਕੇ ਜਦੋਂ ਪੇਕਿਆਂ ਤੋਂ ਮੁਟਿਆਰ ਨੂੰ ਕੋਈ ਵੀ ਲੈਣ ਲਈ ਨਹੀਂ ਆਉਂਦਾ ਤਾਂ ਸੱਸ ਕਿਸ ਤਰ੍ਹਾਂ ਮਿਹਣਾ ਮਾਰਦੀ, ਉਸ ਨੂੰ ਇਸ ਬੋਲੀ ਵਿੱਚ ਖ਼ੂਬ ਪ੍ਰਗਟ ਕੀਤਾ ਗਿਆ ਹੈ;

ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਤੀਆਂ 'ਤੇ ਲੈਣ ਨਾ ਆਏ।

ਅੱਗਿਓਂ ਮੁਟਿਆਰ ਆਪਣੀ ਸੱਸ ਦੇ ਇਸ ਮਿਹਣੇ ਦਾ ਜਵਾਬ ਬੋਲੀ ਪਾ ਕੇ ਕੁਝ ਇਸ ਤਰ੍ਹਾਂ ਦਿੰਦੀ;

ਤੇਥੋਂ ਡਰਦੇ ਲੈਣ ਨਹੀਂ ਆਏ
ਸੱਸੇ ਨੀਂ ਵੜੇਵੇਂ ਅੱਖੀਏ।

ਸਮਾਜਿਕ ਅਤੇ ਮਾਨਸਿਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਤੀਆਂ ਸਿਰਫ਼ ਇੱਕ ਮਨੋਰੰਜਨ ਦਾ ਸਾਧਨ ਨਹੀਂ ਸਨ ਬਲਕਿ ਇਹ ਔਰਤਾਂ ਦੀ ਕਲਾ ਦੇ ਪ੍ਰਗਟਾਵੇ ਲਈ ਸੁਰੱਖਿਅਤ ਅਤੇ ਖੁੱਲ੍ਹਾ ਮੰਚ ਸੀ। ਪੁਰਾਣੇ ਸਮਿਆਂ ਵਿੱਚ ਔਰਤਾਂ ਉੱਤੇ ਸਮਾਜਿਕ ਪਾਬੰਦੀਆਂ ਬਹੁਤ ਜ਼ਿਆਦਾ ਹੋਣ ਕਾਰਨ ਉਹ ਤੀਆਂ ਮੌਕੇ ਸਾਰੇ ਬੰਧਨਾਂ ਤੋਂ ਮੁਕਤ ਹੋ ਕੇ ਖੁੱਲ੍ਹ ਕੇ ਜਿਊਂਦੀਆਂ ਅਤੇ ਗੀਤਾਂ ਤੇ ਲੋਕ ਬੋਲੀਆਂ ਰਾਹੀਂ ਆਪਣੇ ਮਨ ਦੇ ਵਲਵਲੇ ਪੇਸ਼ ਕਰ ਦਿੰਦੀਆਂ ਸਨ। ਬਚਪਨ ਦੀਆਂ ਸਹੇਲੀਆਂ ਨਾਲ ਮਿਲ ਕੇ ਹੱਸਣਾ-ਗਾਉਣਾ ਅਤੇ ਮਨ ਦਾ ਬੋਝ ਹੌਲਾ ਕਰਨਾ ਉਨ੍ਹਾਂ ਨੂੰ ਮਾਨਸਿਕ ਤਾਜ਼ਗੀ ਦਿੰਦਾ ਸੀ ਜੋ ਸਾਰੇ ਸਾਲ ਦੀਆਂ ਥਕਾਵਟਾਂ ਨੂੰ ਲਾਹ ਦਿੰਦਾ ਸੀ। ਤੀਆਂ ਦੀ ਰੌਣਕ ਦੀ ਸਮਾਪਤੀ ਮੁਟਿਆਰਾਂ ਇਨ੍ਹਾਂ ਬੋਲਾਂ ਨਾਲ ਕਰਦੀਆਂ;

ਤੀਆਂ ਤੀਜ ਦੀਆਂ
ਵਰ੍ਹੇ ਦਿਨਾਂ ਨੂੰ ਫੇਰ
ਤੀਆਂ ਤੀਜ ਦੀਆਂ।

ਅੱਜ ਦੇ ਮਸ਼ੀਨੀ, ਸ਼ਹਿਰੀਕਰਨ ਅਤੇ ਡਿਜੀਟਲ ਯੁੱਗ ਵਿੱਚ ਤੀਆਂ ਦੇ ਤਿਉਹਾਰ ਦਾ ਸਰੂਪ ਕਾਫ਼ੀ ਬਦਲ ਗਿਆ ਹੈ। ਪਿੰਡਾਂ ਵਿੱਚ ਖੁੱਲ੍ਹੇ ਵਿਹੜੇ, ਪਿੱਪਲਾਂ ਦੀਆਂ ਛਾਵਾਂ ਅਤੇ ਪਰੰਪਰਾਗਤ ਪੀਂਘਾਂ ਹੁਣ ਘੱਟ ਹੀ ਦੇਖਣ ਨੂੰ ਮਿਲਦੀਆਂ ਹਨ। ਅੱਜ ਇਹ ਤਿਉਹਾਰ ਸਕੂਲਾਂ, ਕਾਲਜਾਂ, ਹੋਟਲਾਂ ਅਤੇ ਸੱਭਿਆਚਾਰਕ ਮੰਚਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਲੋਕ-ਗੀਤਾਂ ਅਤੇ ਪਰੰਪਰਾਗਤ ਢੋਲਕੀ ਦੀ ਥਾਂ ਅੱਜ ਡੀ.ਜੇ. ਅਤੇ ਰਿਕਾਰਡ ਕੀਤੇ ਗਾਣਿਆਂ ਨੇ ਲੈ ਲਈ ਹੈ। ਤੀਆਂ ਦੇ ਇਸ ਬਦਲੇ ਸਰੂਪ ਨਾਲ ਇਸ ਤਿਉਹਾਰ ਦੀ ਰੂਹਾਨੀ ਮਹਿਕ ਵਿੱਚ ਕੁਝ ਕਮੀ ਜ਼ਰੂਰ ਆਈ ਹੈ, ਪਰ ਚੰਗੀ ਗੱਲ ਇਹ ਹੈ ਕਿ ਸਮੇਂ ਦੀ ਤਬਦੀਲੀ ਤੇ ਆਧੁਨਿਕਤਾ ਦੇ ਦੌਰ ਵਿੱਚ ਵੀ ਪੰਜਾਬੀ ਸਮਾਜ ਨੇ ਆਪਣੇ ਇਸ ਵਿਰਸੇ ਨੂੰ ਵਿਸਾਰਿਆ ਨਹੀਂ ਹੈ। ਅੱਜ ਵੀ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਸੱਭਿਆਚਾਰਕ ਸੰਸਥਾਵਾਂ ਵੱਲੋਂ ਤੀਆਂ ਦੀਆਂ ਰੌਣਕਾਂ ਜੁੜਦੀਆਂ ਹਨ, ਜਿੱਥੇ ਨਵੀਂ ਪੀੜ੍ਹੀ ਨੂੰ ਪਰੰਪਰਾਗਤ ਪੰਜਾਬੀ ਪਹਿਰਾਵੇ ਅਤੇ ਅਮੀਰ ਵਿਰਸੇ ਨਾਲ ਜੋੜਿਆ ਜਾਂਦਾ ਹੈ। ਇਹੋ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦੀ ਰੂਹ, ਨਾਰੀ ਸ਼ਕਤੀ ਦੀ ਆਜ਼ਾਦੀ ਅਤੇ ਭਾਈਚਾਰਕ ਸਾਂਝ ਦਾ ਇੱਕ ਜਿਊਂਦਾ-ਜਾਗਦਾ ਨਮੂਨਾ ਹੈ। ਇਹ ਸਾਨੂੰ ਕੁਦਰਤ ਨਾਲ ਜੁੜਨ ਅਤੇ ਆਪਣੀਆਂ ਜੜ੍ਹਾਂ ਨਾਲ ਸਾਂਝ ਪੱਕੀ ਕਰਨ ਦਾ ਸੁਨੇਹਾ ਦਿੰਦਾ ਹੈ। ਅੱਜ ਦੇ ਜ਼ੋਰ-ਸ਼ੋਰ ਨਾਲ ਬਦਲ ਰਹੇ ਸਮੇਂ ਵਿੱਚ ਤੀਆਂ ਵਰਗੇ ਤਿਉਹਾਰਾਂ ਨੂੰ ਰਵਾਇਤੀ ਢੰਗ ਨਾਲ ਮਨਾਉਣ ਦੇ ਯਤਨ ਜਾਰੀ ਰਹਿਣੇ ਚਾਹੀਦੇ ਹਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਪੰਜਾਬੀ ਸੱਭਿਆਚਾਰ ਦੀ ਇਸ ਅਮੀਰੀ ਦਾ ਅਨੰਦ ਮਾਣਦੀਆਂ ਰਹਿਣ।

# ਕੈਨੇਡਾ 'ਚ ਪੰਜਾਬੀਆਂ ਦੇ ਗਿੱਧੇ ਤੇ ਭੰਗੜੇ ਨੇ ਗੋਰੇ ਨਚਾਏ

## 55ਵੇਂ ਫੋਕਲੋਰਾਮਾ ਫੈਸਟੀਵਲ 'ਚ ਸੱਭਿਆਚਾਰਕ ਪਰੰਪਰਾਵਾਂ, ਸੰਗੀਤ, ਨਾਚ, ਖਾਣ-ਪੀਣ ਅਤੇ ਕਲਾਵਾਂ ਦੀ ਝਲਕ ਪੇਸ਼



ਵਿਨੀਪੈਗ/ਏ.ਟੀ.ਨਿਊਜ਼: ਵਿਨੀਪੈਗ ਵਿੱਚ ਦੋ ਹਫ਼ਤਿਆਂ ਤੱਕ ਚੱਲਿਆ 55ਵਾਂ ਫੋਕਲੋਰਾਮਾ ਫੈਸਟੀਵਲ ਵੱਡੀ ਗਿਣਤੀ ਵਿੱਚ ਦਰਸ਼ਕਾਂ ਦੀ ਸ਼ਮੂਲੀਅਤ ਅਤੇ ਵੱਖ-ਵੱਖ ਭਾਈਚਾਰਿਆਂ ਦੇ ਸੱਭਿਆਚਾਰਕ ਮਾਣ ਨਾਲ ਯਾਦਗਾਰ ਬਣ ਕੇ ਸਮਾਪਤ ਹੋ ਗਿਆ। 14 ਦਿਨਾਂ ਦੇ ਇਸ ਮੇਲੇ ਦੌਰਾਨ ਵਿਨੀਪੈਗ ਦੇ 30 ਵੱਖ-ਵੱਖ ਸਥਾਨਾਂ 'ਤੇ 45 ਪਵੇਲੀਅਨਾਂ ਨੇ ਦੁਨੀਆ ਭਰ ਦੀਆਂ ਸੱਭਿਆਚਾਰਕ ਪਰੰਪਰਾਵਾਂ, ਸੰਗੀਤ, ਨਾਚ, ਖਾਣ-ਪੀਣ ਅਤੇ ਕਲਾਵਾਂ ਦੀ ਝਲਕ ਪੇਸ਼ ਕੀਤੀ। ਇਸ ਵਾਰ ਫੋਕਲੋਰਾਮਾ ਵਿੱਚ 3,62,397 ਦਰਸ਼ਕਾਂ ਨੇ ਸ਼ਮੂਲੀਅਤ ਕੀਤੀ, ਜਦਕਿ ਕੁਲ 972 ਸ਼ੋਅ ਅਤੇ ਲੇਟ-ਨਾਈਟ ਪਾਰਟੀਆਂ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ।

ਇਸ ਸਾਲ ਫੈਸਟੀਵਲ ਦੀ ਵਾਤਾਵਰਨ-ਪੱਖੀ ਪਹਿਲਕਦਮੀ ਵੀ ਖ਼ਾਸ ਰਹੀ। ਪੂਰੇ ਫੈਸਟੀਵਲ ਵਿੱਚ ਸ਼ੁਰੂ ਕੀਤੇ ਗਏ ਨਵੇਂ ਕੰਪੋਸਟਿੰਗ ਪ੍ਰੋਗਰਾਮ ਰਾਹੀਂ ਅੰਦਾਜ਼ਨ 15,000 ਕਿਲੋਗ੍ਰਾਮ ਕੂੜਾ ਲੈਂਡ ਫਿੱਲ ਵਿੱਚ ਜਾਣ ਤੋਂ ਰੋਕਿਆ ਗਿਆ। ਫੋਕਲੋਰਾਮਾ ਦੇ ਕਈ ਸ਼ੋਅ ਪਹਿਲਾਂ ਹੀ ਹਾਊਸ ਫੁੱਲ ਹੋ ਗਏ ਸਨ। ਇਸ ਸਾਲ ਵਧੇਰੇ ਵਿਕਲਪਾਂ ਦੇ ਬਾਵਜੂਦ 7,014 ਦਰਸ਼ਕਾਂ ਨੇ ਕੁਲ 195 ਕਸਟਮ ਗਰੁੱਪ ਅਤੇ ਵੀਆਈਪੀ ਟੂਰਾਂ ਰਾਹੀਂ ਫੋਕਲੋਰਾਮਾ ਦਾ ਤਜਰਬਾ ਹਾਸਲ ਕੀਤਾ। ਇਨ੍ਹਾਂ ਵਿੱਚ ਵਿਨੀਪੈਗ ਟਰਾਲੀ ਕੰਪਨੀ ਅਤੇ ਪੈਡਲ ਪੱਬ ਵਿਨੀਪੈਗ ਦੇ ਸਹਿਯੋਗ ਨਾਲ ਤਿਆਰ ਕੀਤੇ ਵਿਸ਼ੇਸ਼ ਥੀਮ ਵਾਲੇ ਟੂਰ ਵੀ ਸ਼ਾਮਲ ਸਨ।

ਫੋਕਲੋਰਾਮਾ ਦੀ ਕਾਰਜਕਾਰੀ ਡਾਇਰੈਕਟਰ ਟੇਰੇਸਾ ਕੋਰਨੇਲੀਓ ਨੇ ਕਿਹਾ ਕਿ ਹਰ ਪਵੇਲੀਅਨ ਦਰਸ਼ਕਾਂ ਨੂੰ ਆਪਣਾ ਵਿਲੱਖਣ ਸੱਭਿਆਚਾਰਕ ਤਜਰਬਾ ਦਿੰਦਾ ਹੈ, ਪਰ ਇਨ੍ਹਾਂ ਸਾਰਿਆਂ ਨੂੰ ਜੋੜਨ ਵਾਲੀ ਸਭ ਤੋਂ ਵੱਡੀ ਤਾਕਤ ਉੱਥੇ ਸੇਵਾ ਕਰ ਰਹੇ ਵਲੰਟੀਅਰ ਹਨ। ਉਨ੍ਹਾਂ ਮੁਤਾਬਕ ਇਹੀ ਲੋਕ ਫੋਕਲੋਰਾਮਾ ਦੀ ਰੂਹ ਹਨ ਅਤੇ ਇਸ ਮੇਲੇ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਫਲਤਾ ਦਾ ਮੁੱਖ ਕਾਰਨ ਵੀ ਹਨ। ਇਸ ਸਾਲ ਫੈਸਟੀਵਲ ਦੌਰਾਨ 40,264 ਵਲੰਟੀਅਰਾਂ ਵੱਲੋਂ ਮੇਲੇ ਨੂੰ ਕਾਮਯਾਬ ਕੀਤਾ ਗਿਆ। ਕੋਰਨੇਲੀਓ ਨੇ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦੋਂ ਲੋਕ ਕਿਸੇ ਨਵੇਂ ਭੋਜਨ, ਨਾਚ ਜਾਂ ਸੱਭਿਆਚਾਰਕ ਰਿਵਾਜ ਨਾਲ ਜਾਣੂ ਹੁੰਦੇ ਹਨ ਅਤੇ ਉਸ ਦੀ ਖ਼ੁਸ਼ੀ ਸਾਂਝੀ ਕਰਦੇ ਹਨ ਤਾਂ ਇਹੀ ਪਲ ਫੋਕਲੋਰਾਮਾ ਨਾਲ ਜੁੜੇ ਲੋਕਾਂ ਨੂੰ ਅੱਗੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ।

ਇਸ ਸਾਲ ਪੰਜਾਬ ਪਵੇਲੀਅਨ ਵੀ ਫੋਕਲੋਰਾਮਾ ਦੀ ਰੌਣਕ ਦਾ ਇੱਕ ਖ਼ਾਸ ਕੇਂਦਰ ਰਿਹਾ। ਪੰਜਾਬੀ ਸੰਗੀਤ, ਲੋਕ ਨਾਚ, ਰਵਾਇਤੀ ਸੱਭਿਆਚਾਰ ਅਤੇ ਭੋਜਨ ਨੇ ਦਰਸ਼ਕਾਂ ਨੂੰ ਪੰਜਾਬ ਦੀ ਰੰਗੀਨ ਵਿਰਾਸਤ ਨਾਲ ਜੋੜਿਆ। ਪੰਜਾਬ ਪਵੇਲੀਅਨ ਦੇ ਪ੍ਰੋਗਰਾਮਾਂ ਵਿੱਚ ਭੰਗੜਾ, ਸਾਜ਼, ਪੰਜਾਬੀ ਨਾਚ ਤੋਂ ਇਲਾਵਾ ਅਮਨ ਦੀ ਟੀਮ 'ਤ੍ਰਿੰਜਣ ਆਰਟਸ' ਵੱਲੋਂ ਪੇਸ਼ ਕੀਤਾ ਗਿਆ ਵਿਸ਼ੇਸ਼ ਗਿੱਧਾ ਵੀ ਖ਼ਾਸ ਖਿੱਚ ਦਾ ਕੇਂਦਰ ਬਣਿਆ। ਪੰਜਾਬ ਦੀਆਂ ਧੀਆਂ ਦੇ ਜੋਸ਼, ਬੋਲੀਆਂ ਅਤੇ ਰਵਾਇਤੀ ਅੰਦਾਜ਼ ਨਾਲ ਸਜੇ ਇਸ ਗਿੱਧੇ ਨੇ ਦਰਸ਼ਕਾਂ ਨੂੰ ਪੰਜਾਬ ਦੀ ਲੋਕ-ਨਾਚ ਪਰੰਪਰਾ ਦੀ ਜੀਵੰਤ ਝਲਕ ਦਿਖਾਈ। ਗਿੱਧੇ ਦੀ ਪੇਸ਼ਕਾਰੀ ਨੇ ਖ਼ਾਸ ਤੌਰ 'ਤੇ ਇਹ ਦਰਸਾਇਆ ਕਿ ਵਿਦੇਸ਼ੀ ਧਰਤੀ 'ਤੇ ਰਹਿੰਦਿਆਂ ਵੀ ਪੰਜਾਬੀ ਨਵੀਂ ਪੀੜ੍ਹੀ ਆਪਣੀ ਭਾਸ਼ਾ, ਲੋਕ-ਕਲਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਮਾਣ ਨਾਲ ਅੱਗੇ ਲੈ ਕੇ ਜਾ ਰਹੀ ਹੈ।

ਇੰਡੀਆ ਪਵੇਲੀਅਨ ਨੇ ਦਰਸ਼ਕਾਂ ਨੂੰ ਭਾਰਤ ਦੀ ਵਿਭਿੰਨਤਾ ਨਾਲ ਰੂਬਰੂ ਕਰਵਾਇਆ। ਵੱਖ-ਵੱਖ ਖੇਤਰਾਂ ਦੇ ਸੰਗੀਤ, ਨਾਚ, ਪਹਿਰਾਵਿਆਂ, ਸੱਭਿਆਚਾਰਕ ਰਵਾਇਤਾਂ ਅਤੇ ਭਾਰਤੀ ਖਾਣਿਆਂ ਨੇ ਭਾਰਤ ਦੀ 'ਵਿਭਿੰਨਤਾ ਵਿੱਚ ਏਕਤਾ' ਦੀ ਤਸਵੀਰ ਪੇਸ਼ ਕੀਤੀ। ਪੰਜਾਬ ਪਵੇਲੀਅਨ ਅਤੇ ਇੰਡੀਆ ਪਵੇਲੀਅਨ ਵਰਗੇ ਪਵੇਲੀਅਨਾਂ ਦੀ ਮੌਜੂਦਗੀ ਨੇ ਫੋਕਲੋਰਾਮਾ ਦੇ ਉਸ ਮਕਸਦ ਨੂੰ ਹੋਰ ਮਜ਼ਬੂਤ ਕੀਤਾ ਜਿਸ ਤਹਿਤ ਵੱਖ-ਵੱਖ ਭਾਈਚਾਰਿਆਂ ਨੂੰ ਆਪਣੀ ਪਛਾਣ ਮਨਾਉਣ ਅਤੇ ਦੂਜਿਆਂ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜਾਣੂ ਕਰਵਾਉਣ ਦਾ ਮੌਕਾ ਮਿਲਦਾ ਹੈ। ਫੋਕਲੋਰਾਮਾ ਨੂੰ 30 ਤੋਂ ਵੱਧ ਲੰਬੇ ਸਮੇਂ ਤੋਂ ਸਹਿਯੋਗ ਦੇ ਰਹੇ ਭਾਈਵਾਲਾਂ ਦਾ ਸਹਿਯੋਗ ਪ੍ਰਾਪਤ ਹੈ।






# ਅਸਫ਼ਲਤਾ ਤੋਂ ਨਾ ਘਬਰਾਉਣ ਬੱਚੇ

ਜਗਜੀਤ ਸਿੰਘ

ਮੌਜੂਦਾ ਸਿੱਖਿਆ ਪ੍ਰਣਾਲੀ ਗਿਆਨ, ਹੁਨਰ ਤੇ ਨਵੀਨਤਾ ਦੇ ਨਵੇਂ ਰਾਹ ਖੋਲ੍ਹ ਰਹੀ ਹੈ ਪਰ ਇਸ ਦੇ ਨਾਲ-ਨਾਲ ਇਹ ਅਜਿਹੀ ਹਕੀਕਤ ਵੀ ਸਾਡੇ ਸਾਹਮਣੇ ਲਿਆ ਰਹੀ ਹੈ, ਜਿਸ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਅੰਕਾਂ, ਰੈਂਕਾਂ ਤੇ ਸਫਲਤਾ ਦੀ ਲਗਾਤਾਰ ਦੌੜ ਨੇ ਬਹੁਤ ਸਾਰੇ ਵਿਦਿਆਰਥੀਆਂ ਦੇ ਬਚਪਨ ਦੀ ਸਹਿਜਤਾ, ਮਾਨਸਿਕ ਸ਼ਾਂਤੀ ਤੇ ਭਾਵਨਾਤਮਿਕ ਸੰਤੁਲਨ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖਿਆ ਦਾ ਉਦੇਸ਼ ਕੇਵਲ ਪ੍ਰੀਖਿਆਵਾਂ ਵਿਚ ਸਫਲਤਾ ਹਾਸਲ ਕਰਨਾ ਨਹੀਂ ਸਗੋਂ ਅਜਿਹੇ ਵਿਅਕਤੀ ਦਾ ਨਿਰਮਾਣ ਕਰਨਾ ਹੈ, ਜੋ ਜੀਵਨ ਦੀਆਂ ਚੁਣੌਤੀਆਂ ਦਾ ਸਾਹਸ, ਸੰਜਮ ਤੇ ਆਤਮ-ਵਿਸ਼ਵਾਸ ਨਾਲ ਸਾਹਮਣਾ ਕਰ ਸਕੇ। ਅੱਜ ਨੌਵੀਂ ਜਮਾਤ ਤੋਂ ਲੈ ਕੇ ਉੱਚ ਸਿੱਖਿਆ ਤੱਕ ਦਾ ਪੜਾਅ ਵਿਦਿਆਰਥੀਆਂ ਲਈ ਬਹੁਤ ਸੰਵੇਦਨਸ਼ੀਲ ਬਣ ਚੁੱਕਿਆ ਹੈ। ਕੈਰੀਅਰ ਦੀ ਚਿੰਤਾ, ਸਮਾਜਿਕ ਤੁਲਨਾ, ਮੁਕਾਬਲੇ ਦਾ ਵਧਦਾ ਦਬਾਅ ਤੇ ਉਮੀਦਾਂ ਦਾ ਬੋਝ ਕਈ ਬੱਚਿਆਂ ਨੂੰ ਅੰਦਰੋਂ ਤੋੜ ਰਿਹਾ ਹੈ। ਅਸੀਂ ਅਕਸਰ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮਾਪਦੇ ਹਾਂ ਪਰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਸਮਾਂ ਨਹੀਂ ਕੱਢਦੇ। ਜਦੋਂ ਬੱਚੇ ਨੂੰ ਲੱਗਣ ਲੱਗ ਪੈਂਦਾ ਹੈ ਕਿ ਉਸ ਦੀ ਪਛਾਣ ਸਿਰਫ਼ ਉਸ ਦੇ ਅੰਕਾਂ ਨਾਲ ਹੈ ਤਾਂ ਅਸਫਲਤਾ ਦਾ ਇੱਕ ਪਲ ਵੀ ਉਸ ਨੂੰ ਜੀਵਨ ਦੀ ਪੂਰੀ ਹਾਰ ਜਾਪਣ ਲੱਗਦਾ ਹੈ। ਬਦਲਦੇ ਸਮਾਜਿਕ ਤੇ ਆਰਥਿਕ ਢਾਂਚੇ ਵਿੱਚ ਮਾਪਿਆਂ ਦਾ ਸੰਘਰਸ਼ ਵੀ ਘੱਟ ਨਹੀਂ। ਉਹ ਆਪਣੇ ਬੱਚਿਆਂ ਨੂੰ ਵਧੀਆ ਭਵਿੱਖ ਦੇਣ ਲਈ ਦਿਨ-ਰਾਤ ਮਿਹਨਤ ਕਰਦੇ ਹਨ ਪਰ ਜੀਵਨ ਦੀ ਇਸ ਦੌੜ ਵਿਚ ਕਈ ਵਾਰ ਬੱਚਿਆਂ ਨੂੰ ਸਭ ਤੋਂ ਵੱਧ ਲੋੜੀਂਦੀ ਚੀਜ਼ ਸਮਾਂ, ਸੰਵਾਦ ਤੇ ਭਾਵਨਾਤਮਿਕ ਸਹਾਰਾ ਉਨ੍ਹਾਂ ਤੋਂ ਦੂਰ ਹੋ ਜਾਂਦੀ ਹੈ। ਬੱਚੇ ਮਹਿੰਗੀਆਂ ਸਹੂਲਤਾਂ ਨਾਲੋਂ ਵੱਧ ਆਪਣੇ ਮਾਪਿਆਂ ਦੀ ਹਾਜ਼ਰੀ, ਭਰੋਸੇ ਤੇ ਹੌਸਲੇ ਦੀ ਉਡੀਕ ਕਰਦੇ ਹਨ। ਜਦੋਂ ਇਹ ਸਹਾਰਾ ਨਹੀਂ ਮਿਲਦਾ ਤਾਂ ਇਕੱਲੇਪਣ, ਤਣਾਅ ਅਤੇ ਨਿਰਾਸ਼ਾ ਹੌਲੀ-ਹੌਲੀ ਉਨ੍ਹਾਂ ਦੀ ਸੋਚ 'ਤੇ ਹਾਵੀ ਹੋਣ ਲੱਗਦੇ ਹਨ। ਇਹ ਵੀ ਇੱਕ ਹਕੀਕਤ ਹੈ ਕਿ ਅੱਜ ਬਹੁਤ ਸਾਰੇ ਵਿਦਿਆਰਥੀ ਆਪਣੇ ਸੁਪਨਿਆਂ ਨਾਲੋਂ ਵੱਧ ਦੂਜਿਆਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਵਿਚ ਲੱਗੇ ਹੋਏ ਹਨ। ਜਦੋਂ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਉਨ੍ਹਾਂ ਉਮੀਦਾਂ 'ਤੇ ਖਰੇ ਨਹੀਂ ਉਤਰ ਸਕੇ ਤਾਂ ਉਹ ਆਪਣੇ ਆਪ ਨੂੰ ਅਸਫਲ ਮੰਨਣ ਲੱਗ ਪੈਂਦੇ ਹਨ। ਅਜਿਹੇ ਸਮੇਂ ਵਿੱਚ ਕੁਝ ਵਿਦਿਆਰਥੀ ਨਿਰਾਸ਼ਾ ਵਿੱਚ ਅਜਿਹੇ ਫ਼ੈਸਲੇ ਵੀ ਲੈ ਬੈਠਦੇ ਹਨ, ਜਿਨ੍ਹਾਂ ਨਾਲ ਇੱਕ ਪਰਿਵਾਰ ਹੀ ਨਹੀਂ ਸਗੋਂ ਪੂਰਾ ਸਮਾਜ ਡੂੰਘੇ ਦੁੱਖ ਵਿੱਚ ਡੁੱਬ ਜਾਂਦਾ ਹੈ। ਹਰ ਅਜਿਹੀ ਘਟਨਾ ਸਾਡੇ ਲਈ ਚਿਤਾਵਨੀ ਹੈ ਕਿ ਸਾਨੂੰ ਸਿੱਖਿਆ ਦੇ ਅਰਥ ਨੂੰ ਮੁੜ ਸਮਝਣ ਦੀ ਲੋੜ ਹੈ।

ਖ਼ੁਸ਼ੀ ਦੀ ਗੱਲ ਹੈ ਕਿ ਰਾਸ਼ਟਰੀ ਸਿੱਖਿਆ ਨੀਤੀ-2020 ਨੇ ਇਸ ਦਿਸ਼ਾ 'ਚ ਨਵੀਂ ਸੋਚ ਪੇਸ਼ ਕੀਤੀ ਹੈ। ਇਸ ਵਿੱਚ ਰਟਨ-ਕੇਂਦਰਿਤ ਸਿੱਖਿਆ ਦੀ ਥਾਂ ਸਮਝ, ਰਚਨਾਤਮਕਿਤਾ, ਜੀਵਨ-ਕੌਸ਼ਲ, ਲਚਕੀਲੇਪਣ, ਮਾਨਸਿਕ ਸਿਹਤ ਅਤੇ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਇਹ ਨੀਤੀ ਸਿੱਖਿਆ ਨੂੰ ਮਨੁੱਖ-ਕੇਂਦਰਿਤ ਬਣਾਉਣ ਦਾ ਮਹੱਤਵਪੂਰਨ ਯਤਨ ਹੈ। ਹਾਲਾਂਕਿ ਇਸ ਦੀ ਭਾਵਨਾ ਅਜੇ ਹਰ ਸਕੂਲ ਅਤੇ ਹਰ ਵਿਦਿਆਰਥੀ ਤੱਕ ਪੂਰੀ ਤਰ੍ਹਾਂ ਨਹੀਂ ਪਹੁੰਚ ਸਕੀ। ਉਮੀਦ ਹੈ ਕਿ ਆਉਣ ਵਾਲੇ ਸਮੇਂ 'ਚ ਇਸ ਦਾ ਪ੍ਰਭਾਵੀ ਤੇ ਇਮਾਨਦਾਰਾ ਨਾਲ ਲਾਗੂ ਕਰਨਾ ਸਿੱਖਿਆ ਨੂੰ ਅੰਕਾਂ ਦੀ ਦੌੜ ਤੋਂ ਕੱਢ ਕੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵੱਲ ਲਿਜਾਵੇਗਾ। ਹੁਣ ਸਮਾਂ ਆ ਗਿਆ ਹੈ ਕਿ ਸਕੂਲਾਂ ਵਿੱਚ ਮਨੋਵਿਗਿਆਨਕ ਸਲਾਹ-ਮਸ਼ਵਰੇ, ਜੀਵਨ-ਕੌਸ਼ਲ ਸਿੱਖਿਆ, ਭਾਵਨਾਤਮਕ ਸਾਖਰਤਾ ਤੇ ਸਕਾਰਾਤਮਕ ਪ੍ਰੇਰਣਾ ਨੂੰ ਸਿੱਖਿਆ ਦਾ ਲਾਜ਼ਮੀ ਹਿੱਸਾ ਬਣਾਇਆ ਜਾਵੇ। ਅਧਿਆਪਕਾਂ ਦੀ ਭੂਮਿਕਾ ਕੇਵਲ ਪਾਠ ਪੜ੍ਹਾਉਣ ਤੱਕ ਸੀਮਤ ਨਹੀਂ ਰਹਿ ਸਕਦੀ, ਉਨ੍ਹਾਂ ਨੂੰ ਬੱਚਿਆਂ ਦੇ ਮਨ ਨੂੰ ਪੜ੍ਹਨ ਵਾਲਾ ਮਾਰਗ-ਦਰਸ਼ਕ ਵੀ ਬਣਨਾ ਪਵੇਗਾ। ਇਸੇ ਤਰ੍ਹਾਂ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਦੀ ਤੁਲਨਾ ਕਰਨ ਦੀ ਬਜਾਏ ਉਨ੍ਹਾਂ ਦੀ ਸਮਰੱਥਾ, ਰੁਚੀ ਤੇ ਭਾਵਨਾਵਾਂ ਨੂੰ ਸਮਝਣਾ ਹੋਵੇਗਾ।

ਹਰ ਬੱਚੇ ਨੂੰ ਇਹ ਵਿਸ਼ਵਾਸ ਮਿਲਣਾ ਚਾਹੀਦਾ ਹੈ ਕਿ ਇੱਕ ਪ੍ਰੀਖਿਆ, ਇੱਕ ਨਤੀਜਾ ਜਾਂ ਇੱਕ ਅਸਫਲਤਾ ਉਸ ਦੀ ਪੂਰੀ ਜ਼ਿੰਦਗੀ ਦਾ ਫ਼ੈਸਲਾ ਨਹੀਂ ਕਰਦੀ। ਜ਼ਿੰਦਗੀ ਮੌਕਿਆਂ ਦਾ ਨਾਂਅ ਹੈ ਅਤੇ ਹਰ ਵਿਅਕਤੀ ਦੀ ਮੰਜ਼ਿਲ ਵੱਖਰੀ ਹੋ ਸਕਦੀ ਹੈ। ਅਸਲ ਸਿੱਖਿਆ ਉਹੀ ਹੈ, ਜੋ ਬੱਚੇ ਨੂੰ ਡਿੱਗਣ ਤੋਂ ਬਾਅਦ ਦੁਬਾਰਾ ਖੜ੍ਹਾ ਹੋਣਾ ਸਿਖਾਵੇ, ਨਾ ਕਿ ਡਿੱਗਣ ਦੇ ਡਰ ਵਿੱਚ ਜਿਊਣਾ।

ਜੇ ਅਸੀਂ ਆਪਣੇ ਬੱਚਿਆਂ ਨੂੰ ਇਹ ਯਕੀਨ ਦਿਵਾ ਸਕੀਏ ਕਿ ਜ਼ਿੰਦਗੀ ਹਰ ਹਾਲ ਵਿਚ ਅਨਮੋਲ ਹੈ, ਹਰ ਔਖਾ ਸਮਾਂ ਲੰਘ ਜਾਂਦਾ ਹੈ ਤੇ ਹਰ ਅਸਫਲਤਾ ਆਪਣੇ ਅੰਦਰ ਨਵੀਂ ਸਿੱਖ ਛੁਪਾਈ ਬੈਠੀ ਹੁੰਦੀ ਹੈ, ਤਾਂ ਅਸੀਂ ਸੱਚੇ ਅਰਥਾਂ ਵਿਚ ਸਿੱਖਿਆ ਦਾ ਮਕਸਦ ਪੂਰਾ ਕਰ ਸਕਾਂਗੇ। ਆਓ ਅਸੀਂ ਅਜਿਹੀ ਸਿੱਖਿਆ ਪ੍ਰਣਾਲੀ ਦੀ ਸਿਰਜਣਾ ਕਰੀਏ, ਜਿੱਥੇ ਬੱਚਿਆਂ ਦੀ ਪਛਾਣ ਉਨ੍ਹਾਂ ਦੇ ਅੰਕਾਂ ਨਾਲ ਨਹੀਂ ਸਗੋਂ ਉਨ੍ਹਾਂ ਦੇ ਚਰਿੱਤਰ, ਚਿੰਤਨ, ਸੰਵੇਦਨਸ਼ੀਲਤਾ ਤੇ ਮਨੁੱਖਤਾ ਨਾਲ ਹੋਵੇ ਕਿਉਂਕਿ ਆਖ਼ਰਕਾਰ ਅੰਕਾਂ ਦੀ ਨਹੀਂ ਜ਼ਿੰਦਗੀ ਦੀ ਜਿੱਤ ਹੀ ਸਭ ਤੋਂ ਵੱਡੀ ਜਿੱਤ ਹੁੰਦੀ ਹੈ।

ਸਇੰਸ ਮਾਸਟਰ ਸਰਕਾਰੀ ਹਾਈ ਸਕੂਲ, ਰਾਏਪੁਰ।



# .ਗਲਤੀਆਂ ਤੋਂ ਸਿੱਖਣਾ ਹੀ ਅਸਲ ਕਾਮਯਾਬੀ

ਵਰਸ਼ਾ ਵਰਮਾ

ਇਨਸਾਨ ਦੀ ਜ਼ਿੰਦਗੀ ਅਜਿਹੀ ਪਾਠਸ਼ਾਲਾ ਹੈ, ਜਿੱਥੇ ਹਰ ਦਿਨ ਕੁਝ ਨਵਾਂ ਸਿੱਖਣ ਦਾ ਮੌਕਾ ਮਿਲਦਾ ਹੈ। ਇਸ ਪਾਠਸ਼ਾਲਾ 'ਚ ਕੋਈ ਵੀ ਵਿਅਕਤੀ ਬਿਨਾਂ ਗ਼ਲਤੀਆਂ ਕੀਤਿਆਂ ਅੱਗੇ ਨਹੀਂ ਵੱਧ ਸਕਦਾ। ਖ਼ਾਸ ਕਰਕੇ ਬੱਚਿਆਂ ਲਈ ਇਹ ਗੱਲ ਸਮਝਣਾ ਬਹੁਤ ਜ਼ਰੂਰੀ ਹੈ ਕਿ ਗ਼ਲਤੀਆਂ ਕਰਨਾ ਕਮਜ਼ੋਰੀ ਨਹੀਂ ਸਗੋਂ ਸਿੱਖਣ ਦੀ ਪਹਿਲੀ ਪੌੜੀ ਹੈ। ਜਿਹੜਾ ਬੱਚਾ ਆਪਣੀਆਂ ਭੁੱਲਾਂ ਤੋਂ ਸਬਕ ਲੈਂਦਾ ਹੈ, ਉਹੀ ਅੱਗੇ ਚੱਲ ਕੇ ਕਾਮਯਾਬ, ਆਤਮ-ਵਿਸ਼ਵਾਸੀ ਤੇ ਚੰਗਾ ਇਨਸਾਨ ਬਣਦਾ ਹੈ। ਇਸ ਲਈ ਗ਼ਲਤੀਆਂ 'ਤੇ ਮਲਾਲ ਕਰਨ ਦੀ ਬਜਾਏ ਉਨ੍ਹਾਂ ਨੂੰ ਸੁਧਾਰਨ ਤੇ ਦੂਜਿਆਂ ਲਈ ਚੰਗੀ ਮਿਸਾਲ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਬਚਪਨ ਸਿੱਖਣ ਦਾ ਸਭ ਤੋਂ ਮਹੱਤਵਪੂਰਨ ਸਮਾਂ ਹੁੰਦਾ ਹੈ। ਇਸ ਉਮਰ ਵਿੱਚ ਬੱਚੇ ਤੁਰਨਾ, ਬੋਲਣਾ, ਲਿਖਣਾ, ਪੜ੍ਹਨਾ, ਖੇਡਣਾ ਤੇ ਜੀਵਨ ਦੇ ਹੋਰ ਅਨੇਕ ਹੁਨਰ ਸਿੱਖਦੇ ਹਨ। ਜਦੋਂ ਕੋਈ ਛੋਟਾ ਬੱਚਾ ਪਹਿਲੀ ਵਾਰ ਤੁਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਕਈ ਵਾਰ ਡਿੱਗਦਾ ਹੈ ਪਰ ਉਹ ਡਿੱਗਣ ਤੋਂ ਡਰ ਕੇ ਤੁਰਨਾ ਨਹੀਂ ਛੱਡਦਾ। ਉਹ ਵਾਰ-ਵਾਰ ਉੱਠਦਾ ਹੈ ਤੇ ਆਖ਼ਰ ਸਹੀ ਤਰੀਕੇ ਨਾਲ ਤੁਰਨਾ ਸਿੱਖ ਜਾਂਦਾ ਹੈ। ਇਹੀ ਗੱਲ ਪੜ੍ਹਾਈ ਤੇ ਜੀਵਨ ਦੇ ਹਰ ਖੇਤਰ 'ਤੇ ਲਾਗੂ ਹੁੰਦੀ ਹੈ। ਜੇ ਅਸੀਂ ਇੱਕ ਵਾਰ ਦੀ ਅਸਫਲਤਾ ਤੋਂ ਨਿਰਾਸ਼ ਹੋ ਜਾਈਏ ਤਾਂ ਕਦੇ ਵੀ ਅੱਗੇ ਨਹੀਂ ਵੱਧ ਸਕਦੇ।

ਅੱਜ-ਕੱਲ੍ਹ ਬਹੁਤ ਸਾਰੇ ਬੱਚੇ ਪੜ੍ਹਾਈ ਦੌਰਾਨ ਛੋਟੀਆਂ-ਛੋਟੀਆਂ ਗ਼ਲਤੀਆਂ ਹੋਣ 'ਤੇ ਘਬਰਾ ਜਾਂਦੇ ਹਨ। ਜੇ ਕਿਸੇ ਪ੍ਰੀਖਿਆ 'ਚੋਂ ਘੱਟ ਅੰਕ ਆ ਜਾਣ ਜਾਂ ਕੋਈ ਸਵਾਲ ਗ਼ਲਤ ਹੋ ਜਾਵੇ ਤਾਂ ਉਹ ਖ਼ੁਦ ਨੂੰ ਦੂਜਿਆਂ ਨਾਲੋਂ ਘੱਟ ਸਮਝਣ ਲੱਗ ਪੈਂਦੇ ਹਨ। ਅਸਲ 'ਚ ਪ੍ਰੀਖਿਆ ਦੇ ਅੰਕ ਕਿਸੇ ਬੱਚੇ ਦੀ ਪੂਰੀ ਯੋਗਤਾ ਦਾ ਮਾਪਦੰਡ ਨਹੀਂ ਹੁੰਦੇ। ਜੇ ਕੋਈ ਬੱਚਾ ਆਪਣੀਆਂ ਕਮੀਆਂ ਨੂੰ ਪਛਾਣ ਕੇ ਹੋਰ ਮਿਹਨਤ ਕਰੇ ਤਾਂ ਉਹ ਅਗਲੀ ਵਾਰ ਪਹਿਲਾਂ ਨਾਲੋਂ ਵਧੀਆ ਨਤੀਜੇ ਹਾਸਲ ਕਰ ਸਕਦਾ ਹੈ। ਹਰ ਗ਼ਲਤੀ ਸਾਨੂੰ ਦੱਸਦੀ ਹੈ ਕਿ ਅਸੀਂ ਹੋਰ ਕਿੱਥੇ ਸੁਧਾਰ ਕਰਨ ਦੀ ਲੋੜ ਹੈ।

ਇਤਿਹਾਸ ਗਵਾਹ ਹੈ ਕਿ ਦੁਨੀਆ ਦੇ ਮਹਾਨ ਵਿਅਕਤੀਆਂ ਨੇ ਵੀ ਕਈ ਵਾਰ ਅਸਫਲਤਾਵਾਂ ਦਾ ਸਾਹਮਣਾ ਕੀਤਾ। ਉਨ੍ਹਾਂ ਨੇ ਕਦੇ ਵੀ ਆਪਣੀਆਂ ਭੁੱਲਾਂ ਜਾਂ ਅਸਫਲਤਾਵਾਂ ਨੂੰ ਆਪਣੀ ਕਮਜ਼ੋਰੀ ਨਹੀਂ ਬਣਨ ਦਿੱਤਾ। ਉਨ੍ਹਾਂ ਨੇ ਹਰ ਤਜਰਬੇ ਤੋਂ ਕੁਝ ਨਵਾਂ ਸਿੱਖਿਆ ਤੇ ਲਗਾਤਾਰ ਮਿਹਨਤ ਕਰਦੇ ਰਹੇ। ਇਸੇ ਲਈ ਉਹ ਦੁਨੀਆ ਲਈ ਪ੍ਰੇਰਣਾ ਬਣੇ। ਸਾਨੂੰ ਵੀ ਉਨ੍ਹਾਂ ਦੀ ਤਰ੍ਹਾਂ ਹਿੰਮਤ ਤੇ ਸਬਰ ਨਾਲ ਅੱਗੇ ਵਧਣਾ ਚਾਹੀਦਾ ਹੈ। ਕਈ ਵਾਰ ਬੱਚੇ ਆਪਣੀ ਗ਼ਲਤੀ ਮੰਨਣ ਤੋਂ ਡਰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਡਾਂਟ ਪਵੇਗੀ ਜਾਂ ਲੋਕ ਮਜ਼ਾਕ ਉਡਾਉਣਗੇ ਪਰ ਅਸਲ ਹਿੰਮਤ ਆਪਣੀ ਭੁੱਲ ਮੰਨਣ 'ਚ ਹੁੰਦੀ ਹੈ। ਜੇ ਅਸੀਂ ਆਪਣੀ ਗ਼ਲਤੀ ਨੂੰ ਸਵੀਕਾਰ ਕਰ ਲੈਂਦੇ ਹਾਂ ਤਾਂ ਉਸ ਨੂੰ ਸੁਧਾਰਨਾ ਸੌਖਾ ਹੋ ਜਾਂਦਾ ਹੈ ਜਦੋਂਕਿ ਆਪਣੀ ਗ਼ਲਤੀ ਛੁਪਾਉਣ ਨਾਲ ਸਮੱਸਿਆ ਹੋਰ ਵੱਧ ਜਾਂਦੀ ਹੈ। ਸੱਚਾਈ ਤੇ ਇਮਾਨਦਾਰੀ ਹਮੇਸ਼ਾ ਮਨੁੱਖ ਨੂੰ ਉੱਚਾ ਬਣਾਉਂਦੀਆਂ ਹਨ।

ਸਕੂਲ 'ਚ ਵੀ ਬੱਚਿਆਂ ਨੂੰ ਅਕਸਰ ਅਜਿਹੇ ਮੌਕੇ ਮਿਲਦੇ ਹਨ, ਜਿੱਥੇ ਉਹ ਆਪਣੀਆਂ ਗ਼ਲਤੀਆਂ ਤੋਂ ਸਿੱਖ ਸਕਦੇ ਹਨ। ਜੇ ਕਿਸੇ ਬੱਚੇ ਤੋਂ ਹੋਮਵਰਕ ਪੂਰਾ ਨਹੀਂ ਹੋਇਆ ਜਾਂ ਜਮਾਤ 'ਚ ਕੋਈ ਜਵਾਬ ਗ਼ਲਤ ਹੋ ਗਿਆ ਤਾਂ ਉਸ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਉਸ ਨੂੰ ਅਧਿਆਪਕ ਦੀ ਸਲਾਹ ਮੰਨ ਕੇ ਹੋਰ ਮਿਹਨਤ ਕਰਨੀ ਚਾਹੀਦੀ ਹੈ। ਚੰਗੇ ਅਧਿਆਪਕ ਹਮੇਸ਼ਾ ਆਪਣੇ ਵਿਦਿਆਰਥੀਆਂ ਨੂੰ ਡਰਾਉਣ ਦੀ ਬਜਾਏ ਉਨ੍ਹਾਂ ਨੂੰ ਸਮਝਾ ਕੇ ਸਹੀ ਰਾਹ ਦਿਖਾਉਂਦੇ ਹਨ। ਮਾਪਿਆਂ ਦੀ ਵੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਦੀ ਹਰ ਛੋਟੀ-ਵੱਡੀ ਗ਼ਲਤੀ 'ਤੇ ਬਹੁਤ ਜ਼ਿਆਦਾ ਗੁੱਸਾ ਨਾ ਕਰਨ। ਜੇ ਬੱਚਿਆਂ ਨੂੰ ਪਿਆਰ ਨਾਲ ਸਮਝਾਇਆ ਜਾਵੇ ਤਾਂ ਉਹ ਆਪਣੀ ਗ਼ਲਤੀ ਜਲਦੀ ਸਮਝ ਲੈਂਦੇ ਹਨ। ਹਰ ਵੇਲੇ ਡਾਂਟਣ ਨਾਲ ਬੱਚਿਆਂ ਦਾ ਆਤਮ-ਵਿਸ਼ਵਾਸ ਘਟ ਸਕਦਾ ਹੈ। ਇਸ ਦੀ ਬਜਾਏ ਉਨ੍ਹਾਂ ਨੂੰ ਹੌਸਲਾ ਦੇਣਾ ਤੇ ਸਹੀ ਰਸਤਾ ਦਿਖਾਉਣਾ ਵਧੇਰੇ ਲਾਭਦਾਇਕ ਹੁੰਦਾ ਹੈ।

ਦੋਸਤੀ 'ਚ ਵੀ ਕਈ ਵਾਰ ਅਣਜਾਣੇ ਵਿੱਚ ਗ਼ਲਤਫਹਿਮੀਆਂ ਪੈਦਾ ਹੋ ਜਾਂਦੀਆਂ ਹਨ। ਕਦੇ ਕਿਸੇ ਦੋਸਤ ਨਾਲ ਉੱਚੀ ਆਵਾਜ਼ ਵਿੱਚ ਗੱਲ ਹੋ ਜਾਂਦੀ ਹੈ ਜਾਂ ਉਸ ਦਾ ਦਿਲ ਦੁੱਖ ਜਾਂਦਾ ਹੈ। ਅਜਿਹੇ ਸਮੇਂ ਆਪਣੀ ਗ਼ਲਤੀ ਮੰਨ ਕੇ ਮਾਫ਼ੀ ਮੰਗ ਲੈਣੀ ਚਾਹੀਦੀ ਹੈ। ਮਾਫ਼ੀ ਮੰਗਣ ਨਾਲ ਇਨਸਾਨ ਛੋਟਾ ਨਹੀਂ ਹੁੰਦਾ ਸਗੋਂ ਉਸ ਦਾ ਸਤਿਕਾਰ ਵਧਦਾ ਹੈ। ਇਸ ਨਾਲ ਰਿਸ਼ਤੇ ਮਜ਼ਬੂਤ ਹੁੰਦੇ ਹਨ ਤੇ ਆਪਸੀ ਪਿਆਰ ਬਣਿਆ ਰਹਿੰਦਾ ਹੈ।

ਅੱਜ ਦਾ ਯੁੱਗ ਤਕਨਾਲੋਜੀ ਦਾ ਯੁੱਗ ਹੈ। ਬੱਚੇ ਮੋਬਾਈਲ ਫੋਨ, ਇੰਟਰਨੈੱਟ ਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ। ਕਈ ਵਾਰ ਉਹ ਬਿਨਾਂ ਸੋਚੇ-ਸਮਝੇ ਕੋਈ ਤਸਵੀਰ, ਵੀਡੀਓ ਜਾਂ ਸੁਨੇਹਾ ਸਾਂਝਾ ਕਰ ਦਿੰਦੇ ਹਨ, ਜੋ ਬਾਅਦ ਵਿਚ ਮੁਸ਼ਕਲ ਦਾ ਕਾਰਨ ਬਣ ਸਕਦਾ ਹੈ। ਅਜਿਹੀਆਂ ਗ਼ਲਤੀਆਂ ਤੋਂ ਵੀ ਸਬਕ ਲੈਣਾ ਚਾਹੀਦਾ ਹੈ ਤੇ ਭਵਿੱਖ ਵਿਚ ਸੋਚ-ਸਮਝ ਕੇ ਹੀ ਡਿਜੀਟਲ ਮਾਧਿਅਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਕੋਈ ਬੱਚਾ ਖੇਡਾਂ ਵਿਚ ਹਾਰ ਜਾਂਦਾ ਹੈ ਤਾਂ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ। ਹਾਰ ਸਾਨੂੰ ਹੋਰ ਵਧੀਆ ਤਿਆਰੀ ਕਰਨ ਦੀ ਪ੍ਰੇਰਣਾ ਦਿੰਦੀ ਹੈ। ਜਿਹੜਾ ਖਿਡਾਰੀ ਆਪਣੀਆਂ ਕਮੀਆਂ ਨੂੰ ਪਛਾਣਦਾ ਹੈ ਤੇ ਲਗਾਤਾਰ ਅਭਿਆਸ ਕਰਦਾ ਹੈ, ਉਹ ਇਕ ਦਿਨ ਜ਼ਰੂਰ ਜਿੱਤਦਾ ਹੈ। ਜਿੱਤ ਅਤੇ ਹਾਰ ਦੋਵੇਂ ਜੀਵਨ ਦਾ ਹਿੱਸਾ ਹਨ। ਖੇਡਾਂ ਹੋਣ ਜਾਂ ਪੜ੍ਹਾਈ, ਹਰ ਥਾਂ ਜਿੱਤ ਤੇ ਹਾਰ ਦੋਵੇਂ ਮਿਲਦੀਆਂ ਹਨ। ਜੇ ਕੋਈ ਬੱਚਾ ਹਾਰ ਜਾਂਦਾ ਹੈ ਤਾਂ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਆਪਣੀਆਂ ਕਮੀਆਂ ਨੂੰ ਪਛਾਣ ਕੇ ਹੋਰ ਮਿਹਨਤ ਕਰਨੀ ਚਾਹੀਦੀ ਹੈ। ਲਗਾਤਾਰ ਅਭਿਆਸ ਕਰਨ ਵਾਲਾ ਹੀ ਇੱਕ ਦਿਨ ਜਿੱਤ ਦਾ ਸੁਆਦ ਚੱਖਦਾ ਹੈ।

ਚੰਗਾ ਵਿਦਿਆਰਥੀ ਉਹ ਨਹੀਂ ਹੁੰਦਾ, ਜਿਸ ਤੋਂ ਕਦੇ ਵੀ ਗ਼ਲਤੀ ਨਾ ਹੋਵੇ ਸਗੋਂ ਉਹ ਹੁੰਦਾ ਹੈ ਜੋ ਆਪਣੀ ਹਰ ਗ਼ਲਤੀ ਨੂੰ ਸਿੱਖਣ ਦਾ ਮੌਕਾ ਬਣਾਵੇ। ਉਹ ਦੂਜਿਆਂ ਦੀਆਂ ਗ਼ਲਤੀਆਂ ਦਾ ਮਜ਼ਾਕ ਨਹੀਂ ਉਡਾਉਂਦਾਸਗੋਂ ਉਨ੍ਹਾਂ ਦੀ ਮਦਦ ਕਰਦਾ ਹੈ। ਜੇ ਕੋਈ ਸਾਥੀ ਪੜ੍ਹਾਈ ਵਿਚ ਕਮਜ਼ੋਰ ਹੈ ਤਾਂ ਉਸ ਨੂੰ ਸਮਝਾਉਣਾ ਤੇ ਹੌਸਲਾ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਅਸੀਂ ਸਿਰਫ਼ ਚੰਗੇ ਵਿਦਿਆਰਥੀ ਹੀ ਨਹੀਂ ਸਗੋਂ ਚੰਗੇ ਇਨਸਾਨ ਵੀ ਬਣਦੇ ਹਾਂ। ਇਹੀ ਗੁਣ ਸਾਨੂੰ ਦੂਜਿਆਂ ਲਈ ਪ੍ਰੇਰਣਾ ਬਣਾਉਂਦੇ ਹਨ।

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹਰ ਗ਼ਲਤੀ ਦਾ ਇਕ ਸਬਕ ਹੁੰਦਾ ਹੈ। ਜੇ ਅਸੀਂ ਉਸ ਸਬਕ ਨੂੰ ਸਮਝ ਲੈਂਦੇ ਹਾਂ ਤਾਂ ਉਹੀ ਗ਼ਲਤੀ ਸਾਡੀ ਕਾਮਯਾਬੀ ਦੀ ਨੀਂਹ ਬਣ ਸਕਦੀ ਹੈ। ਆਪਣੀਆਂ ਭੁੱਲਾਂ 'ਤੇ ਰੋਣ ਜਾਂ ਪਛਤਾਉਣ ਨਾਲ ਕੁਝ ਨਹੀਂ ਬਦਲਦਾ ਪਰ ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਜ਼ਰੂਰ ਸਾਡੀ ਜ਼ਿੰਦਗੀ ਬਦਲ ਸਕਦੀ ਹੈ।

ਆਓ ਅਸੀਂ ਅੱਜ ਤੋਂ ਇਹ ਸੰਕਲਪ ਕਰੀਏ ਕਿ ਅਸੀਂ ਆਪਣੀਆਂ ਗ਼ਲਤੀਆਂ ਤੋਂ ਕਦੇ ਨਹੀਂ ਡਰਾਂਗੇ। ਅਸੀਂ ਆਪਣੀ ਹਰ ਭੁੱਲ ਨੂੰ ਸਵੀਕਾਰ ਕਰਾਂਗੇ, ਉਸ ਤੋਂ ਸਿੱਖਾਂਗੇ ਅਤੇ ਦੁਬਾਰਾ ਨਾ ਦੁਹਰਾਉਣ ਦੀ ਕੋਸ਼ਿਸ਼ ਕਰਾਂਗੇ। ਨਾਲ ਹੀ ਅਸੀਂ ਆਪਣੇ ਚੰਗੇ ਵਿਹਾਰ, ਮਿਹਨਤ, ਇਮਾਨਦਾਰੀ ਅਤੇ ਨਿਮਰਤਾ ਨਾਲ ਦੂਜਿਆਂ ਲਈ ਪ੍ਰੇਰਣਾ ਬਣਾਂਗੇ। ਜਦੋਂ ਅਸੀਂ ਆਪਣੇ ਕੰਮਾਂ ਨਾਲ ਚੰਗੀ ਮਿਸਾਲ ਕਾਇਮ ਕਰਾਂਗੇ ਤਾਂ ਸਾਡਾ ਪਰਿਵਾਰ, ਸਕੂਲ ਅਤੇ ਸਮਾਜ ਵੀ ਸਾਡੇ 'ਤੇ ਮਾਣ ਕਰੇਗਾ। ਅਸਲ ਕਾਮਯਾਬੀ ਸਿਰਫ਼ ਜਿੱਤ ਹਾਸਿਲ ਕਰਨ 'ਚ ਨਹੀਂ ਸਗੋਂ ਹਰ ਤਜਰਬੇ ਤੋਂ ਸਿੱਖ ਕੇ ਬਿਹਤਰ ਇਨਸਾਨ ਬਣਨ ਵਿੱਚ ਹੈ। ਇਸ ਲਈ ਹਮੇਸ਼ਾ ਯਾਦ ਰੱਖੋ, 'ਗ਼ਲਤੀਆਂ 'ਤੇ ਨਾ ਕਰੋ ਮਲਾਲ ਸਗੋਂ ਉਨ੍ਹਾਂ ਤੋਂ ਸਿੱਖ ਕੇ ਦੂਜਿਆਂ ਲਈ ਬਣੋ ਮਿਸਾਲ।'

# 'ਕਹਿਰ ਦੀ ਹਨੇਰੀ'

**ਮੋਹਨ ਸ਼ਰਮਾ**



ਉਸ ਦਾ ਪਤੀ ਤੇ ਤਿੰਨ ਪੁੱਤ ਨਸ਼ਿਆਂ ਦੀ ਭੇਟ ਚੜ੍ਹ ਗਏ ਸਨ। ਪਤੀ ਸ਼ਰਾਬੀ ਹੋਣ ਕਾਰਨ ਉਸ ਨੂੰ ਆਪਣੀ ਸੁੱਧ-ਬੁੱਧ ਨਹੀਂ ਸੀ ਰਹਿੰਦੀ। ਸਵੇਰੇ ਹੀ ਡਫ ਲੈਂਦਾ ਸੀ ਸ਼ਰਾਬ। ਘਰ ਦਾ ਭੋਰਾ ਫ਼ਿਕਰ ਨਹੀਂ ਸੀ ਕਰਦਾ। ਬਸ ਉਹਦੀ ਪਤਨੀ ਓਹੜ-ਪੋਹੜ ਕਰ ਕੇ ਘਰ ਦਾ ਡੰਗ ਟਪਾਈ ਜਾਂਦੀ। ਤਿੰਨਾਂ ਪੁੱਤਾਂ ਨੂੰ ਉਸ ਨੇ ਸਕੂਲ 'ਚ ਦਾਖ਼ਲ ਕਰਵਾਇਆ ਹੋਇਆ ਸੀ। ਬੱਚੇ ਵੀ ਬੂਟਿਆਂ ਤੇ ਫ਼ਸਲ ਦੀ ਤਰ੍ਹਾਂ ਦੇਖਭਾਲ ਮੰਗਦੇ ਹਨ। ਪੈਰ-ਪੈਰ 'ਤੇ ਅਗਵਾਈ ਦੀ ਵੀ ਲੋੜ ਹੁੰਦੀ ਹੈ। ਮਾਂ ਵਿਚਾਰੀ ਇਕੱਲੀ ਕੀ ਕਰਦੀ? ਚੁੱਲ੍ਹੇ ਦਾ ਜੁਗਾੜ, ਕਬੀਲਦਾਰੀ ਦੇ ਝੰਜਟ ਤੇ ਹੋਰ ਝਮੇਲੇ ਉਸ ਨੂੰ ਸਾਹ ਨਹੀਂ ਸਨ ਲੈਣ ਦਿੰਦੇ। ਸ਼ਰਾਬ ਪੀ ਕੇ ਕੁੱਟਮਾਰ, ਲੜਾਈ-ਝਗੜੇ ਤੇ ਨਿੱਤ ਦੇ ਖੌਰੂ ਤੋਂ ਤੰਗ ਆ ਕੇ ਉਹਦਾ ਕਈ ਵਾਰ ਦਿਲ ਕਰਦਾ ਕਿ ਉਹ ਕੁਝ ਖਾ ਕੇ ਹਮੇਸ਼ਾ ਲਈ ਅੱਖਾਂ ਮੀਟ ਲਵੇ। ਫਿਰ ਉਸ ਦਾ ਧਿਆਨ ਮਾਸੂਮ ਬੱਚਿਆਂ ਵੱਲ ਜਾਂਦਾ ਤੇ ਉਸ ਦੀ ਮਾਰੂ ਸੋਚ ਬਦਲ ਜਾਂਦੀ। ਦਿਨ ਚੜ੍ਹਦਿਆਂ ਹੀ ਉਹ ਸ਼ਰਾਬ ਲਈ ਪੈਸੇ ਲੈਣ ਵਾਸਤੇ ਰੌਲਾ ਪਾਉਂਦਾ। ਪਤਨੀ ਦੇ ਨਾਂਹ 'ਚ ਜਵਾਬ ਦੇਣ 'ਤੇ ਉਹ ਉਸ ਦੀ ਕੁੱਟਮਾਰ ਕਰਦਾ। ਆਪਣੇ ਹਿੱਸੇ ਦੀ ਜ਼ਮੀਨ ਉਹ ਸ਼ਰਾਬ ਦੇ ਲੇਖੇ ਲਾ ਚੁੱਕਿਆ ਸੀ। ਤੰਗੀਆਂ-ਤੁਰਸ਼ੀਆਂ 'ਚ ਉਹ ਦਿਨ ਕੱਟੀ ਕਰ ਰਹੀ ਸੀ। ਉਸ ਨੂੰ ਆਸ ਸੀ ਕਿ ਮੁੰਡੇ ਵੱਡੇ ਹੋ ਕੇ ਸਾਰੇ ਧੋਣੇ ਧੋ ਦੇਣਗੇ। ਫਿਰ ਇਕ ਸਵੇਰ ਉਸ ਦਾ ਪਤੀ ਮੰਜੇ 'ਤੇ ਸੁੱਤਾ ਪਿਆ ਹੀ ਰਹਿ ਗਿਆ। ਹੱਡੀਆਂ ਦੀ ਮੁੱਠ ਬਣੇ ਉਸ ਦੇ ਸ਼ਰਾਬੀ ਪਤੀ ਦੀ ਮ੍ਰਿਤਕ ਦੇਹ ਨੂੰ ਵੇਖ ਕੇ ਰਿਸ਼ਤੇਦਾਰ, ਸ਼ਰੀਕੇ ਦੇ ਲੋਕ ਅਤੇ ਹੋਰ ਪਿੰਡ ਵਾਸੀ ਕਹਿ ਰਹੇ ਸਨ, 'ਸਾਰੀ ਉਮਰ ਇਸ ਨੇ ਸ਼ਰਾਬ ਦੇ ਲੇਖੇ ਲਾ ਦਿੱਤੀ। ਕਬੀਲਦਾਰੀ ਦਾ ਭੋਰਾ ਫ਼ਿਕਰ ਨਹੀਂ ਕੀਤਾ। ਧੰਨ ਜਿਗਰਾ ਇਹਦੀ ਘਰਵਾਲੀ ਕਿਰਪਾਲੋ ਦਾ, ਜੀਹਨੇ ਹੱਡ ਭੰਨਵੀਂ ਮਿਹਨਤ ਕਰ ਕੇ ਚੁੱਲ੍ਹਾ ਬਲਦਾ ਰੱਖਿਆ। ਇਹਨੇ ਤਾਂ ਘਰ ਨੂੰ ਮੁੱਧੇ ਮੂੰਹ ਮਾਰਨ ਵਿੱਚ ਕੋਈ ਕਸਰ ਨਹੀਂ ਛੱਡੀ।'

ਸੱਥਰ 'ਤੇ ਬੈਠੀਆਂ ਜਨਾਨੀਆਂ ਉਸ ਨੂੰ ਹੌਸਲਾ ਦਿੰਦਿਆਂ ਕਹਿੰਦੀਆਂ, 'ਉਹਨੇ ਤਾਂ ਇਕ ਦਿਨ ਮਰਨਾ ਹੀ ਸੀ। ਹੁਣ ਤੂੰ ਨਿਆਣਿਆਂ ਨੂੰ ਸੰਭਾਲ।' ਉਸ ਨੇ ਆਪਣੇ ਡਿਗੂੰ-ਡਿਗੂੰ ਕਰਦੇ ਸਰੀਰ ਨੂੰ ਸੰਭਾਲਿਆ। ਰਿਸ਼ਤੇਦਾਰਾਂ ਤੇ ਪਿੰਡ ਦੇ ਕੁਝ ਭਲੇ ਪੁਰਸ਼ਾਂ ਨੇ ਮਿਲ ਕੇ ਉਸ ਦੇ ਪਤੀ ਦੇ ਭੋਗ ਦੀਆਂ ਰਸਮਾਂ ਪੂਰੀਆਂ ਕਰ ਦਿੱਤੀਆਂ। ਪੇਕਿਆਂ ਵੱਲੋਂ ਉਸ ਦਾ ਇਕ ਭਰਾ ਸੀ। ਭਾਵੇਂ ਉਹ ਆਪ ਕਬੀਲਦਾਰੀ ਦੀ ਦਲਦਲ 'ਚ ਬੁਰੀ ਤਰ੍ਹਾਂ ਧਸਿਆ ਹੋਇਆ ਸੀ ਪਰ ਫਿਰ ਵੀ ਆੜੇ-ਥੋੜ੍ਹੇ ਭੈਣ ਦੀ ਮਦਦ ਲਈ ਬਹੁੜ ਜਾਂਦਾ ਸੀ।

ਵੱਡਾ ਮੁੰਡਾ 16 ਸਾਲ ਦਾ ਹੋ ਗਿਆ ਸੀ। ਗਿਆਰਵੀਂ ਪਾਸ ਕਰ ਕੇ ਬਾਰ੍ਹਵੀਂ 'ਚ ਦਾਖ਼ਲਾ ਲੈ ਲਿਆ ਸੀ। ਦਰਅਸਲ ਅੱਜ ਦੀ ਪੀੜ੍ਹੀ ਸੁਣਨ-ਸੁਣਾਉਣ ਵਿਚ ਯਕੀਨ ਨਹੀਂ ਕਰਦੀ। ਨੈਤਿਕ ਸਿੱਖਿਆ ਨਵੀਂ ਪੀੜ੍ਹੀ ਦੇ ਵੱਡੇ ਹਿੱਸੇ ਦੇ ਅੰਗ-ਸੰਗ ਨਹੀਂ ਰਹੀ। ਹਾਂ, ਨਵੀਂ ਪੀੜ੍ਹੀ ਦੇ ਮੁੰਡੇ ਨਕਲ ਕਰਨ 'ਚ ਯਕੀਨ ਰੱਖਦੇ ਹਨ। ਵੱਡੇ ਮੁੰਡੇ ਤੇ ਬਾਪ ਦੀਆਂ ਸ਼ਰਾਬ ਵਾਲੀਆਂ ਹਰਕਤਾਂ, ਬਾਹਰਲੀ ਬੁਰੀ ਸੰਗਤ ਦਾ ਅਸਰ ਤੇ ਘਰ ਵਿਚ ਮਾਂ ਦੀ ਘੂਰ ਤੋਂ ਬੇਫ਼ਿਕਰੇ ਉਹ ਚਿੱਟੇ ਦੀ ਲਪੇਟ 'ਚ ਆ ਗਿਆ। ਜਦੋਂ ਮਾਂ ਨੂੰ ਪਤਾ ਲੱਗਿਆ ਤਾਂ ਉਹ ਸਿਰ ਫੜ ਕੇ ਬਹਿ ਗਈ। ਨਸ਼ੇ 'ਚ ਟੱਲੀ ਹੋਇਆ ਉਹ ਕਈ-ਕਈ ਦਿਨ ਘਰ ਨਾ ਵੜਦਾ। ਨਸ਼ਾ ਇਕੱਠਿਆਂ ਕਰਨ ਵਾਲੇ ਨਸ਼ੇੜੀਆਂ ਨੂੰ ਉਹ ਆਪਣਾ ਜਿਗਰੀ ਯਾਰ ਸਮਝਦਾ ਸੀ। ਨਸ਼ੇ ਦੀ ਭੱਲ ਪੂਰੀ ਕਰਨ ਲਈ ਉਹ ਚੋਰੀਆਂ, ਚੇਨ ਚਪਟਮਾਰੀਆਂ, ਖੇਤਾਂ ਵਿਚ ਟਰਾਂਸਫਾਰਮਰਾਂ ਵਿੱਚੋਂ ਤੇਲ ਕੱਢ ਕੇ ਵੇਚਦਾ ਅਤੇ ਕੇਬਲ ਤਾਰਾਂ ਵਿੱਚੋਂ ਤਾਂਬਾ ਕੱਢ ਕੇ ਵੇਚਣ ਵਰਗੇ ਧੰਦੇ ਆਪਣੇ ਨਸ਼ੇੜੀ ਸਾਥੀਆਂ ਨਾਲ ਮਿਲ ਕੇ ਕਰਦਾ ਸੀ। ਵਿਚਾਰੀ ਕਿਰਪਾਲੋ ਕਦੇ ਆਪਣੇ ਨਸ਼ਈ ਪੁੱਤ ਦੀ ਉੱਘ-ਸੁੱਘ ਲੈਂਦੀ ਭੰਬੀਰੀ ਵਾਂਗ ਘੁੰਮਦੀ ਰਹਿੰਦੀ ਤੇ ਕਦੇ ਆਪਣੇ ਦੂਜੇ ਦੋ ਪੁੱਤਰਾਂ ਦੀ ਸੰਭਾਲ ਲਈ ਯਤਨ ਕਰਦੀ ਰਹਿੰਦੀ।

ਫਿਰ ਇਕ ਦਿਨ ਭਾਣਾ ਵਰਤਿਆ। ਆਪਣੇ ਨਸ਼ੇੜੀ ਸਾਥੀਆਂ ਨਾਲ ਨਸ਼ੇ ਦਾ ਟੀਕਾ ਲਾਉਂਦਿਆਂ ਉਹ ਉੱਥੇ ਹੀ ਲੁਟਕ ਗਿਆ। ਨਸ਼ੇੜੀ ਸਾਥੀਆਂ ਨੇ ਉਸ ਨੂੰ ਹਲੂਣਿਆ, ਪੈਰਾਂ ਦੀਆਂ ਤਲੀਆਂ ਝੱਸੀਆਂ ਪਰ ਉਸ ਦੀ ਸੱਜੀ ਬਾਂਹ ਵਿਚ ਲੱਗੀ ਸਰਿੰਜ ਬਾਂਹ ਵਿਚ ਹੀ ਰਹਿ ਗਈ ਸੀ ਅਤੇ ਉਹ ਦਮ ਤੋੜ ਗਿਆ ਸੀ। ਉਸ ਦੇ 'ਜਿਗਰੀ ਯਾਰ ਨਸ਼ੇੜੀਆਂ' ਨੇ ਉਸ ਨੂੰ ਚੁੱਕਿਆ ਤੇ ਉਸ ਦੇ ਘਰ ਮੂਹਰੇ ਸੁੱਟ ਕੇ ਭੱਜ ਗਏ। ਜਦੋਂ ਕਿਰਪਾਲੋ ਨੇ ਆਪਣੇ ਜਵਾਨ ਪੁੱਤ ਦੀ ਲਾਸ਼ ਘਰ ਮੂਹਰੇ ਵੇਖੀ ਤਾਂ ਉਹਦੀ ਭੁੱਬ ਨਿਕਲ ਗਈ। ਉਹਦੇ ਵੈਣ ਪੱਥਰਾਂ ਨੂੰ ਵੀ ਰੁਆ ਰਹੇ ਸਨ। ਕੁਝ ਸਮੇਂ ਅੰਦਰ ਹੀ ਇਹ ਦੂਜਾ ਭਾਣਾ ਉਹਦੇ ਹਿੱਸੇ ਆਇਆ ਸੀ। ਇਸ ਮਾਰੂ ਸਦਮੇ ਨੇ ਉਸ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ ਸੀ। ਫਿਰ ਉਹੀ ਅਗਨ ਭੇਟ, ਭੋਗ ਦੀਆਂ ਰਸਮਾਂ, ਵਿਹੜੇ ਵਿਚ ਵਿਛਿਆ ਸੱਥਰ ਉਸ ਦਾ ਨਸੀਬ ਬਣ ਗਿਆ। ਪਿੰਡ ਵਿਚ ਰਿਉੜੀਆਂ ਦੀ ਤਰ੍ਹਾਂ ਵਿਕਦੇ ਨਸ਼ੇ ਨੂੰ ਰੋਕਣ ਲਈ ਆਵਾਜ਼ਾਂ ਵੀ ਉੱਠੀਆਂ ਪਰ ਤਸਕਰਾਂ ਦੀਆਂ ਘੁਰਕੀਆਂ ਤੇ ਜਾਨਲੇਵਾ ਹਮਲਿਆਂ ਦੇ ਡਰੋਂ ਲੋਕ ਚੁੱਪ ਕਰ ਗਏ। ਸਰਪੰਚ ਵੱਲੋਂ ਥਾਣੇ ਇਤਲਾਹ ਦਿੱਤੀ ਗਈ। ਉਹ ਗੇੜਾ ਮਾਰ ਕੇ ਚਲੇ ਗਏ। ਨਾਲ ਹੀ ਇਹ ਵੀ ਕਹਿ ਗਏ ਕਿ ਮਰੇ ਮੁੰਡੇ ਦਾ ਕਿਹੜਾ ਪੋਸਟ ਮਾਰਟਮ ਕਰਵਾਇਐ। ਹੋ ਸਕਦੈ ਹਰਟ ਅਟੈਕ ਨਾਲ ਮਰਿਆ ਹੋਵੇ। ਐਵੇਂ ਨਸ਼ੇ ਨਾਲ ਮਰਨ ਦਾ ਰੌਲਾ ਕਿਉਂ ਪਾ ਰਹੇ ਹੋ?

ਘਰ ਵਿੱਚੋਂ ਦੋ ਜੀਆਂ ਦੇ ਜਾਣ ਨਾਲ ਘਰ ਸੁੰਨ੍ਹਾ-ਸੁੰਨ੍ਹਾ ਲੱਗਦਾ ਸੀ। ਫਿਰ ਉਸ ਨੇ ਆਪਣੇ ਦੋਵਾਂ ਪੁੱਤਾਂ ਵੱਲ ਵੇਖਦਿਆਂ ਹਉਂਕਾ ਭਰਿਆ, 'ਰੱਬ ਇਨ੍ਹਾਂ 'ਤੇ ਮਿਹਰ ਰੱਖੇ। ਇਨ੍ਹਾਂ ਨੂੰ ਤੱਤੀ ਵਾਅ ਨਾ ਲੱਗੇ। ਇਨ੍ਹਾਂ ਦੇ ਸਹਾਰੇ ਦਿਨ ਕੱਟ ਲਵਾਂਗੀ।' ਸਮਾਂ ਆਪਣੀ ਗਤੀ ਨਾਲ ਤੁਰਦਾ ਰਿਹਾ। ਨਸ਼ਿਆਂ ਦੇ ਮਾਰੂ ਅਸਰ ਨੇ ਕਈ ਹੋਰ ਘਰਾਂ ਵਿਚ ਵੀ ਸੱਥਰ ਪਾਏ ਸਨ। ਜਵਾਨ ਪੁੱਤਾਂ ਦੀਆਂ ਅਰਥੀਆਂ ਨੂੰ ਮੋਢਾ ਦਿੰਦਿਆਂ ਲੋਕ ਖ਼ੂਨ ਦੇ ਅੱਥਰੂ ਕੇਰਦੇ। ਤਸਕਰਾਂ ਦੇ ਕਹਿਕਹੇ ਸੱਥਰਾਂ 'ਤੇ ਪੈਂਦੇ ਵੈਣਾਂ ਉਤੇ ਭਾਰੂ ਪੈ ਰਹੇ ਸਨ। ਕਿਰਪਾਲੋ ਫਿਰ ਸੁੰਨ੍ਹ ਹੋ ਗਈ। ਵੱਡੇ ਮੁੰਡੇ ਵਾਲੇ ਨਸ਼ੇ ਦੇ ਲੱਛਣ ਛੋਟੇ ਮੁੰਡੇ ਵਿਚ ਵੀ ਦਿਖਾਈ ਦੇਣ ਲੱਗੇ ਸਨ। ਉਸ ਨੇ ਭੱਜ-ਦੌੜ ਕਰ ਕੇ ਮੁੰਡੇ ਨੂੰ ਨਸ਼ਾ ਛੁਡਾਊ ਕੇਂਦਰ 'ਚ ਦਾਖ਼ਲ ਕਰਵਾ ਦਿੱਤਾ। ਦਾਖ਼ਲ ਕਰਵਾਉਣ ਦਾ ਖ਼ਰਚਾ ਪਿੰਡ ਵਾਲਿਆਂ ਨੇ ਆਪਣੇ ਸਿਰ ਓਟ ਲਿਆ। ਮਹੀਨਾ ਕੁ ਉਹ ਸੈਂਟਰ 'ਚ ਰਿਹਾ। ਫਿਰ ਉਸ ਨੂੰ ਛੁੱਟੀ ਕਰ ਦਿੱਤੀ ਗਈ। ਘਰ ਆ ਕੇ ਉਹ ਕੁਝ ਦਿਨ ਤਾਂ ਠੀਕ ਰਿਹਾ ਪਰ ਫਿਰ ਪਿੰਡ ਵਿਚ ਹਰਲ-ਹਰਲ ਕਰਦੇ ਨਸ਼ਈਆਂ ਦੇ ਧੱਕੇ ਚੜ੍ਹ ਕੇ ਚਿੱਟੇ ਦੀ ਲਪੇਟ 'ਚ ਆ ਗਿਆ। ਕਿਰਪਾਲੋ ਹੁਣ ਤੁਰਦੀ-ਫਿਰਦੀ ਲਾਸ਼ ਹੀ ਤਾਂ ਬਣ ਗਈ ਸੀ। ਉਸ ਨੂੰ ਹਰ ਵੇਲੇ ਇਹੋ ਡਰ ਰਹਿੰਦਾ ਸੀ ਕਿ ਜਾਂ ਤਾਂ ਮੁੰਡੇ ਦੀ ਕਰਤੂਤ ਕਾਰਨ ਉਲਾਂਭਾ ਨਾ ਆ ਜਾਵੇ ਜਾਂ ਫਿਰ ਮੁੰਡੇ ਦੀ ਅਣਹੋਣੀ ਦੇ ਸ਼ਿਕਾਰ ਹੋਣ ਦੀ ਭਿਣਕ ਨਾ ਆ ਜਾਵੇ। ਕਿਰਪਾਲੋ ਨੂੰ ਜਿਹੜਾ ਡਰ ਸੀ, ਉਹੀ ਹੋ ਗਿਆ। ਮੁੰਡੇ ਦੀ ਝਾੜੀਆਂ 'ਚ ਡਿੱਗੀ ਲਾਸ਼ ਦੇ ਸੁਨੇਹੇ ਨੇ ਉਸ ਦੇ ਧੁਰ ਅੰਦਰ ਤੱਕ ਕੰਬਣੀ ਛੇੜ ਦਿੱਤੀ।

ਹੁਣ ਮਾਂ-ਪੁੱਤ ਘਰ 'ਚ ਰਹਿ ਗਏ ਸਨ। ਮਾਂ ਆਸਵੰਦ ਨਜ਼ਰਾਂ ਨਾਲ ਪੁੱਤ ਵੱਲ ਵੇਖਦੀ। ਉਸ ਕੋਲ ਇੱਕੋ ਇਕ ਸਹਾਰਾ ਬਚਿਆ ਸੀ। ਉਹ ਹੁਣ ਸਕੂਲ ਜਾਣ ਤੋਂ ਵਿੱਟਰ ਗਿਆ ਸੀ। ਮਾਂ ਨੇ ਹਓਕਾ ਭਰ ਕੇ ਸੋਚਿਆ, 'ਨਾ ਜਾਵੇ ਸਕੂਲ। ਮੇਰੀਆਂ ਅੱਖਾਂ ਦੇ ਸਾਹਮਣੇ ਰਹੇ। ਇਹਨੂੰ ਵੇਖ-ਵੇਖ ਕੇ ਦਿਨ ਕਟੀ ਹੋਜੂ' ਪਰ ਇਹ ਤੀਜਾ ਮੁੰਡਾ ਵੀ ਘਰ ਟਿਕ ਕੇ ਨਹੀਂ ਸੀ ਬੈਠਦਾ। ਚੌਦਵੇਂ ਸਾਲ 'ਚ ਪੈਰ ਧਰਿਆ ਸੀ ਉਸ ਨੇ। ਡੱਕਾ ਦੂਹਰਾ ਨਹੀਂ ਸੀ ਕਰਦਾ। ਫਿਰ ਹੌਲੀ-ਹੌਲੀ ਆਪਣੇ ਭਰਾਵਾਂ ਵਾਂਗ ਉਹ ਵੀ ਦੂਜੇ ਨਸ਼ੇੜੀਆਂ ਦੇ ਧੱਕੇ ਚੜ੍ਹ ਗਿਆ। ਚਿੱਟੇ ਦੇ ਝੂਟੇ ਉਹਦੀ ਛੋਟੀ ਉਮਰ ਦਾ ਹਿੱਸਾ ਬਣ ਗਏ। ਕਿਰਪਾਲੋ ਵਿਲਕਦੀ ਰਹੀ। ਉਸ ਨੂੰ ਰੋਕਦੀ ਵੀ ਰਹੀ ਪਰ ਉਸ 'ਤੇ ਨਸ਼ਾ ਭਾਰੂ ਹੋ ਗਿਆ ਸੀ ਉਹਦਾ 14 ਵਰ੍ਹਿਆਂ ਦਾ ਤੀਜਾ ਪੁੱਤ ਵੀ ਨਸ਼ੇ ਨੇ ਨਿਗਲ ਲਿਆ। ਵਿਚਾਰੀ ਕਿਰਪਾਲੋ ਦੇ ਪਤੀ ਅਤੇ ਤਿੰਨ ਪੁੱਤਰਾਂ ਦੀ ਨਸ਼ੇ ਨੇ ਬਲੀ ਲੈ ਲਈ। ਥੋੜ੍ਹੇ ਸਮੇਂ ਅੰਦਰ ਹੀ ਘਰ ਵਿਚ ਚੌਥਾ ਸੱਥਰ ਵਿਛਿਆ ਸੀ। ਸਸਕਾਰ ਤੋਂ ਅਗਲੇ ਦਿਨ ਪਿੰਡ ਦੀਆਂ ਔਰਤਾਂ ਤੇ ਕੁਝ ਵਿਅਕਤੀ ਸੱਥਰ 'ਤੇ ਬੈਠੇ ਸਨ। ਉਦਾਸੀ ਦਾ ਬੁੱਤ ਬਣਿਆ ਇਕ ਵਿਅਕਤੀ ਕਿਰਪਾਲੋ ਕੋਲ ਜਾ ਕੇ ਖ਼ੂਨ ਦੇ ਅੱਥਰੂ ਵਹਾਉਂਦਿਆਂ ਕਹਿਣ ਲੱਗਿਆ, 'ਕਿਰਪਾਲੋ ਚਾਚੀ, ਜੇ ਮੁੰਡੇ ਦੇ ਫੁੱਲ ਕੱਲ੍ਹ ਦੀ ਥਾਂ ਅੱਜ ਚੁੱਗ ਲਵੋਂ। ਮੇਰਾ ਪੁੱਤ ਵੀ ਨਸ਼ੇ ਨੇ ਖਾ ਲਿਆ। ਸਿਵਾ ਖ਼ਾਲੀ ਹੋਵੇ ਤਾਂ ਮੈਂ ਆਪਣੇ ਪੁੱਤ ਨੂੰ ਉੱਥੇ ਅਗਨ ਭੇਟ ਕਰ ਦੇਵਾਂ।' ਹੁਣ ਸੱਥਰ 'ਤੇ ਬੈਠੇ ਲੋਕ ਪਿੰਡ ਦੇ ਸਿਵੇ ਨੂੰ ਹੋਰ ਮੋਕਲਾ ਕਰਨ ਲਈ ਵਿਚਾਰ-ਵਟਾਂਦਰਾ ਕਰਨ ਲੱਗ ਪਏ।

## ਮਿੰਨੀ ਕਹਾਣੀ: ਆਪਣਾ ਖ਼ੂਨ

**ਡਾ. ਇਕਬਾਲ ਸਿੰਘ ਸਕਰੌਦੀ**

ਬੇਬੇ ਬਲਜੀਤ ਕੌਰ ਨੂੰ ਛਿਆਸੀਵਾਂ ਵਰ੍ਹਾ ਟੱਪ ਗਿਆ ਸੀ। ਹੁਣ ਤੱਕ ਉਹਦੇ ਨੈਣ ਪ੍ਰਾਣ ਚੰਗੇ ਭਲੇ ਚੱਲਦੇ ਸਨ। ਉਹ ਆਪਣਾ ਕੱਪੜਾ ਲੀੜਾ ਧੋਣ ਤੋਂ ਲੈ ਕੇ ਛੋਟੀ ਨੂੰਹ ਨਾਲ ਘਰ ਦੇ ਨਿੱਕੇ ਮੋਟੇ ਕੰਮਾਂ ਵਿੱਚ ਵੀ ਹੱਥ ਵਟਾ ਦਿੰਦੀ ਸੀ। ਆਸਟ੍ਰੇਲੀਆ ਵਿਆਹੀ ਉਹਦੀ ਵੱਡੀ ਧੀ ਸਿਮਰਨ ਦਾ ਜਦੋਂ ਵੀ ਫੋਨ ਆਉਂਦਾ ਤਾਂ ਧੀ ਨੇ ਇੱਕੋ ਗੱਲ ਆਖਣੀ, "ਬੇਬੇ, ਤੂੰ ਹੁਣ ਤਾਈਂ ਬਥੇਰਾ ਕੰਮ ਕਰ ਲਿਐ। ਹੁਣ ਰਮਾਨ ਨਾਲ ਬਹਿ ਕੇ ਪ੍ਰਸ਼ਾਦਾ ਪਾਣੀ ਛਕਿਆ ਕਰ। ਸੁੱਖ ਨਾਲ ਕੁਦਰਤ ਨੇ ਤੈਨੂੰ ਬਥੇਰੇ ਰੰਗ ਭਾਗ ਲਾਏ ਨੇ!"

"ਨਾ ਧੀਏ! ਇਹ ਗੱਲ ਝੂਠੀ। ਜਦ ਤੱਕ ਮੇਰੇ ਹੱਥ ਪੈਰ ਚੱਲਦੇ ਨੇ। ਮੈਂ ਤਾਂ ਏਹਨਾਂ ਤੋਂ ਏਦਾਂ ਈਂ ਕੰਮ ਲੈਂਦੀ ਰਹਿਣੈ। ਨਾਲੇ ਧੀਏ, ਵਿਹਲੇ ਬਹਿ ਕੇ ਕਿਹੜਾ ਬੰਦਾ ਵਧਦੈ? ਤਦੇ ਤਾਂ ਸਿਆਣਿਆਂ ਨੇ ਕਿਹੈ 'ਅਖੇ ਖੂਹ ਵਗਦਿਆਂ ਦੇ, ਹਲ ਵਾਹੁੰਦਿਆਂ ਦੇ, ਰਿਸ਼ਤੇ-ਨਾਤੇ ਮਿਲਦਿਆਂ ਦੇ ਤੇ ਹੱਡ ਗੋਡੇ ਤੁਰਦਿਆਂ ਦੇ'।" ਬੇਬੇ ਹਮੇਸ਼ਾ ਹੱਥੀਂ ਕੰਮ ਕਰਕੇ ਤਸੱਲੀ ਨਾਲ ਜਿਊਣ ਦੀ ਗੱਲ ਕਰਦੀ।

ਐਤਕੀਂ ਠੰਡ ਭਾਵੇਂ ਲੋਹੜੇ ਦੀ ਪਈ ਸੀ, ਪਰ ਬੇਬੇ ਨੇ ਪੂਰਾ ਸਿਆਲ ਚੜ੍ਹਦੀ ਕਲਾ ਵਿੱਚ ਲੰਘਾਇਆ। ਚੜ੍ਹਦੇ ਚੇਤ ਖ਼ੌਰੇ ਪਤਾ ਨਹੀਂ ਬੇਬੇ ਨੂੰ ਕਿੱਥੋਂ ਸੁੱਕੀ ਖੰਘ ਆਣ ਪਈ। ਵੀਹ-ਬਾਈ ਦਿਨ ਬੇਬੇ ਪ੍ਰੇਸ਼ਾਨ ਰਹੀ, ਪਰ ਅਖੀਰ ਚੰਦਰੀ ਖੰਘ ਬੇਬੇ ਨੂੰ ਵੀ ਨਾਲ ਲੈ ਗਈ। ਜਿਉਂ-ਜਿਉਂ ਬੇਬੇ ਦੇ ਭੋਗ ਦਾ ਦਿਨ ਨੇੜੇ ਆ ਰਿਹਾ ਸੀ, ਸ਼ਰੀਕੇ ਵਾਲਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ, "ਸੁੱਖ ਨਾਲ ਬੁੜੀ ਪੋਤੇ ਪੜੋਤਿਆਂ ਨੂੰ ਖਿਡਾ ਕੇ ਗਈ ਐ। ਹੁਣ ਵੱਡੀ ਤਾਂ ਕਰਨਗੇ ਈ।"

ਸ਼ਰੀਕਾ ਭਾਈਚਾਰਾ ਜੇਕਰ ਨਾ ਵੀ ਕਹਿੰਦਾ ਤਾਂ ਵੀ ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਤੇ ਬੇਬੇ ਬਲਜੀਤ ਕੌਰ ਦੇ ਪਤੀ ਗੁਰਨੇਕ ਸਿੰਘ ਨੇ ਕਿਹੜਾ ਕੋਈ ਘਾਟ ਛੱਡਣੀ ਸੀ। ਉਸ ਨੇ ਆਪਣੇ ਤਿੰਨੇ ਮੁੰਡਿਆਂ ਨੂੰ ਆਪਣੇ ਕੋਲ ਸੱਦ ਕੇ ਕਿਹਾ, "ਦੇਖੋ ਭਾਈ, ਥੋਡੀ ਮਾਂ ਨੇ ਸਾਰੀ ਉਮਰ ਰਿਸ਼ਤੇਦਾਰੀਆਂ ਅਤੇ ਸਕੀਰੀਆਂ ਵਿੱਚ ਪੂਰੀ ਚੌਧਰ ਰੱਖੀ ਐ। ਹੁਣ ਉਹਦੇ ਭੋਗ 'ਤੇ ਕੋਈ ਕਸਰ ਨ੍ਹੀਂ ਰਹਿਣੀ ਚਾਹੀਦੀ।" ਤੇ ਬੇਬੇ ਦੇ ਭੋਗ ਮੌਕੇ ਤਿੰਨੇ ਪੁੱਤਰਾਂ ਨੇ ਬਾਪੂ ਦੀ ਕਹੀ ਗੱਲ 'ਤੇ ਫੁੱਲ ਵੀ ਚੜ੍ਹਾਏ। ਸਾਰੇ ਪਿੰਡ ਵਿੱਚ ਬੇਬੇ ਦੇ ਭੋਗ ਦੀ ਚਰਚਾ ਕਈ ਦਿਨ ਚੱਲਦੀ ਰਹੀ ਸੀ।

ਬੇਬੇ ਦੇ ਭੋਗ ਨੂੰ ਅਜੇ ਮਹੀਨਾ ਵੀ ਪੂਰਾ ਨ੍ਹੀਂ ਸੀ ਹੋਇਆ। ਤਿੰਨੇ ਮੁੰਡਿਆਂ ਵਿਚਾਲੇ ਅੰਦਰੋਂ ਅੰਦਰੀਂ ਜ਼ਮੀਨ ਅਤੇ ਕੋਠੀਆਂ ਦੀ ਵੰਡ ਦੀ ਖਿਚੜੀ ਪੱਕਣ ਲੱਗੀ। ਇੱਕ ਦਿਨ ਉਨ੍ਹਾਂ ਬਾਪੂ ਸਾਹਮਣੇ ਘਰ ਦੀ ਵੰਡ ਕਰਨ ਦੀ ਗੱਲ ਵੀ ਤੋਰੀ। ਗੁਰਨੇਕ ਸਿੰਘ ਨੇ ਡੇਢ-ਡੇਢ ਸੌ ਵਿੱਘਾ ਜ਼ਮੀਨ ਅਤੇ ਇੱਕ ਇੱਕ ਕੋਠੀ ਤਿੰਨੇ ਪੁੱਤਰਾਂ ਦੇ ਨਾਂਅ ਲਗਵਾ ਦਿੱਤੀ। ਭਾਵੇਂ ਪਿੰਡ ਦੇ ਸਰਪੰਚ ਇੰਦਰਜੀਤ ਸਿੰਘ ਤੇ ਹੋਰ ਮੋਹਤਬਰ ਬੰਦਿਆਂ ਨੇ ਉਸ ਨੂੰ ਬੜਾ ਸਮਝਾਇਆ ਕਿ ਉਹ ਆਪਣਾ ਹਿੱਸਾ ਜ਼ਰੂਰ ਰੱਖ ਲਵੇ, ਪਰ ਗੁਰਨੇਕ ਸਿੰਘ ਨੇ ਨਾਂਹ ਵਿੱਚ ਸਿਰ ਫੇਰ ਦਿੱਤਾ ਸੀ। ਗੁਰਨੇਕ ਸਿੰਘ ਨੇ ਭਰੀ ਪੰਚਾਇਤ ਵਿੱਚ ਹੱਥ ਖੜ੍ਹਾ ਕਰਕੇ ਕਹਿਾ ਸੀ, "ਸਰਪੰਚ ਸਾਹਿਬ, ਸਮਾਜ ਵਿੱਚ ਹਵਾ ਭਾਵੇਂ ਕਿਹੋ ਜਿਹੀ ਵੀ ਵਗੀ ਜਾਏ, ਪਰ ਮੈਨੂੰ ਆਪਣੇ ਨੂੰਹਾਂ-ਪੁੱਤਰਾਂ 'ਤੇ ਪੂਰਾ ਮਾਣ ਐ। ਸੁੱਖ ਨਾਲ ਤਿੰਨ ਪੁੱਤ ਨੇ ਮੇਰੇ। ਉਹ ਤਾਂ ਮੈਨੂੰ ਹੱਥੀਂ ਛਾਵਾਂ ਕਰਨਗੇ।" ਉਹਦੀ ਗੱਲ ਸੁਣ ਕੇ ਸਾਰੀ ਪੰਚਾਇਤ ਵਿੱਚ ਚੁੱਪ ਵਰਤ ਗਈ ਸੀ।

ਹੁਣ ਤਿੰਨਾਂ ਮੁੰਡਿਆਂ ਨੇ ਬਾਪੂ ਨੂੰ ਇੱਕ-ਇੱਕ ਮਹੀਨਾ ਆਪਣੇ ਕੋਲ ਰੱਖਣ ਦੀ ਵਾਰੀ ਬੰਨ੍ਹ ਲਈ ਸੀ। ਜਿਹੜੇ ਨੂੰਹ ਪੁੱਤ ਦੀ ਵਾਰੀ ਆਉਂਦੀ,ਉਹ ਮਹੀਨੇ ਦੇ ਪਹਿਲੇ ਤੀਹ ਦਿਨਾਂ ਤੱਕ ਤਾਂ ਬੁੜਬੁੜ ਕਰਦੇ ਬਾਪੂ ਨੂੰ ਰੋਟੀ ਦਿੰਦੇ ਰਹਿੰਦੇ। ਜਦੋਂ ਇਕੱਤੀਆਂ ਦਿਨਾਂ ਦਾ ਮਹੀਨਾ ਆਉਂਦਾ ਤਾਂ ਘਰ ਵਿੱਚ ਕਲੇਸ਼ ਛਿੜ ਪੈਂਦਾ। ਨੂੰਹਾਂ ਆਪੋ ਆਪਣੀ ਥਾਂ ਅੜ ਜਾਂਦੀਆਂ, "ਜਦ ਬਾਪੂ ਨੇ ਤਿੰਨਾਂ ਨੂੰ ਬਰੋਬਰ ਦੇ ਹਿੱਸੇ ਪਾਏ ਐ। ਫਿਰ ਇਹ ਵਾਧੂ ਦੀ ਚੱਟੀ ਅਸੀਂ ਕਿਉਂ ਭਰੀਏ?"

ਬਲਜੀਤ ਕੌਰ ਨੂੰ ਮੋਇਆਂ ਹਾਲੇ ਵਰ੍ਹਾ ਨਹੀਂ ਸੀ ਲੰਘਿਆ। ਘਰ ਵਿੱਚ ਹੁੰਦੇ ਨਿੱਤ ਦੇ ਕਲੇਸ਼ ਤੋਂ ਗੁਰਨੇਕ ਸਿੰਘ ਤੰਗ ਆ ਗਿਆ ਸੀ। ਕਦੇ-ਕਦੇ ਉਸ ਦਾ ਦਿਲ ਕਰਦਾ ਕਿਤੇ ਖੂਹ ਖਾਤੇ ਛਾਲ ਮਾਰ ਜਾਵੇ, ਪਰ ਫਿਰ ਉਸ ਨੂੰ ਗੁਰਦੁਆਰੇ ਵਾਲੇ ਭਾਈ ਜੀ ਦੀ ਗੱਲ ਯਾਦ ਆ ਜਾਂਦੀ, "ਖ਼ੁਦਕੁਸ਼ੀ ਤਾਂ ਬੁਜ਼ਦਿਲ ਬੰਦੇ ਕਰਦੇ ਹੁੰਦੇ ਐ। ਗੁਰੂ ਦਾ ਸਿੱਖ ਤਾਂ ਆਖ਼ਰੀ ਦਮ ਤੱਕ ਲੜਦੈ।"


ਫਿਰ ਇੱਕ ਦਿਨ ਉਹ ਦਰਵਾਜ਼ੇ ਕੋਲ ਬੈਠਾ ਸੀ। ਨੰਗ ਪੈਰਿਆਂ ਦਾ ਗਿੰਦਰ ਬੱਕਰੀਆਂ ਆਲੇ ਘੀਚਰ ਨੂੰ ਦੱਸ ਰਿਹਾ ਸੀ, "ਸੰਗਰੂਰ ਸ਼ਹਿਰ ਦੇ ਬਾਹਰਵਾਰ ਭਗਤ ਪੂਰਨ ਸਿੰਘ ਦੇ ਨਾਂਅ 'ਤੇ ਪਿੰਗਲਵਾੜਾ ਸੰਸਥਾ ਬਣੀ ਹੋਈ ਐ। ਓਥੇ ਉਹ ਬੇਘਰੇ ਅਤੇ ਨਿਆਸਰਿਆਂ ਨੂੰ ਰੱਖ ਲੈਂਦੇ ਨੇ।" ਗੁਰਨੇਕ ਉਸੇ ਸ਼ਾਮ ਮਾਸਟਰ ਦਲਬਾਰ ਸਿੰਘ ਦੇ ਘਰ ਗਿਆ ਤੇ ਉਸ ਤੋਂ ਪਿੰਗਲਵਾੜੇ ਦੇ ਨਾਂਅ ਇੱਕ ਅਰਜ਼ੀ ਲਿਖਵਾ ਕੇ ਭਿਜਵਾ ਆਇਆ।

ਅਰਜ਼ੀ ਦਿੱਤੀ ਨੂੰ ਹਾਲੇ ਅੱਠ ਦਿਨ ਹੀ ਲੰਘੇ ਸਨ ਕਿ ਮਾਸਟਰ ਦੇ ਫੋਨ 'ਤੇ ਸੁਨੇਹਾ ਆ ਗਿਆ। ਉਨ੍ਹਾਂ ਗੁਰਨੇਕ ਸਿੰਘ ਨੂੰ ਅਗਲੇ ਦਿਨ ਸਵੇਰੇ ਦਸ ਵਜੇ ਪਿੰਗਲਵਾੜਾ ਸੰਸਥਾ ਪਹੁੰਚਣ ਲਈ ਆਖਿਆ ਸੀ। ਅਗਲੇ ਦਿਨ ਗੁਰਨੇਕ ਸਿੰਘ ਇੱਕ ਝੋਲੇ ਵਿੱਚ ਕੁਝ ਕੱਪੜੇ ਪਾ ਕੇ ਸਵੇਰੇ ਦਸ ਵਜੇ ਤੋਂ ਪਹਿਲਾਂ ਹੀ ਪਿੰਗਲਵਾੜੇ ਪੁੱਜ ਗਿਆ। ਸੰਸਥਾ ਦੇ ਮੁੱਖ ਸੇਵਾਦਾਰ ਨੇ ਬਾਬੇ ਨੂੰ ਪੁੱਛਿਆ, "ਬਾਬਾ ਜੀ, ਤੁਸੀਂ ਆਪਣੀ ਅਰਜ਼ੀ ਵਿੱਚ ਲਿਖਿਆ ਹੈ ਕਿ ਤੁਹਾਡੇ ਤਿੰਨ ਪੁੱਤਰ ਵਿਆਹੇ ਵਰ੍ਹੇ ਹਨ। ਤੁਸੀਂ ਆਪਣੀ ਸਾਰੀ ਜ਼ਮੀਨ ਤਿੰਨਾਂ ਪੁੱਤਰਾਂ ਵਿੱਚ ਵੰਡ ਦਿੱਤੀ ਹੈ। ਤਿੰਨਾਂ ਨੂੰ ਇੱਕ-ਇੱਕ ਕੋਠੀ ਨਾਂਅ ਲੁਆ ਦਿੱਤੀ ਹੈ। ਹੁਣ ਉਹ ਤੁਹਾਨੂੰ ਰੱਖਣ ਤੋਂ ਇਨਕਾਰੀ ਹਨ।"

"ਹਾਂ ਜੀ। ਉਹ ਮੈਨੂੰ ਰੱਖ ਕੇ ਰਾਜ਼ੀ ਨਹੀਂ ਜੀ। ਮੈਂ ਜਿਸ ਪੁੱਤਰ ਨਾਲ ਰਹਿੰਦਾ ਹਾਂ, ਉੱਥੇ ਹੀ ਕਲੇਸ਼ ਛਿੜ ਜਾਂਦੇ ਨੇ। ਬਸ ਜੀ, ਮੈਂ ਤਾਂ ਹੁਣ ਇੱਥੇ ਪਿੰਗਲਵਾੜੇ ਹੀ ਰਹਿਣਾ ਹੈ।" ਗੁਰਨੇਕ ਨੇ ਹੱਥ ਜੋੜ ਦਿੱਤੇ।

"ਬਾਬਾ ਜੀ, ਮੈਂ ਤਾਂ ਤੁਹਾਨੂੰ ਕੇਵਲ ਇਹ ਦੱਸ ਰਿਹਾ ਹਾਂ ਕਿ ਸਰਕਾਰ ਨੇ ਹੁਣ ਨਵਾਂ ਕਾਨੂੰਨ ਬਣਾ ਦਿੱਤਾ ਹੈ। ਜਿਹੜੇ ਪੁੱਤਰ-ਨੂੰਹਾਂ ਆਪਣੇ ਬਜ਼ੁਰਗ ਮਾਤਾ-ਪਿਤਾ ਨੂੰ ਆਪਣੇ ਨਾਲ ਰੱਖਣ ਤੋਂ ਇਨਕਾਰੀ ਹਨ, ਉਨ੍ਹਾਂ ਦੇ ਨਾਂਅ ਲਗਵਾਈ ਜਾਇਦਾਦ ਸਿਰਫ਼ ਇੱਕ ਅਰਜ਼ੀ ਦੇ ਕੇ ਵਾਪਸ ਲਈ ਜਾ ਸਕਦੀ ਹੈ। ਜੇਕਰ ਤੁਸੀਂ ਆਪਣੇ ਲਈ ਇੱਕ ਕੋਠੀ ਖਾਲੀ ਕਰਵਾਉਣੀ ਚਾਹੁੰਦੇ ਹੋ ਤਾਂ ਇੱਕ ਅਰਜ਼ੀ ਲਿਖ ਦਿਓ। ਇੱਕ ਮਹੀਨੇ ਵਿੱਚ ਤੁਹਾਡੀ ਕੋਠੀ ਖਾਲੀ ਕਰਵਾ ਕੇ ਕੋਠੀ ਦਾ ਕਬਜ਼ਾ ਤੁਹਾਨੂੰ ਦਿਵਾ ਦਿਆਂਗੇ। ਤੁਸੀਂ ਆਰਾਮ ਨਾਲ ਆਪਣੀ ਕੋਠੀ ਵਿੱਚ ਰਹਿਓ।"

"ਨਹੀਂ ਸਰਦਾਰ ਸਾਹਿਬ, ਮੈਂ ਇਨ੍ਹਾਂ ਕੋਰਟ-ਕਚਹਿਰੀਆਂ ਵਿੱਚ ਨ੍ਹੀਂ ਪੈਣਾ। ਆਖ਼ਰ ਉਹ ਹੈਣ ਤਾਂ ਮੇਰਾ ਆਪਣਾ ਖ਼ੂਨ। ਮੈਂ ਤਾਂ ਬਸ ਆਪਣੀ ਰਹਿੰਦੀ ਜ਼ਿੰਦਗੀ ਇੱਥੇ ਪਿੰਗਲਵਾੜੇ ਵਿੱਚ ਹੀ ਕੱਟ ਲੈਣੀ ਐ।" ਸਰਦਾਰ ਸਾਹਿਬ ਦੇ ਕਹਿਣ 'ਤੇ ਪਿੰਗਲਵਾੜੇ ਦੇ ਇੱਕ ਮੁਲਾਜ਼ਮ ਨੇ ਬਾਬਾ ਜੀ ਨੂੰ ਨਾਲ ਲੈ ਕਮਰਾ ਨੰਬਰ ਤੇਰਾਂ ਦਾ ਦਰਵਾਜ਼ਾ ਖੋਲ੍ਹ ਦਿੱਤਾ।






## ਬਾਪੂ

ਭੁਪਿੰਦਰ ਸਿੰਘ ਰੁਪਾਲ, ਲੁਧਿਆਣਾ



ਮੁੜਿਆ, ਮੁੜਿਆ, ਮੁੜਿਆ ਬਾਪੂ,
ਤੇਰੀ ਯਾਦ 'ਚ ਜਾਵਾਂ ਮੈਂ ਖੁਰਿਆ ਬਾਪੂ।
ਖੁਦ ਤਾਂ ਤੁਰ ਗਿਆ ਲੰਮੀਆਂ ਵਾਟਾਂ,
ਮੈਂ ਕੰਧਾਂ ਨਾਲ ਰਹਿ ਗਿਆ ਜੁੜਿਆ ਬਾਪੂ।
ਮੁੜਿਆ, ਮੁੜਿਆ, ਮੁੜਿਆ ਬਾਪੂ,
ਤੇਰੀ ਯਾਦ 'ਚ ਜਾਵਾਂ ਮੈਂ ਖੁਰਿਆ ਬਾਪੂ।

ਲੋਕਾਚਾਰੀ ਵਿੱਚ ਦਿਨ ਲੰਘ ਜਾਵੇ,
ਤਰਕਾਲਾਂ ਵਿੱਚ ਜੱਦ ਸੂਰਜ ਡੁੱਬੇ,
ਫਿਰ ਤੇਰੀ ਯਾਦਾਂ ਵਾਲਾ ਤੀਰ,
ਸੀਨੇ ਦੇ ਵਿੱਚ ਆ ਕੇ ਖੁੱਬੇ।
ਕਿੰਝ ਦਿਲਾਸਾ ਦਿਲ ਨੂੰ ਦੇਵਾ
ਰੋ ਰੋ ਕੇ ਮੈਂ ਜਾਵਾਂ ਝੁਰਿਆਂ ਬਾਪੂ।
ਮੁੜਿਆ, 'ਚ ਜਾਵਾਂ ਮੈਂ ਖੁਰਿਆ ਬਾਪੂ।

ਕਦੇ ਬੂਹੇ ਵਿੱਚ ਖੜਾ ਮੈਂ ਵੇਖਾਂ,
ਕਦੇ ਚੁਬਾਰੇ ਚੜਦਾ।
ਕਦੇ ਵੇਖਾਂ ਸੋਹਣੀ ਪੱਗ ਸਜਾਉਂਦਾ,
ਕਦੇ ਵੇਖਾਂ ਪਾਠ ਕਰਦਾ।
ਜੱਦ ਖਿਆਲਾਂ ਵਿੱਚ ਤੈਨੂੰ ਜੱਫੀ ਪਾਵਾਂ,
ਤੂੰ ਜਾਵੇ ਵਾਂਗ ਪਤਾਸੇ ਭੁਰਿਆ ਬਾਪੂ।
ਮੁੜਿਆ, ਮੁੜਿਆ, ਮੁੜਿਆ ਬਾਪੂ,
ਤੇਰੀ ਯਾਦ 'ਚ ਜਾਵਾਂ ਮੈਂ ਖੁਰਿਆ ਬਾਪੂ

ਬਾਪੂ ਤੇਰੇ ਹੁੰਦੇ ਮੈਨੂੰ ਫਿਕਰ ਨਾ ਫਾਕਾ ਸੀ,
ਤੇਰੇ ਜਾਣ ਪਿੱਛੋਂ ਪਿਆ ਖੁਸ਼ੀਆਂ ਤੇ ਡਾਕਾ ਸੀ।
ਤੇਰੀ ਯਾਰੀ ਅੱਗੇ ਸਭ ਫਿੱਕੀਆਂ ਨੇ ਯਾਰੀਆਂ,
ਵਸ ਜੇ ਚਲਦਾ ਰੱਬ ਤੋਂ ਉਮਰਾਂ ਮੰਗਦਾ ਉਧਾਰੀਆਂ।
ਖੁਦ ਨੂੰ ਦਿਲਾਸਾ ਦੇ ਕੇ ਜੱਗ ਵਿੱਚ ਹੱਸਣਾ,
ਤੇਰੇ ਵਾਜੋ ਪੈਂਦਾ ਹੁਣ, ਦੁੱਖ ਖੁਦ ਨੂੰ ਹੀ ਦੱਸਣਾ।
ਭੈਣਾਂ ਦੇ ਹੰਜੂ ਰੱਬਾ ਵੇਖਣੇ ਸੌਖਾਲੇ ਨਹੀਂ,
ਵੈਰੀ ਨੂੰ ਵੀ ਪਾਈ ਨਾ ਵਕਤ ਏਹੋ ਜੇਹੇ ਕਾਲੇ ਨਹੀਂ।
ਬਾਪੂ ਇੱਕ ਵਾਰੀ ਮੁੜਿਆ ਕਿਉਂ ਬਣਿਆ ਸ਼ਰੀਕ ਏ,
ਮਾਂ ਮੇਰੀ ਰੋ ਰੋ ਕੇ ਰਹੀ ਬੂਹੇ ਅੱਗੇ ਉਡੀਕ ਏ।
ਵਿੱਚ ਅਸਮਾਨੀ ਬੈਠਾ ਬਣਕੇ ਚਮਕਦਾ ਤਾਰਾ,
ਬਾਪੂ ਤੈਨੂੰ ਯਾਦ ਕਰਦਾ ਪਿੰਡ ਸਾਰਾ ਬੁਰਜ ਕੁਲਾਰਾ।

## ਮੈਂ ਕੁਦਰਤ

ਮਨਜੀਤ ਸਿੰਘ ਬੱਧਣ

ਵੇ ਮਨਜੀਤ! ਕਿੱਧਰ ਨੂੰ ਤੂੰ ਜਾ ਰਿਹੈਂ?
ਇਨ੍ਹਾਂ ਨੱਠਦੇ ਕਦਮਾਂ ਨੂੰ ਡੱਕ ਸਹੀ
ਦਰੱਖ਼ਤ, ਪਹਾੜ, ਖੱਡਾਂ, ਜਨੌਰ ਵੇਖ ਰਹੇ,
ਘੜੀ ਕੁ ਇਨ੍ਹਾਂ ਨੂੰ ਵੀ ਤੱਕ ਸਹੀ।
ਭਟਕਿਆ-ਭਟਕਿਆ ਲੱਗ ਰਿਹੈਂ!
ਇਨ੍ਹਾਂ ਭਟਕਣਾਂ ਤੋਂ ਕਦੇ ਤਾਂ ਅੱਕ ਸਹੀ
ਭੰਡਾ-ਭੰਡਾਰੀਆ ਕਿੰਨਾ ਕੁ ਭਾਰ,
ਇਸ ਬੇਲੋੜੇ ਭਾਰ ਤੋਂ ਕਦੇ ਤਾਂ ਥੱਕ ਸਹੀ।
ਗੱਲ ਸੁਣ, ਹਰ ਕੋਈ ਹੈ ਮੁਸਾਫ਼ਿਰ,
ਪਰ ਜਮਾਵੇ ਇੱਥੇ ਆਪਣਾ ਝੂਠਾ ਹੱਕ ਸਹੀ।
ਇਹ ਮਿਲਿਆ, ਉਹ ਗਵਾਚਾ, ਇਹ ਬਾਕੀ,
ਇਹ ਵਹੀ-ਖਾਤਾ ਪਰ੍ਹਾਂ ਧੱਕ ਸਹੀ।
ਆ ਪੁੱਤ! ਆ ਕੇ ਬੈਠ ਮੇਰੀ ਬੁੱਕਲ ਵਿੱਚ,
ਛੱਡ ਵੱਡੇ ਹੋਣ ਦੀ ਸੰਗ ਤੇ ਜੱਕ ਸਹੀ
ਓ ਵੇਖ ਬੱਕਰੀਆਂ-ਗਾਵਾਂ ਚਰਦੀਆਂ,
ਓਧਰ ਪੱਕੀ ਇੱਧਰ ਫ਼ਸਲ ਅਪੱਕ ਸਹੀ।
ਜੇ ਵਾਰ-ਵਾਰ ਇੱਥੇ ਆ ਨਹੀਂ ਸਕਦਾ,
'ਕੇਰਾਂ ਅੱਖਾਂ ਨੂੰ ਪਲਕਾਂ ਨਾਲ ਢੱਕ ਸਹੀ।
ਵੇਖੀਂ ਮੈਨੂੰ ਰਾਹ ਤੇਰਾ ਵੇਖਦੀ,
ਇਹ ਨੁਸਖਾ ਵਰਤ ਕੇ ਵੇਖੀਂ ਬੇਸ਼ੱਕ ਸਹੀ।
ਅੱਜ ਦੇ ਦਿਨ ਲੈ ਜਾ ਦੁਆਵਾਂ,
ਚੁੱਕ ਕੇ ਰੰਬਾ-ਕਹੀ, ਲਾ ਭੋਇੰ ਨੂੰ ਟੱਕ ਸਹੀ
ਪੁੱਟ ਲਵੀਂ ਟੋਏ, ਲਗਾ ਦੇਵੀਂ ਬੂਟੇ ਕਈ,
ਮੈਂ ਕੁਦਰਤ ਲਈ ਰਹੀਂ ਪਰਪੱਕ ਸਹੀ।

## ਮਿਹਰਬਾਨੀਆਂ

ਸੁਖਵਿੰਦਰ ਸਿੰਘ ਜਲਾਲਪੁਰੀ

ਫੱਟ ਲਾ ਪੁੱਛੇਂ ਕੀਹਨੇ ਜ਼ਖ਼ਮ ਦਿੱਤੇ
ਰਾਸ ਆਉਣ ਨਾ ਇਹ ਨਦਾਨੀਆਂ ਵੇ।
ਖ਼ੂਨ ਨਿਚੋੜ ਮੈਨੂੰ ਬੱਗੀ ਪੂਣੀ ਕੀਤਾ
ਸਭ ਤੇਰੀਆਂ ਹੀ ਮਿਹਰਬਾਨੀਆਂ ਵੇ।
ਦਿਲ ਤੋੜ ਸਾਡਾ ਖ਼ੁਦ ਮਾਣ ਮੌਜਾਂ
ਮਾਰੇਂ ਸਿੰਨ੍ਹ ਸਿੰਨ੍ਹ ਸੀਨੇ ਸਾਡੇ ਕਾਨੀਆਂ ਵੇ।
ਵਾਅਦੇ ਤੋੜ ਸਾਡੇ ਨਾਲ ਕੀਤੇ ਸਾਰੇ
ਕਰ ਗਿਆ ਤੂੰ ਕਾਹਤੋਂ ਮਨਮਾਨੀਆਂ ਵੇ।
ਪਰਾਏ ਸ਼ਹਿਰ ਤੈਨੂੰ ਹੁਣ ਪਿਆਰੇ ਹੋ ਗਏ
ਸਾਡੇ ਪਿੰਡ ਵੱਲ ਕਰੇਂ ਬੇਧਿਆਨੀਆਂ ਵੇ।
ਸਾਡੀ ਨਿੰਮ ਥੱਲੇ ਤੈਨੂੰ ਹੁਣ ਸੇਕ ਆਵੇ,
ਠਾਰ ਦੇਣ ਤੈਨੂੰ ਕਿੱਕਰਾਂ ਬਿਗਾਨੀਆਂ ਵੇ।
ਸਾਥੋਂ ਕਸਮਾਂ ਪੁਆ ਕੇ ਈਮਾਨ ਦੀਆਂ
ਖ਼ੁਦ ਕਰ ਗਿਆ ਤੂੰ ਬੇਈਮਾਨੀਆਂ ਵੇ।
ਤੈਨੂੰ ਸਮਝਿਆ ਅਸੀਂ ਸੀ ਰੱਬ ਵਰਗਾ
ਕਰ ਕੋਝੀਆਂ ਤੂੰ ਗਿਆ ਸ਼ੈਤਾਨੀਆਂ ਵੇ।
'ਸੁਖਵਿੰਦਰ' ਕਰ ਕਤਲ ਸਾਡੇ ਚਾਵਾਂ ਦਾ
ਅਪਰਾਧੀ ਬਣ ਗਿਆ ਤੂੰ ਐਲਾਨੀਆ ਵੇ।
ਦਿਲ ਮੋੜ ਦੇ ਮੇਰਾ ਤੂੰ ਮੈਨੂੰ ਵਾਪਸ
ਲੈ ਜਾ ਤੂੰ ਵੀ ਦਿੱਤੇ ਛੱਲੇ ਗਾਨੀਆਂ ਵੇ।




ਹਕੂਮਤ ਦੇ ਘਰਾਟ 'ਚ ਪਿਸਦੇ
ਕੰਮੀਆਂ ਦੀ ਮਿਹਨਤ
ਹੁਣ ਅਜਾਈਂ ਨਹੀਂ ਜਾਏਗੀ
ਇੱਕ ਨਾ ਇੱਕ ਦਿਨ ਉਹ
ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਪ੍ਰਾਚੀਨ ਕਾਲ ਤੋਂ ਵਰਤਮਾਨ ਤੱਕ
ਟੁੱਕ ਖ਼ਾਤਰ ਜੂਝਦੇ ਆ ਰਹੇ
ਇਨ੍ਹਾਂ ਕੰਮੀਆਂ ਦੀ ਆਵਾਜ਼ ਨੂੰ
ਹੁਣ ਹਕੂਮਤ ਨਹੀਂ ਦਬਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਸਭ ਨੂੰ ਸੁਮੱਤ ਮਿਲ ਗਈ
ਹੁਣ ਉਹ ਪਿਛਲੱਗ ਬਣ ਨਹੀਂ
ਸਗੋਂ ਆਗੂ ਬਣ ਵਿਚਰਨਗੇ
ਤੇ ਉਨ੍ਹਾਂ ਦੀ ਕਾਬਲੀਅਤ ਖੰਨੇ
ਇੱਕ ਵੱਖਰਾ ਰੰਗ ਲਿਆਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਸ਼ਾਹੂਕਾਰਾਂ ਦਾ ਗੋਹਾ ਕੂੜਾ ਸੁੱਟ
ਹੁਣ ਉਨ੍ਹਾਂ ਦਾ ਕਾਮਾ ਨਹੀਂ
ਅਫ਼ਸਰ ਬਣ ਹੁਕਮ ਚਲਾਏਗਾ
ਬੱਚਿਆਂ ਨੂੰ ਤਾਲੀਮ ਦਿਵਾ
ਜਿੰਦ ਸੁਖ ਦੀ ਜੂਨ ਹੰਢਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ
ਲਿਖਤ ਨਾਲ ਬਦਲ ਤਕਦੀਰ
ਜਦ ਤਕਦੀਰ ਨਾਲ ਟਕਰਾਏਗੀ
ਕਰ ਖ਼ਤਮ ਪਾੜਾ ਨਿੱਕੇ ਵੱਡੇ ਦਾ
ਬਰਾਬਰੀ ਦਾ ਹੱਕ ਤੇ ਇਨਸਾਫ਼
ਅਜੀਤ ਦੀ ਕਲਮ ਦਿਵਾਏਗੀ
ਉਹ ਆਜ਼ਾਦੀ ਦੀ ਰੋਸ਼ਨੀ ਜ਼ਰੂਰ
ਕੰਮੀਆਂ ਦੇ ਵਿਹੜੇ
ਦੀਵੇ ਦੀ ਲੋਅ ਬਣ ਆਏਗੀ।

## ਰਿਸ਼ਤਿਆਂ ਦੀ ਲਾਸ਼

ਕੇਵਲ ਸਿੰਘ ਰੱਤੜਾ

ਪਿਆਰ ਦੇ ਰਾਹ ਤੇ ਕੋਈ ਬੰਦਾ, ਨਾ ਬੇਉਮੀਦ ਹੋਵੇ,
ਕੌਣ ਮਿਣਦਾ ਹੈ ਫਾਸਲੇ ਜਦੋਂ ਮੰਜ਼ਿਲ ਹੀ ਦੀਦ ਹੋਵੇ।
ਖੁਮਾਰੀ ਅੱਖਾਂ ਵਿੱਚ ਰਹਿੰਦੀ, ਸੋਚ ਤੇ ਗਲਬਾ ਵੀ ਹੁੰਦਾ,
ਚੁਫ਼ੇਰਾ ਜੰਨਤ ਜਿਹਾ ਲੱਗਦਾ, ਜਿਵੇਂ ਕੋਈ ਮੇਲਾ ਈਦ ਹੋਵੇ।
ਡਰੂ ਜਹੇ ਲੋਕਾਂ ਕੀ ਤੁਰਨਾ ਹੈ, ਧਾਰ-ਏ-ਤਲਵਾਰ ਦੇ ਉੱਤੇ,
ਕੋਈ ਦਸਮੇਸ਼ ਜਿਹਾ ਗੁਰੂ ਲੱਭੇ, ਤਾਂ ਹੀ ਬੰਦਾ ਮੁਰੀਦ ਹੋਵੇ।
ਲਹਿਰਾਂ ਹੀ ਪਾਣੀਆਂ ਨੂੰ ਜ਼ਿੰਦਾ ਰੱਖਕੇ ਹਸੀਨ ਬਣਾ ਦੇਣ,
ਵਰਨਾ ਉੱਜੜੇ ਕੰਢਿਆਂ ਲਈ ਕੌਣ ਸ਼ਹੀਦ ਹੋਵੇ।
ਵੰਡੀਆਂ ਦੇ ਕੈਂਸਰ ਨੇ ਅਪੰਗ ਕਰ ਛੱਡਿਆ ਸਮਾਜ ਨੂੰ,
ਰਲਕੇ ਦਵਾ ਲੱਭੀਏ ਭਾਵੇਂ ਹੋਵੇ ਕੌੜੀ ਪਰ ਮੁਫ਼ੀਦ ਹੋਵੇ।
ਸੇਹ ਦੇ ਤੱਕਲੇ ਦਾ ਟੂਣਾ ਕੌਣ ਕਰ ਗਿਆ ਸਾਡੇ ਦਰੀਂ
ਪਹਿਰਾ ਦੇ ਕੇ ਦਬੋਚੀਏ ਕਰੜਾ ਕਿ ਸਭ ਨੂੰ ਤਾਕੀਦ ਹੋਵੇ।
ਫ਼ਰਿਸ਼ਤੇ ਦੀ ਭਾਲ਼ ਵਿੱਚ ਯਾਰ ਹੀ ਨਾ ਗੁਆ ਬਹੀਏ
ਟੋਹਕੇ ਤਾਂ ਦੇਖ, ਕੀ ਪਤਾ ਨੀਲਮ ਜਾਂ ਹੀਰਾ ਮਜੀਦ ਹੋਵੇ।
ਕਿੰਨਾ ਚਿਰ ਢੋਏਂਗਾ ਮੋਢਿਆਂ 'ਤੇ ਰਿਸ਼ਤਿਆਂ ਦੀ ਲਾਸ਼,
'ਰੱਤੜਾ' ਰਾਤ ਹੋਵੇ ਰੁਖ਼ਸਤ ਨਾ ਕੋਈ ਚਸ਼ਮਦੀਦ ਹੋਵੇ।
* * *

## ਤੁਸੀਂ ਚੰਗੇ ਲੋਕ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਤੁਸੀਂ ਲੋਕ ਬੜੇ ਹੀ ਚੰਗੇ ਓ,
ਸਾਡਾ ਵੀ ਕੁੱਝ ਖਿਆਲ ਕਰੋ,
ਸਾਡੇ ਸਵਾਲਾਂ ਦੇ ਜਵਾਬ ਦਿਓ,
ਫਿਰ ਸਾਨੂੰ ਵੀ ਕੁੱਝ ਸਵਾਲ ਕਰੋ।

ਕਿਉਂ ਬੇਵਸੀ ਦੇ ਦੌਰ ਦੇ ਵਿੱਚ,
ਹਰ ਪੈਰ ਪੈਰ 'ਤੇ ਝਗੜਾ ਹੈ,
ਸਭਨਾਂ ਦੀ ਹਾਲਤ ਇੱਕੋ ਜਿਹੀ,
ਆਓ ਰਲ ਕੇ ਹੱਲ ਮਲਾਲ ਕਰੋ।

ਸਵਾਰ ਹਾਂ ਇੱਕੋ ਬੇੜੀ ਦੇ,
ਇੱਕੋ ਮੰਜ਼ਿਲ ਦੇ ਪਾਂਧੀ ਹਾਂ,
ਫਿਰ ਸਾਂਝੇ ਹਾਵਾਂ ਭਾਵਾਂ ਲਈ,
ਬੋਲ ਸਾਂਝੇ ਇਸਤੇਮਾਲ ਕਰੋ।

ਇਹ ਦੁਨੀਆ ਇੱਕ ਗੁਲਦਸਤਾ ਹੈ,
ਜਿੱਥੇ ਰੰਗ ਰੰਗ ਦੇ ਫੁੱਲ ਖਿੜਦੇ,
ਇਸ ਫੁੱਲਵਾੜੀ ਦੀ ਰੰਗਤ ਦਾ,
ਤਿਆਰ ਸਾਂਝਾ ਜਮਾਲ ਕਰੋ।

ਲਿਖ ਆਪਣੀਆਂ ਕਥਾ ਕਹਾਣੀਆਂ ਨੂੰ,
ਸਾਂਝੀਆਂ ਹਰ ਦਮ ਕਰਨ ਦੇ ਲਈ,
ਵੱਖੋ ਵੱਖਰੇ ਅੰਦਾਜ਼ਾਂ ਦਾ,
ਵਧੀਆ ਮਹੌਲ ਬਹਾਲ ਕਰੋ।


ਕੁੜੱਤਣ ਕਿਸੇ ਵੀ ਮੌਕੇ 'ਤੇ,
ਕਦੀ ਚੰਗੀ ਸਾਬਤ ਨਹੀਂ ਹੁੰਦੀ,
ਨਫ਼ਰਤ ਦੇ ਪੌਦੇ ਲਾ ਲਾ ਕੇ,
ਨਾ ਜੀਣਾ ਤੁਸੀਂ ਮੁਹਾਲ ਕਰੋ।

ਹਰ ਪਲ ਜੀਵਨ ਦਾ ਕੀਮਤੀ ਹੈ,
ਹਰ ਦਿਲ ਵਿੱਚ ਇੱਕੋ ਜੋਤੀ ਹੈ,
ਜੋਤ ਤੋਂ ਜੋਤ ਜਗਾਵਣ ਲਈ,
ਤਿਆਰ ਅਨੋਖਾ ਇੱਕ ਜਾਲ ਕਰੋ।

ਤੁਸੀਂ ਲੋਕ ਬੜੇ ਹੀ ਚੰਗੇ ਓ,
ਸਾਡਾ ਵੀ ਕੁੱਝ ਖਿਆਲ ਕਰੋ,
ਸਾਡੇ ਸਵਾਲਾਂ ਦੇ ਜਵਾਬ ਦਿਓ,
ਫਿਰ ਸਾਨੂੰ ਵੀ ਕੁੱਝ ਸਵਾਲ ਕਰੋ।

## ਨਸੀਬ

ਸ਼ਾਜ਼ੀਆ ਅਕਰਮ ਨਾਇਬ



ਆਉਣੀ ਏ ਓਹ ਰਾਤ ਕਬੂਲਾਂ ਵਾਲੀ ਵੇ
ਮੰਗ ਲੈਣਾ ਮੈਂ ਰੱਬ ਕੋਲੋਂ ਤੈਨੂੰ ਮੰਗ ਲੈਣਾ
ਦੇ ਦੇਣੀ ਬਦਲੇ ਵਿੱਚ ਦੁਨੀਆ ਦੇ ਦੇਣੀ
ਲੈ ਲੈਣੀ ਹਰ ਕੀਮਤ, ਕੁਰਬਤ ਲੈ ਲੈਣੀ
ਆ ਗਈ ਏ ਓਹ ਰਾਤ ਕਬੂਲਾਂ ਵਾਲੀ ਵੇ
ਲੱਗ ਗਈ ਏ ਅੱਖ ਨਾਲ ਖੁਸ਼ੀ ਦੇ ਲੱਗ ਗਈ ਵੇ

ਖੁੱਲ੍ਹੇ ਵੇ ਮੇਰੇ ਨੈਣ, ਕੋਇਲੇ ਖੁੱਲ੍ਹੇ ਵੇ
ਚੁੱਕ ਲਏ ਹੱਥ ਹੋਰ ਕਿਸੇ ਨੇ ਚੁੱਕ ਲਏ
ਮੰਗ ਲਿਆ ਤੈਨੂੰ ਹੋਰ ਕਿਸੇ ਨੇ ਮੰਗ ਲਿਆ

ਰਹਿ ਗਈ ਵੇ ਮੈਂ ਹੱਥ ਪਸਾਰੇ ਰਹਿ ਗਈ ਵੇ
ਰਹਿ ਗਈ ਮੈਂ ਵਿੱਚ ਹਿਜਰ ਖਸਾਰੇ ਰਹਿ ਗਈ ਵੇ

## ਗ਼ਜ਼ਲ

ਗੁਰਬਖ਼ਸ਼ ਸਿੰਘ 'ਨਾਕਾਮ'

ਮਹਿਰਮ ਬਣੇ ਰਹਿਣ ਸਦ ਦਿਲ ਦੇ,
ਹੋਏ ਕਿਸਮਤ ਆ ਤਾਹੀਓਂ ਮਿਲਦੇ।
ਗਾਹ ਮਾਰਿਆ ਮੈਂ ਕੁੱਲ ਗੁਲਜ਼ਾਰ,
ਵੇਖਣ ਨੂੰ ਨਾ ਮਿਲੇ ਫੁੱਲ ਖਿਲਦੇ।
ਖੋਦ-ਖੋਦ ਖੁੱਡ, ਚੂਹੇ ਥੱਕ ਜਾਵਣ,
ਸੱਪ ਬਣ ਬੈਠਣ ਮਾਲਕ ਬਿਲ ਦੇ।
ਤਿੜਕਿਆ ਸ਼ੀਸ਼ਾ ਭਾਵੇਂ ਜੁੜ ਜਾਵੇ,
ਫੱਟ ਦਿਲ ਲੱਗੇ ਕਦੇ ਨਾ ਸਿਲਦੇ।
ਉੱਜੜੇ ਵੱਸੇ, ਉੱਜੜੇ, ਮੁੜ ਵੱਸੇ,
ਪਰ ਨਾ ਦੇਣਦਾਰ ਇੱਕ ਤਿਲ ਦੇ।
ਬੇ-ਇਨਸਾਫ਼ੀ ਦੇ ਤਾਬੂਤਾਂ ਖ਼ਾਤਰ,
ਤਲਬਗਾਰ ਅਸੀਂ ਹਰ ਕਿੱਲ ਦੇ।
ਸਦੀਆਂ, ਪੁਸ਼ਤਾਂ ਦੇਣ ਨਾ ਮੁਆਫ਼ੀ,
ਗੁਨਾਹਗਾਰ ਜੋ ਵਰਤੀ ਢਿੱਲ ਦੇ।
'ਨਾਕਾਮ' ਜੇ ਨੀਅਤ ਰਾਸ ਮੁਕੰਮਲ,
ਹੱਲ ਮਿਲ ਜਾਂਦੇ ਹਰ ਮੁਸ਼ਕਿਲ ਦੇ।

## ਹੌਸਲੇ ਬੁਲੰਦ ਰੱਖਿਓ

ਜਸਪਾਲ ਸਿੰਘ


ਕਈ ਗਾਉਂਦੇ ਤੇ ਪੜ੍ਹਾਉਂਦੇ ਦੇਖੇ ਅੱਖਾਂ ਤੋਂ ਬਗੈਰ
ਲੋਕੀਂ ਅੰਬਰਾਂ 'ਤੇ ਪਹੁੰਚ ਗਏ ਨੇ ਪੌੜੀਆਂ ਬਗੈਰ
ਹੋਵੇ ਐਸਾ ਜਨੂਨ, ਮੰਜ਼ਿਲ ਤੋਂ ਬਿਨਾਂ ਆਵੇ ਨਾ ਸਕੂਨ
ਇਹੋ ਜਿਹੇ ਸੱਜਣੋ ਇਰਾਦੇ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ
ਪਤਾ ਨਹੀਂ ਅੱਜ ਕੀ ਹੋਣਾ ਕੱਲ੍ਹ ਕੀ ਹੋਣਾ
ਜ਼ਿੰਦਗੀ ਗੁਜ਼ਰ ਜਾਂਦੀ, ਮੁੱਕਦਾ ਨਾ ਰੋਣਾ ਧੋਣਾ
ਛੱਡ ਮਾੜੀ ਸੋਚ, ਅਗਾਂਹ ਕਦਮ ਪੁੱਟਣੇ ਦੀ ਸੋਚ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ
ਸ਼ੇਰ ਦੀ ਸਵਾਰੀ ਦਾ ਮਾਦਾ ਰੱਖਦੇ ਜੋ ਲੋਕੀਂ
ਉਨ੍ਹਾਂ ਸੂਰਬੀਰਾਂ ਨੂੰ ਸਜਦਾ ਕਰਦੇ ਨੇ ਲੋਕੀਂ
ਇਹੋ ਜਿਹੇ ਜਜ਼ਬੇ ਮਨਾਂ 'ਚ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ
ਸੁਲਗਣ ਲੱਗੇ ਜਦ ਕੁਝ ਕਰਨੇ ਦੀ ਚੰਗਿਆੜੀ
ਵਾਰ-ਵਾਰ ਕਰ ਕੋਸ਼ਿਸ਼, ਕਦੇ ਹਿੰਮਤ ਨਾ ਹਾਰੀਂ
ਖੂਹ ਪੁੱਟ ਪਿਆਸ ਬੁਝਾਉਣ ਦੇ ਹੰਭਲੇ ਮਾਰੀ ਰੱਖਿਓ
ਕਾਮਯਾਬ ਹੋਵਾਂਗੇ ਜ਼ਰੂਰ, ਹੌਸਲੇ ਬੁਲੰਦ ਰੱਖਿਓ

# 17 ਖਿਡਾਰੀਆਂ ਨੂੰ ਅਰਜੁਨ ਐਵਾਰਡ ਦੇਣ ਲਈ ਚੁਣਿਆ


ਦਿਵਿਆ ਦੇਸ਼ਮੁਖ


ਤਰੀਸਾ ਜੌਲੀ


ਗਾਇਤਰੀ ਗੋਪੀਚੰਦ


ਤੇਜਸਵਿਨ ਸ਼ੰਕਰ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਖੇਡ ਮੰਤਰਾਲੇ ਨੇ ਸਾਲ 2025 ਲਈ ਕਿਸੇ ਵੀ ਖਿਡਾਰੀ ਨੂੰ ਵੱਕਾਰੀ ਧਿਆਨ ਚੰਦ ਖੇਡ ਰਤਨ ਐਵਾਰਡ ਨਾ ਦੇਣ ਦਾ ਫ਼ੈਸਲਾ ਕੀਤਾ ਹੈ। 17 ਖਿਡਾਰੀਆਂ ਨੂੰ ਅਰਜੁਨ ਐਵਾਰਡ ਦੇਣ ਲਈ ਚੁਣਿਆ ਹੈ। ਇਨ੍ਹਾਂ ਐਵਾਰਡਾਂ ਲਈ ਛੇ ਮਹੀਨੇ ਪਹਿਲਾਂ ਸਿਫ਼ਾਰਸ਼ ਕੀਤੀ ਗਈ ਸੀ। ਸੁਪਰੀਮ ਕੋਰਟ ਦੇ ਸਾਬਕਾ ਜੱਜ ਅਰੁਣ ਕੁਮਾਰ ਮਿਸ਼ਰਾ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਹਾਕੀ ਖਿਡਾਰੀ ਹਾਰਦਿਕ ਸਿੰਘ ਨੂੰ ਦੇਸ਼ ਦੇ ਸਰਬਉੱਚ ਖੇਡ ਐਵਾਰਡ ਲਈ ਨਾਮਜ਼ਦ ਕੀਤਾ ਸੀ ਪਰ ਆਖ਼ਰ 'ਚ ਉਹ ਦੌੜ 'ਚੋਂ ਬਾਹਰ ਹੋ ਗਿਆ। 2014 ਵਿੱਚ ਵੀ ਖੇਡ ਰਤਨ ਐਵਾਰਡ ਨਹੀਂ ਦਿੱਤਾ ਗਿਆ ਸੀ। ਵਿਸ਼ਵ ਕੱਪ ਜੇਤੂ ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ, ਡੈਕਥਲੌਨ ਅਤੇ ਉੱਚੀ ਛਾਲ ਦੇ ਐਥਲੀਟ ਤੇਜਸਵਿਨ ਸ਼ੰਕਰ ਅਤੇ ਬੈਡਮਿੰਟਨ ਖਿਡਾਰਨ ਗਾਇਤਰੀ ਗੋਪੀਚੰਦ ਸਣੇ 17 ਖਿਡਾਰੀਆਂ ਨੂੰ ਅੱਜ ਵੱਕਾਰੀ ਅਰਜੁਨ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਅਰਜੁਨ ਐਵਾਰਡ ਲਈ ਨਾਮਜ਼ਦ ਖਿਡਾਰੀਆਂ ਵਿੱਚ ਗਰੈਂਡਮਾਸਟਰ ਵਿਦਿਤ ਗੁਜਰਾਤੀ, ਬੈਡਮਿੰਟਨ ਖਿਡਾਰਨ ਤਰੀਸਾ ਜੌਲੀ, ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜੇਤੂ ਮੁੱਕੇਬਾਜ਼ ਨਰਿੰਦਰ ਅਤੇ ਨੌਜਵਾਨ (ਸੁਣਨ 'ਚ ਅਸਮਰੱਥ) ਰਾਈਫਲ ਨਿਸ਼ਾਨੇਬਾਜ਼ ਧਨੁਸ਼ ਸ੍ਰੀਕਾਂਤ ਵੀ ਸ਼ਾਮਲ ਹੈ। ਏਸ਼ਿਆਈ ਖੇਡਾਂ 1962 ਵਿੱਚ ਸੋਨ ਤਗ਼ਮਾ ਜੇਤੂ ਭਾਰਤੀ ਫੁਟਬਾਲ ਟੀਮ ਦੇ ਮੈਂਬਰ ਆਈ ਅਰੁਮੈਨਾਯਾਗਮ ਨੂੰ ਤਾਉਮਰ ਪ੍ਰਾਪਤੀਆਂ ਵਾਸਤੇ ਅਰਜੁਨ ਐਵਾਰਡ ਲਈ ਚੁਣਿਆ ਗਿਆ ਹੈ। ਮੰਤਰਾਲੇ ਨੇ ਤਿੰਨ ਦਰੋਣਾਚਾਰੀਆ ਐਵਾਰਡ ਜੇਤੂਆਂ ਦੇ ਨਾਂਅ ਵੀ ਐਲਾਨੇ ਹਨ। ਦੱਸਣਯੋਗ ਹੈ ਕਿ ਇਹ ਐਵਾਰਡ ਹਰ ਸਾਲ 29 ਅਗਸਤ ਨੂੰ ਕੌਮੀ ਖੇਡ ਦਿਵਸ ਮੌਕੇ ਦਿੱਤੇ ਜਾਂਦੇ ਹਨ। ਅਰਜੁਨ ਐਵਾਰਡ ਲਈ



ਤੇਜਸਵਿਨ ਸ਼ੰਕਰ ਤੇ ਪ੍ਰਿਯੰਕਾ ਗੋਸਵਾਮੀ (ਐਥਲੈਟਿਕਸ), ਨਰਿੰਦਰ (ਮੁੱਕੇਬਾਜ਼ੀ), ਵਿਦਿਤ ਗੁਜਰਾਤੀ ਤੇ ਦਿਵਿਆ ਦੇਸ਼ਮੁਖ (ਦੋਵੇਂ ਸ਼ਤਰੰਜ), ਧਨੁਸ਼ ਸ੍ਰੀਕਾਂਤ (ਡੈਫ ਸ਼ੂਟਿੰਗ), ਰਾਜਕੁਮਾਰ ਪਾਲ (ਹਾਕੀ), ਸੁਰਜੀਤ (ਕਬੱਡੀ), ਰੁਦਰਾਂਸ਼ ਖੰਡੇਲਵਾਲ (ਪੈਰਾ-ਸ਼ੂਟਿੰਗ), ਏਕਤਾ ਭਯਾਨ (ਪੈਰਾ ਐਥਲੈਟਿਕਸ), ਅਰਵਿੰਦ ਸਿੰਘ (ਰੋਇੰਗ), ਅਖਿਲ ਸ਼ਿਓਰਾਨ (ਨਿਸ਼ਾਨੇਬਾਜ਼ੀ), ਤਰੀਸਾ ਜੌਲੀ ਤੇ ਗਾਇਤਰੀ ਗੋਪੀਚੰਦ (ਦੋਵੇਂ ਬੈਡਮਿੰਟਨ), ਲਾਲਰੇਮਸਿਆਮੀ (ਹਾਕੀ), ਮੁਹੰਮਦ ਅਜਮਲ (ਐਥਲੈਟਿਕਸ) ਤੇ ਪੂਜਾ (ਕਬੱਡੀ) ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ ਦਰੋਣਾਚਾਰੀਆ ਐਵਾਰਡ ਲਈ ਪਰਵੀਰ ਸਿੰਘ, ਛੋਟੇ ਲਾਲ ਯਾਦਵ, ਨੇਹਾ ਚਵਾਨ ਜਦਕਿ ਦਰੋਣਾਚਾਰੀਆ ਐਵਾਰਡ (ਲਾਈਫਟਾਈਮ) ਲਈ ਧਰਮਿੰਦਰ ਯਾਦਵ ਤੇ ਵਰਿੰਦਰ ਕੁਮਾਰ ਨੂੰ ਚੁਣਿਆ ਗਿਆ ਹੈ।

# 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ 5 ਸਤੰਬਰ ਨੂੰ ਬਠਿੰਡਾ ਤੋਂ ਹੋਵੇਗੀ: ਮਾਨ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ 5 ਸਤੰਬਰ 2026 ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਸ਼ੁਰੂ ਹੋਣਗੀਆਂ। ਇਹ ਐਲਾਨ ਪਿਛਲੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿੱਚ ਕੀਤਾ। ਉਨ੍ਹਾਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦੀ ਸ਼ੁਰੂਆਤ 5 ਸਤੰਬਰ ਨੂੰ ਬਠਿੰਡਾ ਤੋਂ ਹੋਵੇਗੀ ਅਤੇ 29 ਨਵੰਬਰ ਨੂੰ ਪਟਿਆਲਾ ਵਿਖੇ ਇਸ ਦਾ ਸਮਾਪਨ ਹੋਵੇਗਾ। ਉਨ੍ਹਾਂ ਦੱਸਿਆ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ 9 ਉਮਰ ਵਰਗਾਂ ਦੇ ਅਧੀਨ 28 ਖੇਡਾਂ ਕਰਵਾਈਆਂ ਜਾਣਗੀਆਂ। ਇਸ ਵਾਰ 10 ਲੱਖ ਤੋਂ ਵੱਧ ਖਿਡਾਰੀ ਹਿੱਸਾ ਲੈਣਗੇ। ਭਗਵੰਤ ਮਾਨ ਨੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਕ੍ਰਮਵਾਰ 10 ਹਜ਼ਾਰ, 7 ਹਜ਼ਾਰ ਅਤੇ 5 ਹਜ਼ਾਰ ਰੁਪਏ ਨਗਦ ਇਨਾਮ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 3 ਤੋਂ 15 ਸਤੰਬਰ ਤੱਕ ਬਲਾਕ ਪੱਧਰੀ ਅਤੇ 20 ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ, ਜਦੋਂ ਕਿ 10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ 25 ਤੋਂ 28 ਨਵੰਬਰ ਤੱਕ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਪੈਰਾ ਖੇਡਾਂ ਵੀ ਕਰਵਾਈਆਂ ਜਾਣਗੀਆਂ।

# ਭਾਰਤ ਦਾ ਪਹਿਲਾ ਉਲੰਪੀਅਨ-ਬ੍ਰਿਗੇਡੀਅਰ ਲਾਭ ਸਿੰਘ



ਪ੍ਰਿੰ. ਸਰਵਣ ਸਿੰਘ
+1-905-779-1661

ਬ੍ਰਿਗੇਡੀਅਰ ਲਾਭ ਸਿੰਘ ਪੰਜਾਬ ਦਾ ਹੀਰਾ ਹਿਰਨ ਹੈ। ਟ੍ਰਿਪਲ ਜੰਪ ਦਾ ਉਲੰਪੀਅਨ। ਸਿੱਖਾਂ ਦਾ ਫ਼ਖ਼ਰੇ ਕੌਮ ਤੇ ਭਾਰਤ ਦਾ ਧਿਆਨ ਚੰਦ ਐਵਾਰਡੀ। ਪਿੰਡ ਸੰਦੌੜ ਦੇ ਮੌੜ ਲਾਣੇ ਦਾ ਮਘਦਾ ਸੂਰਜ। ਬਹਾਦਰੀ ਦੇ ਫੌਜੀ ਤਗ਼ਮੇ ਤੇ ਏਸ਼ਿਆਈ ਖੇਡਾਂ 'ਚੋਂ 3 ਮੈਡਲ ਜਿੱਤਣ ਵਾਲਾ ਅਲੋਕਾਰ ਅਥਲੀਟ। ਸਿਰੜੀ, ਸਿਦਕੀ ਤੇ ਮਿਹਨਤੀ ਮੁਸ਼ੱਕਤੀ। 1965 ਤੇ 1971 ਦੀਆਂ ਭਾਰਤ-ਪਾਕਿ ਜੰਗਾਂ ਦਾ ਜੁਝਾਰੂ ਸੂਰਮਾ। ਉਹ ਆਜ਼ਾਦ ਭਾਰਤ ਦਾ ਪਹਿਲਾ ਉਲੰਪੀਅਨ ਬ੍ਰਿਗੇਡੀਅਰ ਅਫ਼ਸਰ ਹੈ। ਬ੍ਰਿਟਿਸ਼ ਇੰਡੀਆ ਦਾ ਪਹਿਲਾ ਉਲੰਪੀਅਨ ਬ੍ਰਿਗੇਡੀਅਰ ਦਲੀਪ ਸਿੰਘ ਸੀ।

ਉਸ ਨੇ ਆਪਣੇ ਪਿੰਡ ਦੇ ਸਕੂਲ 'ਚ ਪੜ੍ਹਦਿਆਂ 15-16 ਸਾਲ ਦੀ ਉਮਰੇ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ ਸੀ। ਉਹ ਕੁਝ ਵੀ ਕਰ ਸਕਦਾ ਸੀ ਜੇ ਉਸ ਨੂੰ ਬਚਪਨ ਤੋਂ ਕਿਸੇ ਮਾਹਿਰ ਕੋਚ ਦੀ ਕੋਚਿੰਗ ਮਿਲੀ ਹੁੰਦੀ। ਫਿਰ ਵੀ ਦਰਮਿਆਨੇ ਕੱਦ ਕਾਠ ਨਾਲ ਉਸ ਨੇ ਜੋ ਪ੍ਰਾਪਤੀਆਂ ਕੀਤੀਆਂ ਉਹ ਲਾਮਿਸਾਲ ਹਨ। ਉਹਦੀ ਬਹੁਪੱਖੀ ਪ੍ਰਤਿਭਾ ਉਹਦੇ ਜੁੱਸੇ 'ਚ ਹੀ ਨਹੀਂ ਉਹਦੇ ਦਿਲ ਦਿਮਾਗ਼ ਤੇ ਮਨ ਮਸਤਕ ਵਿੱਚ ਵੀ ਸਮਾਈ ਹੋਈ ਸੀ। ਉਹਦੀ ਸਵੈਜੀਵਨੀ ਵਰਗੀ ਜੀਵਨੀ 'ਬ੍ਰਿਗੇਡੀਅਰ ਲਾਭ ਸਿੰਘ ਉਲੰਪੀਅਨ' ਕਮਾਲ ਦੀ ਪੁਸਤਕ ਹੈ ਜੋ ਪੰਜਾਬੀ ਖੇਡ ਸਾਹਿਤ ਦਾ ਮਾਣ ਹੈ।

ਲਾਭ ਸਿੰਘ ਨੇ ਨਿੱਕੇ ਹੁੰਦਿਆਂ ਸੰਦੌੜ ਦੇ ਟਿੱਬਿਆਂ 'ਤੇ ਮਿਰਗਾਂ ਦੀਆਂ ਡਾਰਾਂ ਛਾਲਾਂ ਮਾਰਦੀਆਂ ਤੱਕੀਆਂ ਸਨ ਜਿਨ੍ਹਾਂ ਨੂੰ ਵੇਖ ਕੇ ਉਹਦਾ ਮਨ ਵੀ ਛਾਲਾਂ ਮਾਰਨ ਲਈ ਮਚਲਣ ਲੱਗ ਪਿਆ ਸੀ। ਉਹ ਜੇਠ ਹਾੜ੍ਹ ਦੇ ਤਪਦੇ ਦਿਨਾਂ 'ਚ ਵੀ ਰੇਤਲੇ ਰਾਹਾਂ ਤੇ ਉੱਚੇ ਟਿੱਬਿਆਂ 'ਤੇ ਛਾਲਾਂ ਮਾਰਦਾ ਫਿਰਦਾ। ਕਦੇ ਏਧਰ ਭੱਜਦਾ ਕਦੇ ਓਧਰ। ਕਦੇ ਖੜ੍ਹਾ ਖੜੋਤਾ ਹੀ ਟੱਪੀ ਜਾਂਦਾ ਜਿਵੇਂ ਪੈਰਾਂ ਹੇਠ ਅੱਗ ਮੱਚਦੀ ਹੋਵੇ। ਵੇਖਣ ਵਾਲੇ ਉਹਦੇ ਘਰਦਿਆਂ ਨੂੰ ਆਖਦੇ, ਭਾਈ ਮੁੰਡਾ ਸੰਭਾਲ ਲਓ, ਇਹਨੂੰ 'ਕਸਰ' ਹੋਈ ਲੱਗਦੀ ਐ! ਅਸੀਂ ਇਹਨੂੰ ਟਿੱਬਿਆਂ 'ਤੇ ਟਪੂਸੀਆਂ ਮਾਰਦਾ ਦੇਖਿਐ।



ਕਦੇ ਟਿੱਬੇ 'ਤੇ 'ਤਾਂਹ ਚੜ੍ਹ ਜਾਂਦਾ, ਕਦੇ ਹਿਰਨਾਂ ਵਾਂਗੂੰ ਛਾਲਾਂ ਮਾਰਨ ਲੱਗ ਜਾਂਦੈ!

ਘਰ ਦੇ ਉਸ ਨੂੰ ਸਾਧੂਆਂ-ਸੰਤਾਂ ਕੋਲ ਲੈ ਕੇ ਜਾਂਦੇ, ਮੰਨਤਾਂ ਮੰਨਦੇ, ਧਾਗੇ ਤਵੀਤ ਕਰਾਉਂਦੇ,ਪਰ ਉਹ ਫਿਰ ਟਿੱਬਿਆਂ 'ਤੇ ਚੜ੍ਹ ਜਾਂਦਾ। ਉਦੋਂ ਕਿਸੇ ਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਹੋਣਾ ਕਿ 'ਕਸਰਿਆ' ਹੋਇਆ ਇਹ ਕਾਕਾ ਆਉਂਦੇ ਦਿਨਾਂ 'ਚ ਏਸ਼ਿਆਈ ਖੇਡਾਂ ਦੇ ਜਿੱਤ-ਮੰਚਾਂ 'ਤੇ ਚੜ੍ਹੇਗਾ। ਛਾਲਾਂ ਦਾ ਉਲੰਪੀਅਨ ਤੇ ਫੌਜ ਦਾ ਬ੍ਰਿਗੇਡੀਅਰ ਅਫ਼ਸਰ ਬਣੇਗਾ। ਜੇ ਕਿਤੇ ਉਹ ਦੋ-ਚਾਰ ਸਾਲ ਪਹਿਲਾਂ ਫੌਜ 'ਚ ਭਰਤੀ ਹੋ ਜਾਂਦਾ ਤਾਂ ਸੰਭਵ ਸੀ ਭਾਰਤੀ ਫੌਜ ਦੇ ਜਰਨੈਲ ਵਜੋਂ ਰਿਟਾਇਰ ਹੁੰਦਾ। ਛੋਟੀ ਉਮਰ ਤੋਂ ਸਾਇੰਟੇਫਿਕ ਕੋਚਿੰਗ ਮਿਲਣ ਲੱਗ ਜਾਂਦੀ ਤਾਂ ਪਤਾ ਨਹੀਂ ਉਲੰਪਿਕ ਖੇਡਾਂ ਦੇ ਕਿੰਨੇ ਮੈਡਲ ਜਿੱਤਦਾ!

ਉਸ ਨੇ ਲਿਖਿਆ: ਮੈਂ ਮਾਲੇਰਕੋਟਲੇ ਨੇੜੇ ਪੱਛੜੇ ਇਲਾਕੇ ਦੇ ਪਿੰਡ ਸੰਦੌੜ ਵਿੱਚ 12 ਫਰਵਰੀ 1940 ਬਸੰਤ ਪੰਚਵੀਂ ਦੇ ਦਿਨ ਪੈਦਾ ਹੋਇਆ। ਉਸ ਸਮੇਂ ਮੇਰਾ ਪਿੰਡ ਉੱਚੇ-ਉੱਚੇ ਰੇਤਲੇ ਟਿੱਬਿਆਂ ਨਾਲ ਚਾਰੇ ਪਾਸਿਆਂ ਤੋਂ ਘਿਰਿਆ ਹੋਇਆ ਸੀ। ਪਿੰਡ ਫਰਵਾਲੀ ਭਾਈ ਮੂਲੇ ਦਾ ਗਾਜਰਾਂ-ਪੱਟ ਮੇਲਾ ਲੱਗਦਾ। ਢੋਲ ਨਗਾਰੇ ਵੱਜਦੇ। ਅਖਾੜਿਆਂ 'ਚ ਗੱਭਰੂ ਡੰਡ ਬੈਠਕਾਂ ਮਾਰਨ ਆ ਲੱਗਦੇ। ਛਿੰਝਾਂ ਪੈਂਦੀਆਂ, ਪੰਜਗਰਾਈਆਂ ਦਾ ਸ਼ੇਰਾ ਪਿੰਡੇ 'ਤੇ ਤੇਲ ਮਲ਼ਦਾ। ਪਿੰਡਾ ਲਿਸ਼ਕਾਂ ਮਾਰਨ ਲੱਗਦਾ। ਝੰਡੀ ਚੁੱਕ ਕੇ ਅਖਾੜੇ 'ਚ ਗੇੜਾ ਦਿੰਦਾ। ਬਾਜ਼ੀਗਰ ਬਾਜ਼ੀਆਂ ਦੇ ਕਰਤਬ ਦਿਖਾਉਂਦੇ...। ਮੈਂ ਦਸਵੀਂ ਦਾ ਵਿਦਿਆਰਥੀ ਸਾਂ। ਸਰਕਾਰੀ ਹਾਈ ਸਕੂਲ ਸੰਦੌੜ ਨਵਾਂ ਹੋਂਦ 'ਚ ਆਇਆ ਸੀ। ਪੀਟੀਆਈ ਹਰਭਜਨ ਸਿੰਘ ਨੇ ਨਵੇਂ ਈਵੈਂਟ 'ਹੌਪ ਸਟੈੱਪ ਐਂਡ ਜੰਪ' ਦੀ ਖਿਡਾਰੀਆਂ ਨੂੰ ਜਾਣਕਾਰੀ ਦਿੱਤੀ। ਕਈ ਦਿਨ ਮੈਂ ਇਸ ਨਵੇਂ ਈਵੈਂਟ ਬਾਰੇ ਆਪਣੇ ਮਨ 'ਚ ਸੋਚਦਾ ਰਿਹਾ। ਦ੍ਰਿੜ ਇਰਾਦਾ ਕਰ ਲਿਆ ਕਿ ਇਸ ਵਿੱਚ ਜਿੱਤ ਹਾਸਲ ਕਰਨੀ ਹੈ...। ਮੇਰੀ ਜੰਪ ਕਰਨ ਦੀ ਵਾਰੀ ਆਈ। ਤਾੜੀਆਂ ਦੀ ਗੂੰਜ ਵਿੱਚ ਮੈਂ ਪਹਿਲੇ ਨੰਬਰ 'ਤੇ ਛਾਲ ਮਾਰ ਵਿਖਾਈ। ਛਾਲ ਮਾਪਣ ਲਈ ਫੀਤੇ ਦੀ ਵਰਤੋਂ ਕੀਤੀ ਤਾਂ ਮੇਰੀ ਛਾਲ ਸਕੂਲ ਦੇ ਸਾਰੇ ਖਿਡਾਰੀਆਂ ਨਾਲੋਂ 10 ਫੁੱਟ ਅੱਗੇ ਸੀ। ਇਉਂ ਮੈਂ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ। ਉਦੋਂ ਮੈਂ ਨੰਗੇ ਪੈਰੀਂ ਛਾਲ ਮਾਰੀ ਸੀ।ਲਾਭ ਸਿੰਘ ਦੱਸਦਾ ਹੈ ਕਿ ਉਹ ਤੇ ਅਜਮੇਰ ਸਿੰਘ ਸਰਕਾਰੀ ਕਾਲਜ ਮਾਲੇਰਕੋਟਲਾ ਪੜ੍ਹਨ ਪਿੱਛੋਂ ਜਦੋਂ ਸਰੀਰਕ ਸਿੱਖਿਆ ਕਾਲਜ ਗਵਾਲੀਅਰ ਵਿੱਚ ਪੜ੍ਹਦੇ ਸੀ ਤਾਂ 1960 'ਚ ਰੋਮ ਦੀਆਂ ਉਲੰਪਿਕ ਖੇਡਾਂ ਦੀ ਕੁਮੈਂਟਰੀ ਸੁਣੀ। ਉਸ ਵਿੱਚ 'ਮਿਲਖਾ ਮਿਲਖਾ' ਹੋ ਰਹੀ ਸੀ।

(ਬਾਕੀ ਸਫ਼ਾ 27 'ਤੇ)

# ਹਾਕੀ ਵਿਸ਼ਵ ਕੱਪ 'ਚ ਨਹੀਂ ਹੈ ਕੋਈ ਵੀ ਭਾਰਤੀ ਅੰਪਾਇਰ

## ਯੂਰੋਪੀਅਨ ਅੰਪਾਇਰਾਂ ਦਾ ਹੈ ਬੋਲਬਾਲਾ

ਹਾਕੀ ਅੰਪਾਇਰਿੰਗ ਨੂੰ ਬੇਹੱਦ ਮੁਸ਼ਕਿਲ ਤੇ ਸੰਘਰਸ਼ਪੂਰਨ ਕੈਰੀਅਰ ਦੱਸਦੇ ਹੋਏ ਭਾਰਤੀ ਧਾਕੜਾਂ ਨੇ ਨੀਦਰਲੈਂਡ ਤੇ ਬੈਲਜੀਅਮ 'ਚ ਚੱਲ ਰਹੇ ਵਿਸ਼ਵ ਕੱਪ 'ਚ ਕਰੀਬ 3 ਦਹਾਕੇ ਬਾਅਦ ਇੱਕ ਵੀ ਭਾਰਤੀ ਅੰਪਾਇਰ ਨਾ ਹੋਣ 'ਤੇ ਨਿਰਾਸ਼ਾ ਜਤਾਉਂਦੇ ਹੋਏ ਕਿਹਾ ਕਿ ਅੰਪਾਇਰਾਂ ਦੀ ਗਿਣਤੀ ਵਧਾਉਣ ਦੀ ਬਜਾਏ ਗੁਣਵੱਤਾ 'ਤੇ ਫੋਕਸ ਕਰਨਾ ਪਵੇਗਾ।

ਨੀਦਰਲੈਂਡ ਦੇ ਯੂਟ੍ਰੈਕਟ 'ਚ 1998 'ਚ ਹੋਏ ਵਿਸ਼ਵ ਕੱਪ ਤੋਂ ਬਾਅਦ ਪਹਿਲੀ ਵਾਰ ਟੂਰਨਾਮੈਂਟ ਦੇ ਅੰਪਾਇਰਾਂ ਜਾਂ ਤਕਨੀਕੀ ਅਧਿਕਾਰੀਆਂ 'ਚ ਕਿਸੇ ਭਾਰਤੀ ਨੂੰ ਜਗ੍ਹਾ ਨਹੀਂ ਮਿਲੀ ਹੈ ਤੇ ਸੂਚੀ 'ਚ ਯੂਰੋਪੀਅਨ ਦੇਸ਼ਾਂ ਦਾ ਬੋਲਬਾਲਾ ਹੈ। ਭਾਰਤ ਦੇ ਆਰਵੀ ਰਘੂ ਪ੍ਰਸਾਦ (2010, 2014, 2018, 2023), ਸਤਿੰਦਰ ਸ਼ਰਮਾ (2002, 2006, 2010) , ਤਰਲੋਕ ਸਿੰਘ ਭੁੱਲਰ (1994) ਤੇ ਅਮਰਜੀਤ ਸਿੰਘ ਬਾਵਾ (1990) ਵਿਸ਼ਵ ਕੱਪ 'ਚ ਅੰਪਾਇਰਿੰਗ ਕਰ ਚੁੱਕੇ ਹਨ। ਪਿਛਲੇ ਸਾਲ 47 ਸਾਲ ਦੀ ਉਮਰ ਹੋਣ 'ਤੇ ਰਿਟਾਇਰ ਹੋਣ ਤੋਂ ਪਹਿਲਾਂ ਉਲੰਪਿਕ ਸਮੇਤ 200 ਮੈਚਾਂ 'ਚ ਅੰਪਾਇਰਿੰਗ ਕਰਨ ਵਾਲੇ ਪਹਿਲੇ ਏਸ਼ੀਆਈ ਰਘੂਪ੍ਰਸਾਦ ਨੇ ਕਿਹਾ ,"ਵੱਡੇ ਟੂਰਨਾਮੈਂਟਾਂ 'ਚ ਅੰਪਾਇਰਾਂ ਦੀਆਂ ਨਿਯੁਕਤੀਆਂ ਐੱਫ.ਆਈ.ਐੱਚ. ਅੰਪਾਇਰਿੰਗ ਕਮੇਟੀ ਕਰਦੀ ਹੈ ਜਿਸ ਲਈ ਪਿਛਲੇ ਵੱਡੇ ਟੂਰਨਾਮੈਂਟਾਂ, ਪ੍ਰੋ ਲੀਗ ਆਦਿ 'ਚ ਪ੍ਰਦਰਸ਼ਨ ਮਾਪਦੰਡ ਰਹਿੰਦਾ ਹੈ।"

ਉੱਥੇ ਹੀ ਕਈ ਉਲੰਪਿਕ ਤੇ ਵਿਸ਼ਵ ਕੱਪ 'ਚ ਅੰਪਾਇਰਿੰਗ ਕਰ ਚੁੱਕੇ ਸ਼ਰਮਾ ਨੇ ਕਿਹਾ,"ਬਾਵਾ ਸਰ, ਭੁੱਲਰ ਸਰ ਤੋਂ ਬਾਅਦ ਮੈਂ ਤੇ ਰਘੂ ਨੇ ਇਹ ਸਿਲਸਿਲਾ ਕਾਇਮ ਰੱਖਿਆ ਸੀ। ਅਸੀਂ ਯੂਰੋਪੀਅਨਾਂ ਵਿਚਾਲੇ ਜਾ ਕੇ ਆਪਣੀ ਪਛਾਣ ਬਣਾਈ ਸੀ ਜੋ ਆਸਾਨ ਨਹੀਂ ਸੀ।"ਉਸ ਨੇ ਕਿਹਾ ,"ਬੀਜਿੰਗ ਉਲੰਪਿਕ 2008 'ਚ ਸਾਡੀ ਟੀਮ ਕੁਆਲੀਫਾਈ ਨਹੀਂ ਕਰ ਸਕੀ ਸੀ ਪਰ ਮੈਂ ਇਕੱਲਾ ਅਧਿਕਾਰੀ ਸੀ ਜੋ ਭਾਰਤੀ ਹਾਕੀ ਦਾ ਪ੍ਰਤੀਨਿਧੀ ਸੀ। ਚੋਣ ਲਈ ਪ੍ਰਦਰਸ਼ਨ 'ਚ ਨਿਰੰਤਰਤਾ ਤੇ ਤਜਰਬਾ ਕਾਫੀ ਮਾਇਨੇ ਰੱਖਦਾ ਹੈ ਜਿੱਥੇ ਮੈਨੂੰ ਲੱਗਦਾ ਹੈ ਕਿ ਹੁਣ ਅਸੀਂ ਪਿੱਛੜ ਰਹੇ ਹਾਂ।"

ਹਾਕੀ ਇੰਡੀਆ ਦੀ ਵੈੱਬਸਾਈਟ 'ਤੇ ਮਈ 2025 'ਚ ਅਪਡੇਟ ਕੀਤੀ ਗਈ ਸੂਚੀ ਦੇ ਅਨੁਸਾਰ ਅੰਪਾਇਰਾਂ ਦੀਆਂ 4 ਸ਼੍ਰੇਣੀਆਂ 'ਕੋਰ ਲੀਡਿੰਗ ਪੈਨਲ', 'ਲੀਡਿੰਗ ਪੈਨਲ', 'ਹਾਈ ਪੋਟੈਂਸ਼ੀਅਲ' ਤੇ 'ਨੈਸ਼ਨਲ ਅੰਪਾਇਰ' ਹਨ ਜਿਨ੍ਹਾਂ 'ਚ ਪੁਰਸ਼ ਵਰਗ 'ਚ ਕ੍ਰਮਵਾਰ 100 ਤੋਂ ਵੱਧ ਤੇ ਮਹਿਲਾ ਵਰਗ 'ਚ 70 ਤੋਂ ਵੱਧ ਨਾਂ ਦਰਜ ਹਨ। ਪੁਰਸ਼ ਵਰਗ 'ਚ 6 ਐੱਫ.ਆਈ.ਐੱਚ. ਪੈਨਲ ਦੇ ਅੰਪਾਇਰ ਹਨ ਜਿਨ੍ਹਾਂ 'ਚੋਂ ਰਘੂਪ੍ਰਸਾਦ ਪਿਛਲੇ ਸਾਲ ਰਿਟਾਇਰ ਹੋ ਚੁੱਕਾ ਹੈ। ਉੱਥੇ ਹੀ, ਮਹਿਲਾ ਵਰਗ 'ਚ ਐੱਫ.ਆਈ.ਐੱਚ. ਪੈਨਲ ਦੀਆਂ 4 ਅੰਪਾਇਰ ਹਨ। ਤਕਨੀਕੀ ਅਧਿਕਾਰੀਆਂ 'ਚ ਮਹਿਲਾ ਵਰਗ 'ਚ ਇਨ੍ਹਾਂ ਹੀ 4 ਸ਼੍ਰੇਣੀਆਂ 'ਚ 50 ਤੋਂ ਵੱਧ ਨਾਂ ਹਨ ਪਰ ਐੱਫ.ਆਈ.ਐੱਚ. ਪੈਨਲ 'ਚ ਸਿਰਫ ਦੋ ਅਧਿਕਾਰੀ ਰੋਹਿਣੀ ਬੋਪੰਨਾ ਤੇ ਸੋਨੀਆ ਬਾਥਲਾ ਹਨ। ਪੁਰਸ਼ ਵਰਗ 'ਚ ਕਰੀਬ 70 ਨਾਂ ਹਨ ਪਰ ਐੱਫ.ਆਈ.ਐੱਚ. ਪੈਨਲ ਦੇ 4 ਹੀ ਅਧਿਕਾਰੀ



(ਬਾਕੀ ਸਫ਼ਾ 27 'ਤੇ)

# ਸ਼ਾਨਦਾਰ ਰਿਹਾ ਦੀਪ ਢਿੱਲੋਂ ਦਾ ਖੇਤਾਂ ਤੋਂ ਫ਼ਿਲਮਾਂ ਤੱਕ ਦਾ ਸਫ਼ਰ




ਆਪਣੀ ਦਮਦਾਰ ਆਵਾਜ਼ ਕਾਰਨ ਵੱਡੀ ਪਛਾਣ ਬਣਾਉਣ ਵਾਲੇ ਭਾਰਤੀ ਸਿਨੇਮਾ ਅਤੇ ਪੰਜਾਬੀ ਫ਼ਿਲਮ ਇੰਡਸਟਰੀ ਦੇ ਦਿੱਗਜ ਅਦਾਕਾਰ ਦੀਪ ਢਿੱਲੋਂ ਦਾ ਪੱਟੀ ਦੇ ਖੇਤਾਂ ਤੋਂ ਲੈ ਕੇ ਮੁੰਬਈ ਦੀਆਂ ਰੰਗੀਨੀਆਂ ਤੱਕ ਦਾ ਸਫ਼ਰ ਕਿਸੇ ਫ਼ਿਲਮੀ ਕਹਾਣੀ ਤੋਂ ਘੱਟ ਨਹੀਂ ਹੈ।

ਦੀਪ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਦਾ ਪਿਛੋਕੜ ਕੋਈ ਫ਼ਿਲਮੀ ਨਹੀਂ ਸੀ। ਉਹ 5-6 ਕਿਲੋ ਦੁੱਧ ਪੀਣ ਵਾਲੇ ਅਤੇ 100-112 ਕਿੱਲੋ ਦਾ ਭਾਰ ਚੁੱਕਣ ਵਾਲੇ ਇਕ ਖਾਲਸ ਮਝੈਲ ਹਨ, ਜੋਕਿ ਖੇਤੀਬਾੜੀ ਅਤੇ ਖੇਡਾਂ (ਕਬੱਡੀ ਤੇ ਕੁਸ਼ਤੀ) ਨਾਲ ਜੁੜੇ ਹੋਏ ਸਨ। ਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਨੂੰ ਅਦਾਕਾਰੀ ਦੀ ਚਿਣਗ ਪੱਟੀ ਦੀ ਰਾਮਲੀਲਾ ਤੋਂ ਲੱਗੀ, ਜਿੱਥੋਂ ਉਹ ਅੰਮ੍ਰਿਤਸਰ ਅਤੇ ਪਟਿਆਲਾ ਦੇ ਥੀਏਟਰ ਤੱਕ ਪਹੁੰਚੇ।

**'ਮਹਾਂਭਾਰਤ' ਤੋਂ ਮਿਲੀ ਵੱਖਰੀ ਪਛਾਣ ਅਤੇ ਬਾਲੀਵੁੱਡ 'ਚ ਦਿੱਤੀ ਦਸਤਕ**

ਦੀਪ ਸਿੰਘ ਢਿੱਲੋਂ ਲਈ ਮੁੰਬਈ ਜਾਣ ਦਾ ਫ਼ੈਸਲਾ ਅਚਨਚੇਤ ਸੀ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਅਨੁਪਮ ਖੇਰ ਵਰਗੇ ਅਦਾਕਾਰਾਂ ਦੀ ਇੱਕ ਵਰਕਸ਼ਾਪ ਲਈ ਉਹ 60 ਕਿੱਲੋ ਦਾ ਆਪਣਾ ਵੇਟ-ਲਿਫ਼ਟਿੰਗ ਦਾ ਸਾਮਾਨ ਲੈ ਕੇ ਮੁੰਬਈ ਪਹੁੰਚੇ ਸਨ। ਬੀ. ਆਰ. ਚੋਪੜਾ ਦੇ ਮਸ਼ਹੂਰ ਸੀਰੀਅਲ 'ਮਹਾਂਭਾਰਤ' 'ਚ ਜੈਦਰਥ ਦੇ ਕਿਰਦਾਰ ਨੇ ਉਨ੍ਹਾਂ ਨੂੰ ਘਰ-ਘਰ 'ਚ ਪਛਾਣ ਦਿਵਾਈ। ਇਸ ਤੋਂ ਇਲਾਵਾ 'ਘਾਇਲ' ਅਤੇ 'ਘਾਤਕ' ਵਰਗੀਆਂ ਫ਼ਿਲਮਾਂ ਉਨ੍ਹਾਂ ਦੇ ਕੈਰੀਅਰ 'ਚ ਮੀਲ ਪੱਥਰ ਸਾਬਤ ਹੋਈਆਂ।



**ਧਰਮਿੰਦਰ ਅਤੇ ਅਮਰੀਸ਼ ਪੁਰੀ ਨਾਲ ਰਿਸ਼ਤੇ**

ਦਿਲਚਸਪ ਕਿੱਸੇ ਸਾਂਝੀ ਕਰਦੇ ਹੋਏ ਦੀਪ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਦੇ ਧਰਮਿੰਦਰ ਦਿਓਲ ਨਾਲ ਬਹੁਤ ਨਿੱਘੇ ਸਬੰਧ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਉਹ ਭਾਜੀ (ਧਰਮਿੰਦਰ) ਨਾਲ ਇੱਕੋ ਕਮਰੇ 'ਚ ਰਹੇ ਅਤੇ ਉਨ੍ਹਾਂ ਦੀ ਮਾਲਿਸ਼ ਵੀ ਕਰਦੇ ਰਹੇ ਸਨ। ਇਸੇ ਤਰ੍ਹਾਂ ਅਦਾਕਾਰ ਅਮਰੀਸ਼ ਪੁਰੀ ਨਾਲ ਉਨ੍ਹਾਂ ਦੀ ਆਵਾਜ਼ ਦੀ ਤੁਲਨਾ ਅਕਸਰ ਕੀਤੀ ਜਾਂਦੀ ਸੀ। ਉਨ੍ਹਾਂ ਦੱਸਿਆ ਕਿ ਅਮਰੀਸ਼ ਪੁਰੀ ਨੇ ਖ਼ੁਦ ਰਾਤ ਦੇ ਡੇਢ ਵਜੇ ਫ਼ੋਨ ਕਰਕੇ ਉਨ੍ਹਾਂ ਦੀ ਫ਼ਿਲਮ 'ਅਸਾਂ ਨੂੰ ਮਾਣ ਵਤਨਾਂ ਦਾ' 'ਚ ਕੀਤੀ ਅਦਾਕਾਰੀ ਦੀ ਤਾਰੀਫ਼ ਕੀਤੀ ਸੀ।

**ਪੰਜਾਬੀ ਸਿਨੇਮਾ ਅਤੇ ਸਰਦਾਰੀ ਦਾ ਮਾਣ**

ਬਾਲੀਵੁੱਡ 'ਚ ਸਰਦਾਰਾਂ ਦੇ ਕਿਰਦਾਰਾਂ ਬਾਰੇ ਬੋਲਦੇ ਦੀਪ ਢਿੱਲੋਂ ਨੇ ਕਿਹਾ ਕਿ ਹਿੰਦੀ ਫ਼ਿਲਮਾਂ 'ਚ ਅਕਸਰ ਸਰਦਾਰਾਂ ਦਾ ਮਜ਼ਾਕ ਉਡਾਇਆ ਜਾਂਦਾ ਰਿਹਾ ਹੈ ਅਤੇ ਪੱਗਾਂ ਸਹੀ ਤਰੀਕੇ ਨਾਲ ਨਹੀਂ ਬੰਨ੍ਹੀਆਂ ਜਾਂਦੀਆਂ ਸਨ। ਉਨ੍ਹਾਂ ਨੇ ਮਨਮੋਹਨ ਸਿੰਘ ਦੀ ਫ਼ਿਲਮ 'ਜੀ ਆਇਆਂ ਨੂੰ' ਦੀ ਸ਼ਲਾਘਾ ਕੀਤੀ, ਜਿਸ ਨੇ ਪੰਜਾਬੀ ਸਿਨੇਮਾ ਨੂੰ ਮੁੜ ਸੁਰਜੀਤ ਕੀਤਾ ਅਤੇ ਸਰਦਾਰਾਂ ਦੀ ਇੱਕ ਸਹੀ ਤੇ ਸ਼ਾਨਦਾਰ ਤਸਵੀਰ ਪੇਸ਼ ਕੀਤੀ।

ਅੱਜ ਦੇ ਦੌਰ 'ਚ ਦੀਪ ਢਿੱਲੋਂ ਆਪਣੀ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਉਹ ਮੁੰਬਈ ਦੀਆਂ ਪਾਰਟੀਆਂ ਤੋਂ ਦੂਰ ਰਹਿਣਾ ਪਸੰਦ ਕਰਦੇ ਹਨ ਅਤੇ ਅੱਜ ਵੀ ਆਪਣੀ ਸਿਹਤ ਅਤੇ ਪਰਿਵਾਰ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਕੋਈ 'ਵਿਲੇਨ' ਨਹੀਂ ਸਗੋਂ ਇੱਕ 'ਕਰੈਕਟਰ ਐਕਟਰ' ਹਨ ਅਤੇ ਉਹ ਅੱਜ ਵੀ ਘੋੜੇ ਵਰਗੀ ਜਾਨ ਰੱਖਦੇ ਹਨ।

# ਦਿਲਜੀਤ ਦੋਸਾਂਝ ਇੱਕ ਬਹੁਤ ਹੀ ਪਿਆਰਾ ਇਨਸਾਨ ਹੈ: ਜਤਿੰਦਰ ਕੌਰ

ਪੰਜਾਬੀ ਫ਼ਿਲਮ ਇੰਡਸਟਰੀ ਦੀ ਦਿੱਗਜ ਅਦਾਕਾਰਾ ਜਤਿੰਦਰ ਕੌਰ ਨੇ ਇੱਕ ਇੰਟਰਵਿਊ ਦੌਰਾਨ ਗਲੋਬਲ ਸਟਾਰ ਦਿਲਜੀਤ ਦੁਸਾਂਝ ਨਾਲ ਆਪਣੀ ਪਹਿਲੀ ਮੁਲਾਕਾਤ ਤੇ ਕੰਮ ਕਰਨ ਦੇ ਤਜ਼ਰਬੇ ਬਾਰੇ ਕਈ ਦਿਲਚਸਪ ਖੁਲਾਸੇ ਕੀਤੇ ਹਨ।



ਇਸ ਦੌਰਾਨ ਜਦੋਂ ਅਦਾਕਾਰਾ ਨੂੰ ਦਿਲਜੀਤ ਦੁਸਾਂਝ ਦੀ ਸ਼ਖਸੀਅਤ ਬਾਰੇ ਪੁੱਛਿਆ ਗਿਆ ਤਾਂ ਇਸ 'ਤੇ ਅਦਾਕਾਰਾ ਨੇ ਗਾਇਕ ਦੀ ਤਾਰੀਫ਼ ਕਰਦਿਆਂ ਉਸ ਨੂੰ ਇੱਕ ਬਹੁਤ ਹੀ 'ਹੰਬਲ' ਅਤੇ ਪਿਆਰਾ ਇਨਸਾਨ ਦੱਸਿਆ। ਇਸ ਦੌਰਾਨ ਜਤਿੰਦਰ ਕੌਰ ਨੇ ਦਿਲਜੀਤ ਨਾਲ ਆਏ ਆਪਣੇ ਗਾਣੇ 'ਆਰ ਨਾਨਕ ਪਾਰ ਨਾਨਕ' ਦਾ ਇੱਕ ਕਿੱਸਾ ਸਾਂਝਾ ਕਰਦਿਆਂ ਦੱਸਿਆ ਕਿ, 'ਸ਼ੂਟਿੰਗ ਦੇ ਇੱਕ ਸੀਨ ਵਿੱਚ ਦਿਲਜੀਤ ਨੇ ਮੈਨੂੰ ਚੁੱਕਣਾ ਸੀ ਪਰ ਮੈਂ ਜਦੋਂ ਉਸ ਨੂੰ ਵੇਖਿਆ ਤਾਂ ਮੈਂ ਸੋਚਿਆ ਇਹ ਬਹੁਤ ਹੀ ਮਾੜਕੂ ਜਿਹਾ ਹੈ। ਮੈਂ 55 ਕਿੱਲੋ ਦੀ ਹਾਂ ਇਹ ਮੈਨੂੰ ਕਿਵੇਂ ਚੁੱਕੇਗਾ। ਇਸ ਲਈ ਮੈਂ ਦਿਲਜੀਤ ਦੀ ਮੁਸ਼ਕਿਲ ਨੂੰ ਆਸਾਨ ਕਰਨ ਲਈ ਉਸ ਨੂੰ ਕਿਹਾ ਕਿ ਉਹ ਹੇਠਾਂ ਨਹੀਂ ਬੈਠੇਗੀ, ਸਗੋਂ ਉਥੇ ਇੱਕ ਬੰਨ੍ਹੀ ਦਾ ਸਹਾਰਾ ਲੈ ਕੇ ਖੜ੍ਹੀ ਹੋ ਜਾਵੇਗੀ, ਜਿਸ ਉਸ ਨੂੰ ਮੈਨੂੰ ਚੁੱਕਣ ਵਿੱਚ ਆਸਾਨੀ ਹੋਵੇਗੀ ਅਤੇ ਫਿਰ ਉਸੇ ਤਰ੍ਹਾਂ ਹੀ ਕੀਤਾ ਗਿਆ। ਅਦਾਕਾਰਾ ਨੇ ਅੱਗੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਸੇ ਸੀਨ ਦੌਰਾਨ ਬਾਬਾ ਜੀ ਅੱਗੇ ਮੱਥਾ ਟੇਕ ਕੇ ਬਿਨਾਂ ਕੁੱਝ ਕਹੇ ਐਕਪ੍ਰੈਸ਼ਨ ਦਿੱਤੇ ਤਾਂ ਦਿਲਜੀਤ ਇਸ ਤੋਂ ਕਾਫੀ ਪ੍ਰਭਾਵਿਤ ਹੋਇਆ। ਸ਼ੂਟ ਖਤਮ ਹੋਣ ਮਗਰੋਂ ਉਸ ਨੇ ਮੇਰੀ ਤਾਰੀਫ ਕੀਤੀ ਅਤੇ ਕਿਹਾ ਕਿ, ਤੁਹਾਡੇ ਕੋਲ ਕਿੰਨੇ ਕਮਾਲ ਦੇ ਐਕਸਪ੍ਰੈਸ਼ਨ ਹਨ। ਮੈਂ ਤਾਂ ਬੱਸ ਤੁਹਾਡੇ ਚਿਹਰੇ ਦੇ ਹਾਵ-ਭਾਵ ਹੀ ਵੇਖੀ ਜਾ ਰਿਹਾ ਸੀ।

## ਡਾਕੂ ਦੇ ਨਾਂ 'ਤੇ ਰੱਖਿਆ ਸੀ ਗਾਇਕ ਦਲੇਰ ਮਹਿੰਦੀ ਦਾ ਨਾਮ

18 ਅਗਸਤ, 1967 ਨੂੰ ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਇੱਕ ਸੰਗੀਤਕ ਪਰਿਵਾਰ ਵਿੱਚ ਜਨਮੇ ਦਲੇਰ ਮਹਿੰਦੀ ਦਾ ਅਸਲੀ ਨਾਮ ਦਲੇਰ ਸਿੰਘ ਹੈ। ਦਲੇਰ ਦੇ ਪਿਤਾ, ਅਜਮੇਰ ਸਿੰਘ ਚੰਦਨ ਇੱਕ ਨਿਪੁੰਨ ਸ਼ਾਸਤਰੀ ਗਾਇਕ ਸਨ ਅਤੇ ਉਨ੍ਹਾਂ ਦੀ ਮਾਂ ਬਲਬੀਰ ਕੌਰ ਇੱਕ ਰਾਜ ਪੱਧਰੀ ਪਹਿਲਵਾਨ ਸੀ। ਦਲੇਰ ਦੇ ਪੰਜ ਭੈਣ-ਭਰਾ ਹਨ। ਉਨ੍ਹਾਂ ਦਾ ਛੋਟਾ ਭਰਾ, ਮੀਕਾ ਸਿੰਘ, ਵੀ ਦੇਸ਼ ਵਿੱਚ ਇੱਕ ਮਸ਼ਹੂਰ ਅਤੇ ਪ੍ਰਸਿੱਧ ਗਾਇਕ ਹੈ।ਉਨ੍ਹਾਂ ਦੇ ਪਰਿਵਾਰ ਵਿੱਚ ਸੰਗੀਤਕ ਮਾਹੌਲ ਦੇ ਕਾਰਨ, ਦਲੇਰ ਨੂੰ ਛੋਟੀ ਉਮਰ ਤੋਂ ਹੀ ਗਾਉਣ ਵਿੱਚ ਦਿਲਚਸਪੀ ਸੀ। ਉਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਸ਼ਾਸਤਰੀ ਸੰਗੀਤ ਅਤੇ ਗੁਰਬਾਣੀ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ ਸੀ। ਦਲੇਰ ਮਹਿੰਦੀ ਦੇ ਨਾਮ ਪਿੱਛੇ ਇੱਕ ਕਹਾਣੀ ਹੈ। ਉਸਦੇ ਮਾਪਿਆਂ ਨੇ ਅਸਲ ਵਿੱਚ ਉਸਦਾ ਨਾਮ ਇੱਕ ਫਿਲਮ 'ਡਾਕੂ ਦਲੇਰ ਸਿੰਘ' ਦੇ ਇੱਕ ਡਾਕੂ ਦੇ ਕਿਰਦਾਰ ਦੇ ਨਾਮ 'ਤੇ ਰੱਖਿਆ ਸੀ। ਹਾਲਾਂਕਿ, ਜਦੋਂ ਦਲੇਰ ਸੰਗੀਤ ਦੀ ਦੁਨੀਆ ਵਿੱਚ ਦਾਖਲ ਹੋਇਆ, ਤਾਂ ਉਹ ਮਸ਼ਹੂਰ ਸੰਗੀਤਕਾਰ ਪਰਵੇਜ਼ ਮਹਿੰਦੀ ਦੀ ਗਾਇਕੀ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸਨੇ ਆਪਣੇ ਨਾਮ ਨਾਲ 'ਮਹਿੰਦੀ' ਉਪਨਾਮ ਜੋੜਿਆ।



# ਪੰਜਾਬੀ ਅਦਾਕਾਰਾ ਖ਼ੁਸ਼ੀ ਮਲਹੋਤਰਾ ਨੇ ਨਿਊਜ਼ੀਲੈਂਡ ਫ਼ਿਲਮ ਇੰਡਸਟਰੀ 'ਚ ਸ਼ੁਰੂ ਕੀਤਾ ਆਪਣਾ ਸਫ਼ਰ

ਪੰਜਾਬੀ ਸਿਨੇਮਾ ਤੇ ਭਾਰਤੀ ਫ਼ਿਲਮ ਇੰਡਸਟਰੀ ਲਈ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਪੰਜਾਬ ਦੀ ਅਦਾਕਾਰਾ ਖ਼ੁਸ਼ੀ ਮਲਹੋਤਰਾ ਨੇ ਹੁਣ ਨਿਊਜ਼ੀਲੈਂਡ ਦੀ ਫ਼ਿਲਮ ਇੰਡਸਟਰੀ ਵਿੱਚ ਮੇਨ ਲੀਡ ਐਕਟਰਿਸ ਵਜੋਂ ਆਪਣਾ ਡੈਬਿਊ ਕੀਤਾ ਹੈ। ਆਪਣੀ ਅਦਾਕਾਰੀ ਦੇ ਜ਼ਰੀਏ ਖੁਸ਼ੀ ਮਲਹੋਤਰਾ ਨਾ ਸਿਰਫ਼ ਪੰਜਾਬ ਅਤੇ ਭਾਰਤ ਦਾ ਨਾਮ ਰੌਸ਼ਨ ਕਰ ਰਹੀ ਹੈ, ਸਗੋਂ ਪੰਜਾਬੀ ਕਲਾਕਾਰਾਂ ਦੀ ਕਾਬਲੀਅਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਵਿੱਚ ਵੀ ਆਪਣਾ ਯੋਗਦਾਨ ਪਾ ਰਹੀ ਹੈ।

ਖ਼ੁਸ਼ੀ ਮਲਹੋਤਰਾ ਨੇ ਨਿਊਜ਼ੀਲੈਂਡ ਦੇ ਕਈ ਪ੍ਰਤਿਭਾਸ਼ਾਲੀ ਕਲਾਕਾਰਾਂ ਨਾਲ ਮਿਲ ਕੇ ਇੱਕ ਐਕਸ਼ਨ ਫ਼ਿਲਮ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਇਹ ਫ਼ਿਲਮ ਬਹੁਤ ਜਲਦ ਦਰਸ਼ਕਾਂ ਦੇ ਰੂਬਰੂ ਹੋਣ ਜਾ ਰਹੀ ਹੈ। ਫ਼ਿਲਮ ਨਾਲ ਜੁੜੀਆਂ ਕੁਝ ਖ਼ਾਸ ਤਸਵੀਰਾਂ ਵੀ ਦਰਸ਼ਕਾਂ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਖੁਸ਼ੀ ਦੀ ਨਵੀਂ ਲੁੱਕ ਅਤੇ ਫ਼ਿਲਮ ਦੀ ਝਲਕ ਦੇਖਣ ਨੂੰ ਮਿਲਦੀ ਹੈ। ਇਹ ਖ਼ੁਸ਼ੀ ਮਲਹੋਤਰਾ ਦੀ ਪਹਿਲੀ ਐਕਸ਼ਨ ਮੂਵੀ ਵੀ ਹੈ, ਜਿਸ ਵਿੱਚ ਉਹ ਇੱਕ ਬਿਲਕੁਲ ਨਵੇਂ ਅੰਦਾਜ਼ ਵਿੱਚ ਨਜ਼ਰ ਆਉਣ ਵਾਲੀ ਹੈ।

**ਪੰਜਾਬ ਤੋਂ ਸ਼ੁਰੂ ਹੋਇਆ ਫ਼ਿਲਮੀ ਸਫ਼ਰ**

ਜੇਕਰ ਖ਼ੁਸ਼ੀ ਮਲਹੋਤਰਾ ਦੇ ਫ਼ਿਲਮੀ ਸਫ਼ਰ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਪੰਜਾਬੀ ਫ਼ਿਲਮ ਇੰਡਸਟਰੀ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਫ਼ਿਲਮ 'ਉੜੀਕ' ਤੋਂ ਆਪਣੇ ਅਦਾਕਾਰੀ ਦੇ ਸਫ਼ਰ ਦੀ ਸ਼ੁਰੂਆਤ ਕਰਨ ਤੋਂ ਬਾਅਦ ਉਨ੍ਹਾਂ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਇਸ ਤੋਂ ਬਾਅਦ ਖੁਸ਼ੀ ਮਲਹੋਤਰਾ ਨੂੰ ਫ਼ਿਲਮ 'ਜੱਟ ਵਰਸਸ ਆਇਲਟਸ' ਲਈ ਬੈਸਟ ਡੈਬਿਊ ਫ਼ਿਲਮ ਐਕਟਰਸ ਦੀ ਸ਼੍ਰੇਣੀ ਵਿੱਚ ਨਾਮਜ਼ਦਗੀ ਵੀ ਮਿਲੀ। ਉਨ੍ਹਾਂ ਦੀ ਅਦਾਕਾਰੀ ਨੂੰ ਦਰਸ਼ਕਾਂ ਅਤੇ ਫ਼ਿਲਮ ਇੰਡਸਟਰੀ ਵੱਲੋਂ ਕਾਫ਼ੀ ਪਸੰਦ ਕੀਤਾ ਗਿਆ।




**ਸਿਰਫ਼ ਹੀਰੋਇਨ ਨਹੀਂ, ਇੱਕ ਬਿਹਤਰੀਨ ਪਰਫ਼ਾਰਮਰ ਬਣਨਾ ਚਾਹੁੰਦੀ ਹੈ ਖ਼ੁਸ਼ੀ**

ਨਾਲ ਹੀ ਤੁਹਾਨੂੰ ਦੱਸ ਦਈਏ ਕਿ ਖ਼ੁਸ਼ੀ ਮਲਹੋਤਰਾ ਇੱਕ ਬੇਹੱਦ ਕਾਬਿਲ ਅਤੇ ਬੇਮਿਸਾਲ ਅਦਾਕਾਰਾ ਹਨ। ਉਨ੍ਹਾਂ ਨੇ ਹਮੇਸ਼ਾ ਹੀ ਆਪਣੀ ਪਛਾਣ ਸਿਰਫ਼ ਗਲੈਮਰ ਜਾਂ ਹੀਰੋਇਨ ਵਾਲੇ ਕਿਰਦਾਰਾਂ ਨਾਲ ਨਹੀਂ, ਸਗੋਂ ਵਧੀਆ ਅਤੇ ਐਕਟਿੰਗ-ਓਰੀਐਂਟਿਡ ਰੋਲਸ ਰਾਹੀਂ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਖ਼ੁਸ਼ੀ ਦੀ ਕੋਸ਼ਿਸ਼ ਰਹੀ ਹੈ ਕਿ ਉਹ ਆਪਣੇ ਹਰ ਕਿਰਦਾਰ ਰਾਹੀਂ ਦਰਸ਼ਕਾਂ ਨੂੰ ਆਪਣੀ ਅਦਾਕਾਰੀ ਨਾਲ ਪ੍ਰਭਾਵਿਤ ਕਰਨ ਅਤੇ ਇੱਕ ਅਜਿਹੀ ਛਾਪ ਛੱਡਣ ਜੋ ਉਨ੍ਹਾਂ ਨੂੰ ਸਿਰਫ਼ ਇੱਕ ਹੀਰੋਇਨ ਨਹੀਂ, ਬਲਕਿ ਇੱਕ ਮਜ਼ਬੂਤ ਅਦਾਕਾਰਾ ਅਤੇ ਬਿਹਤਰੀਨ ਪਰਫ਼ਾਰਮਰ ਵਜੋਂ ਪਛਾਣ ਦਿਵਾਏ। ਗੱਲਬਾਤ ਦੌਰਾਨ ਖ਼ੁਸ਼ੀ ਨੇ ਦੱਸਿਆ ਕਿ ਉਹ ਹਮੇਸ਼ਾ ਅਜਿਹੀਆਂ ਸਕ੍ਰਿਪਟਾਂ ਦੀ ਭਾਲ ਵਿੱਚ ਰਹਿੰਦੀ ਹੈ, ਜਿਨ੍ਹਾਂ ਵਿੱਚ ਉਹ ਸਿਰਫ਼ ਇੱਕ ਹੀਰੋਇਨ ਜਾਂ ਸਕ੍ਰੀਨ 'ਤੇ ਇੱਕ ਡੰਮੀ ਕਿਰਦਾਰ ਬਣ ਕੇ ਨਾ ਰਹਿ ਜਾਵੇ। ਉਹ ਅਜਿਹੇ ਕਿਰਦਾਰ ਨਿਭਾਉਣਾ ਚਾਹੁੰਦੀ ਹੈ, ਜਿਨ੍ਹਾਂ ਵਿੱਚ ਉਹ ਆਪਣੀ ਅਦਾਕਾਰੀ ਦੀ ਪੂਰੀ ਸਮਰੱਥਾ ਦਿਖਾ ਸਕੇ, ਕਿਰਦਾਰ ਦੇ ਅੰਦਰ ਰੂਹ ਤੱਕ ਉਤਰ ਸਕੇ ਅਤੇ ਉਸ ਦੀਆਂ ਅਸਲੀ ਭਾਵਨਾਵਾਂ ਨੂੰ ਆਪਣੀ ਪਰਫ਼ਾਰਮੈਂਸ ਰਾਹੀਂ ਦਰਸ਼ਕਾਂ ਤੱਕ ਪਹੁੰਚਾ ਸਕੇ। ਇਹੀ ਸੋਚ ਖ਼ੁਸ਼ੀ ਮਲਹੋਤਰਾ ਨੂੰ ਹੋਰ ਅਦਾਕਾਰਾਵਾਂ ਤੋਂ ਵੱਖਰਾ ਬਣਾਉਂਦੀਹੈ। ਉਨ੍ਹਾਂ ਲਈ ਇੱਕ ਫ਼ਿਲਮ ਸਿਰਫ਼ ਸਕ੍ਰੀਨ 'ਤੇ ਨਜ਼ਰ ਆਉਣ ਦਾ ਮੌਕਾ ਨਹੀਂ, ਬਲਕਿ ਇੱਕ ਕਿਰਦਾਰ ਨੂੰ ਜਿਊਣ ਅਤੇ ਉਸ ਦੀਆਂ ਭਾਵਨਾਵਾਂ ਨੂੰ ਦਰਸ਼ਕਾਂ ਦੇ ਦਿਲ ਤੱਕ ਪਹੁੰਚਾਉਣ ਦਾ ਮੌਕਾ ਹੈ।

**ਨਿਊਜ਼ੀਲੈਂਡ ਵਿੱਚ ਪੰਜਾਬੀ ਕਲਾਕਾਰਾਂ ਦਾ ਨਾਮ ਰੌਸ਼ਨ**

ਨਿਊਜ਼ੀਲੈਂਡ ਦੀ ਫ਼ਿਲਮ ਇੰਡਸਟਰੀ ਵਿੱਚ ਮੇਨ ਐਕਟਰਿਸ ਵਜੋਂ ਖ਼ੁਸ਼ੀ ਮਲਹੋਤਰਾ ਦਾ ਇਹ ਡੈਬਿਊ ਪੰਜਾਬ ਅਤੇ ਭਾਰਤ ਲਈ ਮਾਣ ਦੀ ਗੱਲ ਹੈ। ਉਨ੍ਹਾਂ ਨੇ ਨਿਊਜ਼ੀਲੈਂਡ ਦੇ ਕਲਾਕਾਰਾਂ ਨਾਲ ਕੰਮ ਕਰਦੇ ਹੋਏ ਆਪਣੀ ਅਦਾਕਾਰੀ ਦਾ ਹੁਨਰ ਪੇਸ਼ ਕੀਤਾ ਹੈ ਅਤੇ ਵਿਦੇਸ਼ੀ ਧਰਤੀ 'ਤੇ ਪੰਜਾਬੀ ਕਲਾਕਾਰਾਂ ਲਈ ਨਵੇਂ ਰਸਤੇ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਖ਼ੁਸ਼ੀ ਮਲਹੋਤਰਾ ਦਾ ਇਹ ਸਫ਼ਰ ਸਿਰਫ਼ ਉਨ੍ਹਾਂ ਦੀ ਨਿੱਜੀ ਕਾਮਯਾਬੀ ਨਹੀਂ, ਸਗੋਂ ਪੰਜਾਬੀ ਸਿਨੇਮਾ ਅਤੇ ਪੰਜਾਬੀ ਕਲਾਕਾਰਾਂ ਲਈ ਵੀ ਇੱਕ ਮਾਣ ਵਾਲਾ ਪਲ ਹੈ। ਉਹ ਆਪਣੀ ਮਿਹਨਤ ਅਤੇ ਕਾਬਲੀਅਤ ਦੇ ਜ਼ਰੀਏ ਪੂਰੀ ਦੁਨੀਆ ਵਿੱਚ ਪੰਜਾਬੀ ਕਲਾਕਾਰਾਂ ਦੀ ਪਛਾਣ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਹੁਣ ਦਰਸ਼ਕਾਂ ਨੂੰ ਉਨ੍ਹਾਂ ਦੀ ਆਉਣ ਵਾਲੀ ਐਕਸ਼ਨ ਫ਼ਿਲਮ ਦਾ ਬੇਸਬਰੀ ਨਾਲ ਇੰਤਜ਼ਾਰ ਹੈ। ਫ਼ਿਲਮ ਵਿੱਚ ਖ਼ੁਸ਼ੀ ਦਾ ਨਵਾਂ ਐਕਸ਼ਨ ਅਵਤਾਰ ਅਤੇ ਉਨ੍ਹਾਂ ਦੀ ਪਰਫ਼ਾਰਮੈਂਸ ਕਿੰਨੀ ਪ੍ਰਭਾਵਸ਼ਾਲੀ ਰਹਿੰਦੀ ਹੈ, ਇਹ ਤਾਂ ਫ਼ਿਲਮ ਦੀ ਰਿਲੀਜ਼ ਤੋਂ ਬਾਅਦ ਹੀ ਪਤਾ ਲੱਗੇਗਾ। ਪਰ ਇੱਕ ਗੱਲ ਜ਼ਰੂਰ ਕਹੀ ਜਾ ਸਕਦੀ ਹੈ ਕਿ ਪੰਜਾਬ ਤੋਂ ਨਿਊਜ਼ੀਲੈਂਡ ਤੱਕ ਖ਼ੁਸ਼ੀ ਮਲਹੋਤਰਾ ਦਾ ਇਹ ਸਫ਼ਰ ਪੰਜਾਬੀ ਕਲਾਕਾਰਾਂ ਲਈ ਇੱਕ ਨਵੀਂ ਉਮੀਦ ਅਤੇ ਮਾਣ ਦੀ ਕਹਾਣੀ ਹੈ।

## ਕੈਲੀਫੋਰਨੀਆ ਅਸੈਂਬਲੀ ਨੇ ਪਾਸ

ਕੈਲੀਫੋਰਨੀਆ ਦੇ ਲੋਕਾਂ ਨੂੰ ਜਸ਼ਨ ਦੇ ਇਸ ਖੁਸ਼ੀ ਭਰੇ ਦਿਨ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਹੈ।" ਇਸ ਵਿੱਚ ਕਿਹਾ ਗਿਆ ਹੈ ਕਿ ਦਿਵਾਲੀ, ਭਾਰਤੀ ਅਮਰੀਕੀਆਂ ਅਤੇ ਦੱਖਣੀ ਏਸ਼ੀਆਈ ਅਮਰੀਕੀਆਂ ਲਈ ਬਹੁਤ ਮਹੱਤਤਾ ਵਾਲਾ ਤਿਉਹਾਰ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਦਿਵਾਲੀ, ਜਿਸਨੂੰ ਰੋਸ਼ਨੀ ਦੇ ਤਿਉਹਾਰ ਵਜੋਂ ਜਾਣਿਆ ਜਾਂਦਾ ਹੈ, ਇੱਕ ਅਜਿਹਾ ਸਮਾਂ ਹੁੰਦਾ ਹੈ ਜਦੋਂ ਘਰਾਂ ਨੂੰ ਮੋਮਬੱਤੀਆਂ, ਤੇਲ ਦੇ ਲਾਲਟੈਣਾਂ ਅਤੇ ਮਿੱਟੀ ਦੇ ਦੀਵਿਆਂ ਨਾਲ ਰੁਸ਼ਨਾਇਆ ਜਾਂਦਾ ਹੈ ਅਤੇ ਚੰਗੀ ਸਿਹਤ, ਦੌਲਤ, ਗਿਆਨ, ਸ਼ਾਂਤੀ ਅਤੇ ਖੁਸ਼ਹਾਲੀ ਦਾ ਸਤਿਕਾਰ ਕਰਨ ਲਈ ਅਸਮਾਨ ਪਟਾਕਿਆਂ ਨਾਲ ਭਰ ਜਾਂਦਾ ਹੈ।

ਮਤੇ ਵਿੱਚ ਕਿਹਾ ਗਿਆ ਹੈ ਕਿ ਦਿਵਾਲੀ ਬਹੁਤ ਵਿਭਿੰਨ ਤਰੀਕਿਆਂ ਨਾਲ ਮਨਾਈ ਜਾਂਦੀ ਹੈ ਜੋ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਨੂੰ ਦਰਸਾਉਂਦੀ ਹੈ, ਨਕਾਰਾਤਮਕਤਾ ਤੋਂ ਮੁਕਤੀ ਦੇ ਵਿਸ਼ਿਆਂ ਨਾਲ ਜੁੜਦੀ ਹੈ, ਸੰਘਰਸ਼ਾਂ ਨੂੰ ਪਾਰ ਕਰਨ ਲਈ ਉਤਸ਼ਾਹਤ ਕਰਦੀ ਹੈ, ਸਕਾਰਾਤਮਕਤਾ ਅਤੇ ਨਿਮਰਤਾ ਨੂੰ ਅਪਣਾਉਂਦੀ ਹੈ ਅਤੇ ਨਿੱਜੀ ਚੁਣੌਤੀਆਂ ਦੇ ਬਾਵਜੂਦ ਦਿਆਲਤਾ ਨੂੰ ਕਾਇਮ ਰੱਖਦੀ ਹੈ।

***

## ਅਸੀਂ ਇਰਾਨ ਨੂੰ ਪ੍ਰਮਾਣੂ ਹਥਿਆਰ

ਟਰੰਪ ਦੇ ਹਵਾਲੇ ਨਾਲ ਕਿਹਾ, "ਉਹ ਇੰਨੀ ਬੁਰੀ ਤਰ੍ਹਾਂ ਸਮਝੌਤਾ ਕਰਨਾ ਚਾਹੁੰਦੇ ਹਨ, ਅਸੀਂ ਇਹ ਵੀ ਨਹੀਂ ਜਾਣਦੇ ਕਿ ਅਸੀਂ (ਸਮਝੌਤਾ) ਚਾਹੁੰਦੇ ਹਾਂ ਜਾਂ ਨਹੀਂ, ਕਿਉਂਕਿ ਮੈਂ ਇਸ ਸਮੇਂ ਹਰਮੁਜ਼ ਜਲ ਮਾਰਗ ਨੂੰ ਅਮਰੀਕੀ ਖੇਤਰ ਵਜੋਂ ਦੇਖਦਾ ਹਾਂ। ਇਹ ਅਮਰੀਕੀ ਖੇਤਰ ਹੈ।" ਇਸ ਤੋਂ ਪਹਿਲਾਂ ਟਰੰਪ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਦਾ ਹਰਮੁਜ਼ ਜਲ ਮਾਰਗ 'ਤੇ 'ਪੂਰਾ ਕੰਟਰੋਲ' ਹੈ।

ਇਰਾਨ ਵੱਲੋਂ ਟਰੰਪ ਦੇ ਦਾਅਵੇ ਖ਼ਾਰਜ

ਇਰਾਨੀ ਉਪ ਵਿਦੇਸ਼ ਮੰਤਰੀ ਕਾਜ਼ਮ ਗ਼ਰੀਬਾਬਾਦੀ ਨੇ ਕਿਹਾ ਕਿ ਹਰਮੁਜ਼ ਜਲ ਮਾਰਗ ਬਾਰੇ ਅਮਰੀਕੀ ਰਾਸ਼ਟਰਪਤੀ ਦੇ ਦਾਅਵਿਆਂ ਨੂੰ ਹਾਲਾਤ ਜਾਂ ਇਰਾਨ ਵੱਲੋਂ 'ਦਰੁਸਤ' ਕੀਤਾ ਗਿਆ ਹੈ। ਇਰਾਨ ਦੀ ਸੁਪਰੀਮ ਕੌਮੀ ਸੁਰੱਖਿਆ ਕੌਂਸਲ ਦੇ ਮੁਖੀ ਮੋਹਸਿਨ ਰਜ਼ਾਈ ਨੇ ਵੀ ਟਰੰਪ ਦੀਆਂ ਟਿੱਪਣੀਆਂ ਦੀ ਆਲੋਚਨਾ ਕਰਦਿਆਂ ਕਿਹਾ, "ਹਰਮੁਜ਼ ਜਲ ਮਾਰਗ ਮੁੜ ਖੋਲ੍ਹਣ ਵਿੱਚ ਅਮਰੀਕਾ ਦੀ ਅਸਮਰੱਥਾ ਅਤੇ ਇਸ ਦੀ ਮਲਕੀਅਤ ਦੇ ਦਾਅਵੇ ਵਿਚਕਾਰਲਾ ਪਾੜਾ ਵਾਸ਼ਿੰਗਟਨ ਅਤੇ ਜਲ ਮਾਰਗ ਵਿਚਕਾਰਲੀ ਸੱਤ ਹਜ਼ਾਰ ਮੀਲ ਦੀ ਦੂਰੀ ਨਾਲੋਂ ਵੀ ਵੱਡਾ ਹੈ।

***

## 'ਢਾਹਾਂ ਸਾਹਿਤ' ਇਨਾਮ ਦੇ ਫ਼ਾਈਨਲ ਵਿੱਚ ਪੁੱਜੀਆਂ

ਉਨ੍ਹਾਂ ਦੱਸਿਆ ਕਿ ਢਾਹਾਂ ਸਾਹਿਤ ਇਨਾਮ-2026 ਲਈ ਭਾਰਤ, ਕੈਨੇਡਾ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂ ਕੇ ਸਮੇਤ ਵੱਖ-ਵੱਖ ਦੇਸ਼ਾਂ ਤੋਂ 62 ਪੁਸਤਕਾਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਵਿੱਚੋਂ ਜਿਊਰੀ ਦੇ ਮੈਂਬਰਾਂ ਵੱਲੋਂ ਤਿੰਨ ਪੁਸਤਕਾਂ ਨੂੰ ਫਾਈਨਲ ਲਈ ਚੁਣਿਆ। ਉਨ੍ਹਾਂ ਦੱਸਿਆ ਕਿ ਇਸ ਸਾਲ 2026 ਦਾ ਢਾਹਾਂ ਸਾਹਿਤ ਇਨਾਮ ਇੱਕ ਹੋਰ ਪੱਖੋਂ ਵੀ ਵਿਸ਼ੇਸ਼ ਬਣ ਗਿਆ ਹੈ। ਇਨਾਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਦੋ ਮਹਿਲਾ ਸਾਹਿਤਕਾਰ ਫਾਈਨਲ ਵਿੱਚ ਪਹੁੰਚੀਆਂ ਹਨ। ਬੀਬੀ ਐਂਬਰ ਹੁਸੈਨੀ ਅਤੇ ਬੀਬੀ ਰਾਜਪ੍ਰੀਤ ਕੌਰ ਬੈਨੀਪਾਲ ਦੀਆਂ ਰਚਨਾਵਾਂ ਨੇ ਅੰਤਿਮ ਤਿੰਨਾਂ ਵਿੱਚ ਆਪਣੀ ਥਾਂ ਬਣਾਈ ਹੈ, ਜੋ ਪੰਜਾਬੀ ਸਾਹਿਤ ਵਿੱਚ ਮਹਿਲਾ ਲੇਖਣੀ ਦੀ ਮਜ਼ਬੂਤ ਅਤੇ ਲਗਾਤਾਰ ਵਧ ਰਹੀ ਭੂਮਿਕਾ ਨੂੰ ਪ੍ਰਗਟਾਉਂਦਾ ਹੈ।

ਪ੍ਰੈੱਸ ਕਾਨਫਰੰਸ ਮੌਕੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਜਨਾਬ ਰਾਏ ਅਜ਼ੀਜ਼ ਉੱਲਾ ਖਾਨ, ਸਾਧੂ ਬਿਨਿੰਗ, ਅਜਮੇਰ ਰੋਡੇ, ਪ੍ਰੋ. ਰਘਬੀਰ ਸਿੰਘ ਸਿਰਜਣਾ, ਢਾਹਾਂ ਇਨਾਮ ਕੋਆਰਡੀਨੇਟਰ ਹਰਿੰਦਰ ਕੌਰ ਢਾਹਾਂ, ਸਾਬਕਾ ਮੰਤਰੀ ਬੀਬੀ ਰਚਨਾ ਸਿੰਘ, ਪ੍ਰੋ. ਗੁਰਿੰਦਰ ਮਾਨ, ਡਾ. ਰਤਿੰਦਰ ਕੌਰ ਸਾਈਮਨ ਫਰੇਜ਼ਰ ਯੂਨੀਵਰਸਿਟੀ, ਨਾਵਲਕਾਰ ਸ. ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਸੁਰਜੀਤ ਗਿੱਲ, ਤੇਰਾ ਸਿੰਘ ਰਾਇਲ ਬੈਂਕ, ਡਾ. ਸੈਫ ਖਾਲਿਦ ਤੋਂ ਇਲਾਵਾ ਸਾਹਿਤ ਪ੍ਰੇਮੀ, ਕਾਲਜਾਂ, ਯੂਨੀਵਰਸਿਟੀਆਂ ਅਤੇ ਸਕੂਲਾਂ ਦੇ ਪੰਜਾਬੀ ਅਧਿਆਪਕ ਵੀ ਹਾਜ਼ਰ ਸਨ।

ਵਰਨਣਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿੱਚ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਵੱਲੋਂ ਪ੍ਰਦਾਨ ਕੀਤਾ ਜਾਂਦਾ ਹੈ। ਇਹ ਇਨਾਮ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ ਡਿਪਾਰਟਮੈਂਟ ਆਫ਼ ਏਸ਼ੀਅਨ ਸਟੱਡੀਜ਼ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ ਸੀ। ਇਸ ਵੱਕਾਰੀ ਇਨਾਮ ਦੇ ਬਾਨੀ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਰੀਟਾ ਢਾਹਾਂ ਹਨ। ਸਾਲ 2013 ਵਿੱਚ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਖੇ ਸਥਾਪਿਤ ਹੋਇਆ ਇਹ ਇਨਾਮ ਅੱਜ ਪੰਜਾਬੀ ਗਲਪ ਲਈ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਮਹੱਤਵਪੂਰਨ ਪਛਾਣ ਬਣ ਚੁੱਕਾ ਹੈ। ਕੈਨੇਡਾ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਅੱਜ ਕੈਨੇਡਾ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀਆਂ ਗੈਰ-ਸਰਕਾਰੀ ਭਾਸ਼ਾਵਾਂ ਵਿੱਚੋਂ ਇੱਕ ਹੈ।

ਜ਼ਿਕਰਯੋਗ ਹੈ ਕਿ ਹੁਣ ਪੰਜਾਬੀ ਸਾਹਿਤ ਪ੍ਰੇਮੀਆਂ ਦੀਆਂ ਨਜ਼ਰਾਂ 18 ਨਵੰਬਰ 2026 'ਤੇ ਟਿਕੀਆਂ ਹਨ, ਜਦੋਂ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਸਰੀ ਵਿੱਚ ਹੋਣ ਵਾਲੇ ਸ਼ਾਨਦਾਰ ਸਮਾਰੋਹ ਦੌਰਾਨ 2026 ਦੇ 25,000 ਕੈਨੇਡੀਅਨ ਡਾਲਰ ਦੇ ਢਾਹਾਂ ਪੰਜਾਬੀ ਸਾਹਿਤ ਇਨਾਮ ਦੇ ਜੇਤੂ ਦਾ ਐਲਾਨ ਹੋਵੇਗਾ।

***

## ਕੈਨੇਡਾ ਹੋਇਆ ਵੱਡੇ ਆਰਥਿਕ ਸੰਕਟ ਦਾ ਸ਼ਿਕਾਰ

ਓਕਵਿਲ ਸਥਿਤ ਪੰਜਾਬ ਟਰਾਂਸਪੋਰਟ, ਜਿਸ ਕੋਲ 117 ਟਰੱਕਾਂ ਦਾ ਬੇੜਾ ਸੀ, 2025 ਵਿੱਚ ਰਿਸੀਵਰਸ਼ਿਪ ਹੇਠ ਆ ਗਈ। ਰਾਇਲ ਬੈਂਕ ਆਫ਼ ਕੈਨੇਡਾ ਨੇ ਕੰਪਨੀ ਵੱਲੋਂ 12 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਬਕਾਇਆ ਹੋਣ ਦਾ ਦਾਅਵਾ ਕੀਤਾ ਸੀ। ਕੰਪਨੀ ਦੇ ਮਾਲਕ ਨੇ ਕੁਝ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਾਰੋਬਾਰ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਮੁੜ-ਵਿੱਤੀ ਕਰਨ ਦੀ ਯੋਜਨਾ ਦਾ ਹਵਾਲਾ ਦਿੱਤਾ ਸੀ।

ਬ੍ਰਿਟਿਸ਼ ਕੋਲੰਬੀਆ ਦੀ ਰਿਲਾਇੰਸ ਲੌਜਿਸਟਿਕਸ ਵੀ ਪਹਿਲਾਂ ਕਰਜ਼ੇ ਦੇ ਪੁਨਰਗਠਨ ਦੀ ਪ੍ਰਕਿਰਿਆ ਵਿੱਚੋਂ ਲੰਘੀ ਅਤੇ ਬਾਅਦ ਵਿੱਚ ਮਾਰਚ 2026 ਵਿੱਚ ਦੀਵਾਲੀਆ ਹੋ ਗਈ। ਕੰਪਨੀ ਦੀਆਂ ਦੇਣਦਾਰੀਆਂ ਲਗਪਗ 12.7 ਮਿਲੀਅਨ ਡਾਲਰ ਦੱਸੀਆਂ ਗਈਆਂ ਹਨ। ਮੈਨੀਟੋਬਾ ਵਿੱਚ ਵੀ 2025 ਤੋਂ ਹੁਣ ਤੱਕ ਘੱਟੋ-ਘੱਟ ਤਿੰਨ ਟਰੱਕਿੰਗ ਕੰਪਨੀਆਂ ਵਿੱਤੀ ਸੰਕਟ ਦਾ ਸਾਹਮਣਾ ਕਰ ਚੁੱਕੀਆਂ ਹਨ।

ਟਰੱਕਿੰਗ ਖੇਤਰ ਵਿੱਚ ਪੰਜਾਬੀ ਭਾਈਚਾਰੇ ਦੀ ਵੱਡੀ ਹਿੱਸੇਦਾਰੀ ਹੋਣ ਕਾਰਨ ਇਸ ਸੰਕਟ ਦਾ ਅਸਰ ਮਾਲਕਾਂ ਦੇ ਨਾਲ-ਨਾਲ ਡਰਾਈਵਰਾਂ ਅਤੇ ਓਨਰ-ਓਪਰੇਟਰਾਂ 'ਤੇ ਵੀ ਪੈ ਰਿਹਾ ਹੈ। ਟਰੱਕ ਦੀ ਕਿਸ਼ਤ, ਬੀਮਾ ਅਤੇ ਮੁਰੰਮਤ ਵਰਗੇ ਖ਼ਰਚੇ ਲਗਾਤਾਰ ਜਾਰੀ ਰਹਿੰਦੇ ਹਨ, ਪਰ ਮਾਲ ਘਟਣ ਜਾਂ ਭਾੜੇ ਦੇ ਰੇਟ ਡਿੱਗਣ ਨਾਲ ਆਮਦਨ ਵਿੱਚ ਤੁਰੰਤ ਕਮੀ ਆ ਸਕਦੀ ਹੈ। ਇਹੀ ਨਕਦੀ ਦਾ ਸੰਕਟ ਹੁਣ ਕਈ ਕਾਰੋਬਾਰਾਂ ਲਈ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ। ਕੈਨੇਡਾ ਵਿੱਚ ਵਧ ਰਹੇ ਦੀਵਾਲਾਪਨ ਦੇ ਅੰਕੜੇ ਸਿਰਫ਼ ਘਰੇਲੂ ਪਰਿਵਾਰਾਂ ਦੀ ਕਹਾਣੀ ਨਹੀਂ ਦੱਸਦੇ; ਇਹ ਛੋਟੇ ਕਾਰੋਬਾਰਾਂ ਅਤੇ ਟਰੱਕਿੰਗ ਵਰਗੇ ਕਰਜ਼ੇ 'ਤੇ ਨਿਰਭਰ ਖੇਤਰਾਂ 'ਤੇ ਪੈ ਰਹੇ ਵਧਦੇ ਵਿੱਤੀ ਦਬਾਅ ਦੀ ਵੀ ਤਸਵੀਰ ਪੇਸ਼ ਕਰਦੇ ਹਨ।

***

## ਟੈਕਸਾਂ ਦੇ ਬੋਝ ਕਾਰਨ ਕੈਨੇਡਾ 'ਚ

ਰਿਪੋਰਟ ਦੇ ਸਹਿ-ਲੇਖਕ ਫਿਜ਼ੀਕਲ ਸਟੱਡੀਜ਼, ਜੇਕ ਫਸ ਦਾ ਤਰਕ ਹੈ ਕਿ ਰਹਿਣ-ਸਹਿਣ ਦੀ ਲਾਗਤ ਬਾਰੇ ਚਰਚਾ ਕਰਦਿਆਂ ਟੈਕਸਾਂ ਨੂੰ ਵੀ ਪਰਿਵਾਰ ਦੇ ਘਰੇਲੂ ਖ਼ਰਚੇ ਵਜੋਂ ਦੇਖਣਾ ਚਾਹੀਦਾ ਹੈ। ਹਾਲਾਂਕਿ ਇਹ ਅੰਕੜੇ ਸਰਕਾਰੀ ਟੈਕਸ ਦਰ ਨਹੀਂ, ਸਗੋਂ ਇੱਕ ਸੰਸਥਾ ਦੀ ਆਪਣੀ ਗਣਨਾ ਹਨ। ਨਾਲ ਹੀ ਟੈਕਸਾਂ ਦੇ ਬਦਲੇ ਕੈਨੇਡੀਅਨਾਂ ਨੂੰ ਸਿਹਤ ਸੰਭਾਲ, ਸਿੱਖਿਆ, ਬੁਨਿਆਦੀ ਢਾਂਚਾ ਅਤੇ ਹੋਰ ਜਨਤਕ ਸੇਵਾਵਾਂ ਮਿਲਦੀਆਂ ਹਨ। ਇਸ ਲਈ ਮੁੱਖ ਸਵਾਲ ਸਿਰਫ਼ ਟੈਕਸਾਂ ਦੀ ਮਾਤਰਾ ਨਹੀਂ, ਸਗੋਂ ਇਨ੍ਹਾਂ ਦੇ ਬਦਲੇ ਮਿਲ ਰਹੀਆਂ ਜਨਤਕ ਸੇਵਾਵਾਂ ਦੀ ਕੀਮਤ ਅਤੇ ਗੁਣਵੱਤਾ ਵੀ ਹੈ।

ਭਵਿੱਖ ਵਿੱਚ ਵਧਦੇ ਟੈਕਸ ਅਤੇ ਰਹਿਣ-ਸਹਿਣ ਦੇ ਖ਼ਰਚੇ ਕੈਨੇਡਾ ਦੇ ਪੰਜਾਬੀ ਪਰਿਵਾਰਾਂ ਦੇ ਘਰੇਲੂ ਬਜਟ ਨੂੰ ਹੋਰ ਪ੍ਰਭਾਵਿਤ ਕਰ ਸਕਦੇ ਹਨ। ਨੌਜਵਾਨਾਂ ਦੀ ਘਰ ਖ਼ਰੀਦਣ, ਬੱਚਿਆਂ ਦੀ ਪੜ੍ਹਾਈ ਅਤੇ ਬੱਚਤ ਕਰਨ ਦੀ ਸਮਰੱਥਾ 'ਤੇ ਦਬਾਅ ਵਧ ਸਕਦਾ ਹੈ। ਇਸ ਲਈ ਵਿੱਤੀ ਯੋਜਨਾਬੰਦੀ, ਟੈਕਸ-ਜਾਗਰੂਕਤਾ ਅਤੇ ਸਰਕਾਰੀ ਨੀਤੀਆਂ 'ਤੇ ਸਰਗਰਮ ਭਾਈਚਾਰਕ ਭਾਗੀਦਾਰੀ ਮਹੱਤਵਪੂਰਨ ਰਹੇਗੀ।

***

## ਅਮਰੀਕਾ ਵੱਲੋਂ 2 ਲੱਖ ਵਿਦੇਸ਼ੀ ਨਾਗਰਿਕਾਂ

ਵੀਜ਼ਿਆਂ ਦੀ ਪਛਾਣ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਰੱਦ ਕੀਤਾ ਜਾ ਸਕੇ ਜੋ ਥੋੜ੍ਹੇ ਸਮੇਂ ਦੇ ਸੈਲਾਨੀਆਂ ਵਜੋਂ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਏ ਸਨ ਪਰ ਬਾਅਦ ਵਿੱਚ ਇੱਥੇ ਸਥਾਈ ਤੌਰ 'ਤੇ ਰਹਿਣ ਲਈ ਸ਼ਰਨ ਲਈ ਅਰਜ਼ੀ ਦਿੰਦੇ ਹਨ।' ਉਨ੍ਹਾਂ ਨੇ ਵੀਜ਼ਾ ਰੱਦ ਕਰਨ ਦੀ ਸੰਭਾਵੀ ਗਿਣਤੀ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ, 'ਜਿਵੇਂ ਕਿ ਇਹ ਪ੍ਰਕਿਰਿਆ ਜਾਰੀ ਰਹੇਗੀ, ਰੱਦ ਕੀਤੇ ਗਏ ਵੀਜ਼ਿਆਂ ਦੀ ਗਿਣਤੀ ਵੱਖ-ਵੱਖ ਹੋਵੇਗੀ ਅਤੇ ਪੜਾਅਵਾਰ ਕੀਤੀ ਜਾਵੇਗੀ।'

ਅਧਿਕਾਰੀਆਂ ਨੇ ਕਿਹਾ ਕਿ ਵੀਜ਼ਾ ਰੱਦ ਕਰਨ ਦਾ ਮਤਲਬ ਜ਼ਰੂਰੀ ਨਹੀਂ ਹੈ ਕਿ ਸਬੰਧਤ ਲੋਕਾਂ ਨੂੰ ਤੁਰੰਤ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬੋਲਦਿਆਂ ਕਿਹਾ ਕਿ ਜ਼ਿਆਦਾਤਰ ਜਿਨ੍ਹਾਂ ਦੇ ਸ਼ਰਣ ਦੇ ਮਾਮਲੇ ਇਸ ਸਮੇਂ ਲੰਬਿਤ ਹਨ, ਉਨ੍ਹਾਂ ਨੂੰ ਦੁਬਾਰਾ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ, ਪਰ ਉਹ ਕਾਰੋਬਾਰੀ ਜਾਂ ਸੈਲਾਨੀ ਯਾਤਰੀਆਂ ਵਜੋਂ ਆਪਣਾ ਵੀਜ਼ਾ ਦਰਜਾ ਗੁਆ ਦੇਣਗੇ। ਪਿਛਲੇ ਸਾਲ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਣ ਤੋਂ ਬਾਅਦ, ਉਨ੍ਹਾਂ ਦੇ ਪ੍ਰਸ਼ਾਸਨ ਨੇ ਵੀਜ਼ਾ ਬਿਨੈਕਾਰਾਂ 'ਤੇ ਲਗਾਤਾਰ ਪਾਬੰਦੀਆਂ ਸਖ਼ਤ ਕੀਤੀਆਂ ਹਨ। ਇਨ੍ਹਾਂ ਵਿੱਚ ਬਿਨੈਕਾਰਾਂ ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ ਇਤਿਹਾਸ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ, ਉਨ੍ਹਾਂ ਨੂੰ ਵੀਜ਼ਾ ਪ੍ਰਕਿਰਿਆ ਲਈ ਮਹਿੰਗੇ ਬਾਂਡ ਜਮ੍ਹਾਂ ਕਰਾਉਣ ਦੀ ਲੋੜ, ਅਤੇ ਕੁਝ ਦੇਸ਼ਾਂ ਦੇ ਨਾਗਰਿਕਾਂ ਲਈ ਵੀਜ਼ਾ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣਾ ਸ਼ਾਮਲ ਹੈ।

ਸੋਮਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਡਿਪਟੀ ਸੈਕਟਰੀ ਆਫ਼ ਸਟੇਟ ਕ੍ਰਿਸਟੋਫਰ ਲੈਂਡੌ ਨੇ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਨੇ ਕਿਹਾ ਕਿ ਉਹ ਅਮਰੀਕਾ ਵਿੱਚ ਦਾਖਲ ਹੋਣ ਲਈ ਸੈਲਾਨੀ ਅਤੇ ਵਪਾਰਕ ਵੀਜ਼ਿਆਂ ਦੀ ਵਰਤੋਂ ਕਰਦੇ ਹਨ ਅਤੇ ਫਿਰ ਸ਼ਰਣ ਲਈ ਅਰਜ਼ੀ ਦਿੰਦੇ ਹਨ। ਵਰਤਮਾਨ ਵਿੱਚ, 21 ਅਤੇ 22 ਵੀਜ਼ਾ ਲਈ ਬਿਨੈਕਾਰਾਂ ਨੂੰ ਇਹ ਪੁਸ਼ਟੀ ਕਰਨ ਲਈ ਕਿਹਾ ਜਾਂਦਾ ਹੈ ਕਿ ਉਹ ਅਮਰੀਕਾ ਵਿੱਚ ਸ਼ਰਣ ਲਈ ਅਰਜ਼ੀ ਨਹੀਂ ਦੇਣਗੇ। ਉਹਨਾਂ ਨੂੰ ਆਪਣੇ ਦੇਸ਼ ਵਾਪਸ ਜਾਣ ਦੇ ਆਪਣੇ ਇਰਾਦੇ ਨੂੰ ਵੀ ਸਾਬਤ ਕਰਨਾ ਪਵੇਗਾ। ਪਿਛਲੇ 18 ਮਹੀਨਿਆਂ ਵਿੱਚ ਵਿਦੇਸ਼ ਵਿਭਾਗ ਨੇ ਲਗਭਗ 175,000 ਵੀਜ਼ੇ ਰੱਦ ਕਰ ਦਿੱਤੇ ਹਨ। ਇਹਨਾਂ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਤੋਂ ਲੈ ਕੇ ਬਲਾਤਕਾਰ ਅਤੇ ਡਕੈਤੀ ਤੱਕ ਦੇ ਅਪਰਾਧਾਂ ਦੇ ਦੋਸ਼ੀ ਜਾਂ ਦੋਸ਼ੀ ਵਿਅਕਤੀ ਸ਼ਾਮਲ ਹਨ। ਉਨ੍ਹਾਂ ਵਿਅਕਤੀਆਂ ਦੇ ਵੀਜ਼ੇ ਵੀ ਰੱਦ ਕਰ ਦਿੱਤੇ ਗਏ ਹਨ ਜਿਨ੍ਹਾਂ ਨੇ ਜਨਤਕ ਤੌਰ 'ਤੇ ਅਮਰੀਕੀ ਨੀਤੀਆਂ ਦੇ ਵਿਰੁੱਧ ਆਵਾਜ਼ ਉਠਾਈ ਹੈ, ਖਾਸ ਕਰਕੇ ਮੱਧ ਪੂਰਬ ਨਾਲ ਸਬੰਧਿਤ। ਟਰੰਪ ਪ੍ਰਸ਼ਾਸਨ ਨੇ ਜਨਮ ਸੈਰ-ਸਪਾਟੇ 'ਤੇ ਵੀ ਆਪਣੀ ਸਖ਼ਤੀ ਤੇਜ਼ ਕਰ ਦਿੱਤੀ ਹੈ, ਜਿੱਥੇ ਗਰਭਵਤੀ ਔਰਤਾਂ ਜਨਮ ਦੇਣ ਅਤੇ ਨਾਗਰਿਕਤਾ ਪ੍ਰਾਪਤ ਕਰਨ ਲਈ ਅਮਰੀਕਾ ਦੀ ਯਾਤਰਾ ਕਰਦੀਆਂ ਹਨ।

***

## ਪੰਜਾਬ ਸਿਆਸਤ ਵਿੱਚ ਅਕਾਲੀ-ਭਾਜਪਾ ਗਠਜੋੜ

ਜੇ ਗਠਜੋੜ ਹੁੰਦਾ ਵੀ ਹੈ ਤਾਂ ਭਾਜਪਾ 'ਵੱਡੇ ਭਰਾ' ਦੀ ਭੂਮਿਕਾ ਚਾਹੁੰਦੀ ਹੈ, ਜਿਸ ਵਿੱਚ ਪੁਰਾਣੇ ਫਾਰਮੂਲੇ ਨਾਲੋਂ ਵੱਧ ਸੀਟਾਂ ਦੀ ਮੰਗ ਸ਼ਾਮਲ ਹੈ।

ਭਾਜਪਾ ਹੁਣ ਸਾਰੇ ਵਰਗਾਂ ਦੇ ਸਿੱਖ ਚਿਹਰਿਆਂ ਨੂੰ ਅੱਗੇ ਲਿਆਉਣ 'ਤੇ ਜ਼ੋਰ ਦੇ ਰਹੀ ਹੈ— ਜੱਟ, ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਆਗੂਆਂ ਨੂੰ ਢੁਕਵੀਂ ਨੁਮਾਇੰਦਗੀ ਦੇ ਕੇ ਸਮਾਜਿਕ ਸੰਤੁਲਨ ਬਣਾਉਣ ਦੀ ਕੋਸ਼ਿਸ਼ ਚੱਲ ਰਹੀ ਹੈ। ਸਰਹੱਦੀ ਖੇਤਰਾਂ ਵਿੱਚ ਵਪਾਰ, ਸਨਅਤ ਅਤੇ ਇਤਿਹਾਸਕ ਮੰਦਰਾਂ ਦੀ ਮੁੜ-ਬਹਾਲੀ ਵਰਗੀਆਂ ਮੁਹਿੰਮਾਂ ਰਾਹੀਂ ਵੀ ਪਾਰਟੀ ਪੇਂਡੂ ਭਾਈਚਾਰੇ ਨਾਲ ਸਿੱਧਾ ਰਾਬਤਾ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪੰਥਕ ਹਲਕਿਆਂ ਅਤੇ ਰਵਾਇਤੀ ਵੋਟ ਬੈਂਕ ਵਿੱਚ ਬਦਲਦੇ ਹਾਲਾਤ

ਅਕਾਲੀ ਦਲ ਦਾ ਪੰਥਕ ਆਧਾਰ ਪਿਛਲੇ ਕੁਝ ਸਾਲਾਂ ਵਿੱਚ ਕਮਜ਼ੋਰ ਹੋਇਆ ਹੈ। ਬੇਅਦਬੀ ਦੀਆਂ ਘਟਨਾਵਾਂ ਅਤੇ ਉਨ੍ਹਾਂ ਨੂੰ ਨਜਿੱਠਣ ਵਿੱਚ ਹੋਈਆਂ ਰਾਜਨੀਤਕ ਭੁੱਲਾਂ ਨੇ ਪੰਥਕ ਹਲਕਿਆਂ ਵਿੱਚ ਪਾਰਟੀ ਦੀ ਛਵੀ ਨੂੰ ਨੁਕਸਾਨ ਪਹੁੰਚਾਇਆ। ਅੰਦਰੂਨੀ ਧੜੇਬੰਦੀਆਂ, ਲੀਡਰਸ਼ਿਪ ਸੰਕਟ ਅਤੇ ਨੌਜਵਾਨ ਆਗੂਆਂ ਨੂੰ ਨਾਲ ਨਾ ਜੋੜ ਸਕਣਾ ਵੀ ਇਸ ਦੇ ਕਾਰਨ ਹਨ।

ਪੰਜਾਬ ਦੇ ਵੋਟਰ, ਖਾਸ ਕਰਕੇ ਨੌਜਵਾਨ ਵਰਗ, ਰਵਾਇਤੀ ਰਾਜਨੀਤੀ ਤੋਂ ਬਾਹਰ ਨਿਕਲ ਕੇ ਨਵੇਂ ਬਦਲ ਤਲਾਸ਼ ਰਹੇ ਹਨ। ਵਾਰਿਸ ਪੰਜਾਬ ਦੇ, ਆਮ ਆਦਮੀ ਪਾਰਟੀ ਅਤੇ ਕਾਂਗਰਸ ਵੀ ਇਸ ਖਾਲੀ ਥਾਂ ਨੂੰ ਭਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਲਈ ਅਕਾਲੀ ਦਲ ਲਈ ਪੰਥਕ ਹਲਕਿਆਂ ਵਿੱਚ ਆਪਣੀ ਪੁਰਾਣੀ ਪਕੜ ਮੁੜ ਬਣਾਉਣਾ ਵੱਡੀ ਚੁਣੌਤੀ ਬਣ ਗਿਆ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਲਈ ਵੀ ਚੁਣੌਤੀ ਘੱਟ ਨਹੀਂ। ਪੇਂਡੂ ਸਿੱਖ ਬਹੁਤਾਤ ਵਾਲੇ ਖੇਤਰਾਂ ਵਿੱਚ ਅਕਾਲੀ ਦਲ ਤੋਂ ਬਿਨਾਂ ਜ਼ਮੀਨੀ ਪਕੜ ਬਣਾਉਣਾ ਅਜੇ ਵੀ ਮੁਸ਼ਕਿਲ ਹੈ। ਇਸ ਲਈ ਪਾਰਟੀ ਸਮਾਜਿਕ ਸਮੀਕਰਨ ਬਦਲਣ ਅਤੇ ਸਰਹੱਦੀ ਖੇਤਰਾਂ ਵਿੱਚ ਵਿਸ਼ੇਸ਼ ਧਿਆਨ ਦੇਣ 'ਤੇ ਜ਼ੋਰ ਦੇ ਰਹੀ ਹੈ।

ਸਿਆਸੀ ਤਸਵੀਰ ਵਿੱਚ ਨਵਾਂ ਦੌਰ

ਅੱਜ ਪੰਜਾਬ ਦੀ ਰਾਜਨੀਤੀ ਇੱਕ ਨਵੇਂ ਦੌਰ ਵਿੱਚ ਦਾਖ਼ਲ ਹੋ ਚੁੱਕੀ ਹੈ। ਜਿੱਥੇ ਅਕਾਲੀ ਦਲ ਗਠਜੋੜ ਨੂੰ ਆਪਣੀ ਸਿਆਸੀ ਬਚਾਅ ਰਣਨੀਤੀ ਵਜੋਂ ਵੇਖ ਰਿਹਾ ਹੈ, ਉੱਥੇ ਭਾਜਪਾ ਆਪਣੇ ਬਲਬੂਤੇ 'ਤੇ ਲੋਕਾਂ ਦਾ ਭਰੋਸਾ ਜਿੱਤਣਾ ਚਾਹੁੰਦੀ ਹੈ। ਗਠਜੋੜ ਹੋਵੇ ਜਾਂ ਨਾ ਹੋਵੇ, ਹਰ ਪਾਰਟੀ ਨੂੰ ਹੁਣ ਆਪਣੇ ਦਮ 'ਤੇ ਹੀ ਲੋਕਾਂ ਦਾ ਵਿਸ਼ਵਾਸ ਹਾਸਲ ਕਰਨਾ ਪਵੇਗਾ।

ਪੰਥਕ ਹਲਕਿਆਂ ਵਿੱਚ ਬਦਲਦੀ ਮਾਨਸਿਕਤਾ, ਨੌਜਵਾਨ ਵੋਟਰਾਂ ਦੀਆਂ ਨਵੀਆਂ ਉਮੀਦਾਂ ਅਤੇ ਸਰਹੱਦੀ ਸੁਰੱਖਿਆ ਦੇ ਮਸਲੇ ਇਸ ਚੋਣ ਲੜਾਈ ਨੂੰ ਹੋਰ ਜਟਿਲ ਬਣਾ ਰਹੇ ਹਨ। ਅਗਲੇ ਕੁਝ ਮਹੀਨੇ ਦੱਸਣਗੇ ਕਿ ਇਹ ਗਠਜੋੜ ਮੁੜ ਹੁੰਦਾ ਹੈ ਜਾਂ ਦੋਵੇਂ ਪਾਰਟੀਆਂ ਆਪੋ ਆਪਣੇ ਰਾਹ 'ਤੇ ਅੱਗੇ ਵਧਦੀਆਂ ਹਨ। ਪਰ ਇੱਕ ਗੱਲ ਸਾਫ਼ ਹੈ— ਪੰਜਾਬ ਦੀ ਸਿਆਸਤ ਹੁਣ ਰਵਾਇਤੀ ਸਮੀਕਰਨਾਂ ਤੋਂ ਬਾਹਰ ਨਿਕਲ ਚੁੱਕੀ ਹੈ।

## ਨਿਖਿਲ ਗੁਪਤਾ ਨੇ ਮੈਨਹਟਨ ਫ਼ੈਡਰਲ ਕੋਰਟ 'ਚ

ਜੋਖਮਾਂ ਦਾ ਮੁਲਾਂਕਣ ਕਰਨ ਤੋਂ ਬਾਅਦ ਦੋਸ਼ ਕਬੂਲਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਸਾਲ ਦੇ ਅੰਤ ਵਿੱਚ ਰਸਮੀ ਤੌਰ 'ਤੇ ਸਜ਼ਾ ਸੁਣਾਏ ਜਾਣ 'ਤੇ ਉਸਨੂੰ ਵੱਧ ਤੋਂ ਵੱਧ 40 ਸਾਲ ਤੱਕ ਦੀ ਫ਼ੈਡਰਲ ਜੇਲ੍ਹ ਹੋ ਸਕਦੀ ਹੈ।

ਪੰਨੂ ਦੀ ਪ੍ਰਤੀਕਿਰਿਆ ਅਤੇ ਕੂਟਨੀਤਕ ਅਸਰ:

ਅਮਰੀਕੀ ਨਾਗਰਿਕ ਅਤੇ ਮਨੁੱਖੀ ਅਧਿਕਾਰ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਅਦਾਲਤੀ ਕਾਰਵਾਈ 'ਤੇ ਬਿਆਨ ਦਿੰਦਿਆਂ ਕਿਹਾ ਕਿ ਇਹ ਦੋਸ਼ ਕਬੂਲ ਕਰਨਾ ਵਿਦੇਸ਼ੀ ਧਰਤੀ 'ਤੇ ਵਿਰੋਧੀਆਂ ਨੂੰ ਨਿਸ਼ਾਨੇ 'ਤੇ ਰੱਖਣ ਦੇ ਖਤਰਿਆਂ ਨੂੰ ਸਾਬਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਦਾਅਵਾ ਕਿ ਇਹ ਸਾਜ਼ਿਸ਼ ਕਿਸੇ ਆਕੀ ਏਜੰਟ ਦਾ ਕੰਮ ਸੀ, ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤਾਂ ਅੱਗੇ ਢਹਿ ਗਿਆ ਹੈ।

## ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ

ਕਰਦਾ ਹੈ ਤਾਂ ਉਸਨੂੰ ਆਪਣੀ ਯਾਤਰਾ ਦੀ ਯੋਜਨਾ ਬਾਰੇ ਐਫ.ਬੀ.ਆਈ. ਨੂੰ ਪਹਿਲਾਂ ਦੱਸਣਾ ਚਾਹੀਦਾ ਹੈ।

ਉਸ ਨੇ ਕਿਹਾ ਕਿ ਇਸ ਤੋਂ ਬਾਅਦ 'ਰੋਇਲ ਕੈਨੇਡੀਅਨ ਮਾਊਂਟਿਡ ਪੁਲਿਸ' ਨੇ ਵੀ ਉਸ ਨੂੰ ਫੋਨ 'ਤੇ ਚਿਤਾਵਨੀ ਦਿੱਤੀ। ਹਾਲਾਂਕਿ, ਦੋਵਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਉਸ ਸਾਜ਼ਿਸ਼ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਜਿਸਦਾ ਉਨ੍ਹਾਂ ਨੂੰ ਪਤਾ ਲੱਗਾ ਹੈ। ਦੋਵਾਂ ਏਜੰਸੀਆਂ ਤੋਂ ਇਸ ਸੰਬੰਧ ਵਿੱਚ ਜਾਣਕਾਰੀ ਮੰਗਣ ਲਈ ਸੰਪਰਕ ਕੀਤਾ ਗਿਆ ਪਰ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ।

ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੇ ਪੰਨੂ ਨੇ ਕਿਹਾ ਕਿ ਉਸ ਨੂੰ ਅਮਰੀਕਾ ਦੇ 'ਡਿਊਟੀ ਟੂ ਵਾਰਨ' ਕਾਨੂੰਨ ਤਹਿਤ ਚਿਤਾਵਨੀ ਦਿੱਤੀ ਗਈ ਹੈ। ਇਸ ਕਾਨੂੰਨ ਤਹਿਤ ਅਮਰੀਕੀ ਖੁਫੀਆ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਕਿਸੇ ਵਿਅਕਤੀ ਦੀ ਹੱਤਿਆ, ਗੰਭੀਰ ਸਰੀਰਕ ਨੁਕਸਾਨ ਜਾਂ ਅਗਵਾ ਦੇ ਭਰੋਸੇਯੋਗ ਅਤੇ ਖਾਸ ਖ਼ਤਰੇ ਦਾ ਪਤਾ ਲੱਗਣ 'ਤੇ ਸਬੰਧਿਤ ਵਿਅਕਤੀ ਨੂੰ ਸੂਚਿਤ ਕਰਨਾ ਜ਼ਰੂਰੀ ਹੈ।

ਪੰਨੂ ਦੀ ਜਾਨ ਨੂੰ ਖ਼ਤਰਾ ਹੋਣ ਦੀ ਜਾਣਕਾਰੀ ਅਜਿਹੇ ਸਮੇਂ ਆਈ ਹੈ ਜਦੋਂ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਫਰਵਰੀ ਵਿੱਚ ਸੰਘੀ ਸਾਜ਼ਿਸ਼ ਦੇ ਦੋਸ਼ਾਂ ਵਿੱਚ ਆਪਣਾ ਅਪਰਾਧ ਸਵੀਕਾਰ ਕਰ ਲਿਆ ਸੀ ਅਤੇ 20 ਨਵੰਬਰ ਨੂੰ ਮੈਨਹੱਟਨ ਦੀ ਸੰਘੀ ਅਦਾਲਤ ਵਿੱਚ ਉਸ ਨੂੰ ਸਜ਼ਾ ਸੁਣਾਈ ਜਾਣੀ ਹੈ। ਗੁਪਤਾ 'ਤੇ 2023 ਵਿੱਚ ਹੋਰ ਲੋਕਾਂ ਨਾਲ ਮਿਲ ਕੇ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਐਫ.ਬੀ.ਆਈ. ਦਾ ਦੋਸ਼ ਹੈ ਕਿ ਗੁਪਤਾ ਨੂੰ, ਪੰਨੂ ਦੀ ਹੱਤਿਆ ਕਰਨ ਲਈ ਭਾਰਤ ਸਰਕਾਰ ਦੇ ਇੱਕ ਕਰਮਚਾਰੀ ਨੇ ਨਿਰਦੇਸ਼ ਦਿੱਤਾ ਸੀ ਅਤੇ ਹੱਤਿਆ ਦੀ ਕੋਸ਼ਿਸ਼ ਦੌਰਾਨ ਉਸਨੇ ਅਣਜਾਣੇ ਵਿੱਚ ਇੱਕ ਅੰਡਰਕਵਰ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਨਾਲ ਸੰਪਰਕ ਕੀਤਾ। ਸਜ਼ਾ ਸੰਬੰਧੀ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਗੁਪਤਾ ਨੂੰ ਘੱਟੋ-ਘੱਟ ਦੋ ਦਹਾਕੇ ਜੇਲ੍ਹ ਵਿੱਚ ਬਿਤਾਉਣੇ ਹੋਣਗੇ।

ਪੰਨੂ ਵੱਖਰੇ ਸਿੱਖ ਰਾਜ ਦੀ ਸਥਾਪਨਾ ਦੀ ਵਕਾਲਤ ਕਰਦਾ ਹੈ। ਉਸਨੇ ਫੋਨ 'ਤੇ ਦਿੱਤੇ ਇੰਟਰਵਿਊ ਵਿੱਚ ਕਿਹਾ ਕਿ ਉਸ ਨੂੰ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ ਤੋਂ ਉਹ 'ਨਾ ਤਾਂ ਘਬਰਾਇਆ ਹੋਇਆ ਹੈ ਅਤੇ ਨਾ ਹੀ ਡਰਿਆ ਹੈ।'

ਉਸ ਨੇ ਕਿਹਾ, 'ਮੈਂ ਉਨ੍ਹਾਂ ਦੀ ਜਾਨੋਂ ਮਾਰਨ ਦੀਆਂ ਧਮਕੀਆਂ ਤੋਂ ਨਹੀਂ ਡਰਦਾ।' ਹਾਲਾਂਕਿ, ਉਸਨੇ ਉਮੀਦ ਪ੍ਰਗਟਾਈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਪ੍ਰਸ਼ਾਸਨ ਅਮਰੀਕਾ ਅਤੇ ਕੈਨੇਡਾ ਦੀ ਪ੍ਰਭੁਸੱਤਾ ਲਈ ਕਥਿਤ ਖ਼ਤਰਿਆਂ ਦਾ ਮੁੱਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਨਮੁੱਖ ਉਠਾਉਣਗੇ।

ਪੰਨੂ ਨੇ ਕਿਹਾ, 'ਮੋਦੀ ਸਰਕਾਰ ਟਰੰਪ ਪ੍ਰਸ਼ਾਸਨ ਦੇ ਤਹਿਤ ਬਿਨਾਂ ਕਿਸੇ ਨਤੀਜੇ ਦੇ ਡਰ ਤੋਂ ਅੱਗੇ ਵਧ ਰਹੀ ਹੈ।'

ਪੰਨੂ ਨੇ ਖੁਦ ਨੂੰ ਸਿੱਖ ਮਨੁੱਖੀ ਅਧਿਕਾਰ ਵਕੀਲ ਦੱਸਿਆ ਹੈ ਅਤੇ ਕਿਹਾ ਹੈ ਕਿ ਉਹ ਪੰਜਾਬ ਨੂੰ ਅਜਿਹਾ ਸਥਾਨ ਬਣਾਉਣ ਲਈ ਮੁਹਿੰਮ ਚਲਾ ਰਿਹਾ ਹੈ ਜਿੱਥੇ 'ਸਾਰੇ ਧਰਮਾਂ ਨੂੰ ਸਮਾਨ ਅਧਿਕਾਰ ਮਿਲਣ।'

ਉਸ ਨੇ ਕਿਹਾ ਕਿ ਕੈਨੇਡਾ ਦੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ 'ਖ਼ਾਲਿਸਤਾਨ ਰਿਫਰੈਂਡਮ' ਦੇ ਕੈਨੇਡੀਅਨ ਮੁਖੀ ਰਹੇ ਹਰਦੀਪ ਸਿੰਘ ਨਿੱਝਰ ਨੂੰ ਵੀ 'ਡਿਊਟੀ ਟੂ ਵਾਰਨ' ਤਹਿਤ ਚਿਤਾਵਨੀ ਦਿੱਤੀ ਸੀ। ਨਿੱਝਰ ਦੀ 18 ਜੂਨ, 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਹੱਤਿਆ ਕਰ ਦਿੱਤੀ ਗਈ ਸੀ।

ਪੰਨੂ ਨੇ ਕਿਹਾ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਨਾਲ ਉਸਨੂੰ ਇਸ ਗੱਲ ਦਾ ਸਾਹਸ ਅਤੇ ਭਰੋਸਾ ਮਿਲਦਾ। ਉਸਦੀ ਮੁਹਿੰਮ ਅਤੇ ਉਸਦੀ ਬੇਬਾਕੀ ਅਸਰ ਪਾ ਰਹੀ ਹੈ। ਉਸਨੇ ਕਿਹਾ,'ਮੈਂ ਗੋਲੀ ਦੇ ਡਰ ਤੋਂ ਆਪਣੀ ਮੁਹਿੰਮ ਬੰਦ ਨਹੀਂ ਕਰਾਂਗਾ।'

## ਭਾਰਤ ਦਾ ਪਹਿਲਾ ਉਲੰਪੀਅਨ

ਅਸੀਂ ਕੁਮੈਂਟਰੀ ਸੁਣ ਕੇ ਤਹੱਈਆ ਕਰ ਲਿਆ ਕਿ ਚਾਰ ਸਾਲਾਂ ਬਾਅਦ ਆਪਾਂ ਵੀ ਮਿਲਖਾ ਸਿੰਘ ਵਾਂਗ ਟੋਕੀਓ ਦੀਆਂ ਉਲੰਪਿਕ ਖੇਡਾਂ 'ਚ ਚੱਲਾਂਗੇ। ਦ੍ਰਿੜ ਇਰਾਦੇ ਤੇ ਕਠਿਨ ਮਿਹਨਤ ਨਾਲ ਅਸੀਂ ਸੱਚਮੁੱਚ ਟੋਕੀਓ ਉਲੰਪਿਕਸ ਵਿੱਚ ਗਏ। ਐਸਾ ਕੁਝ ਵੀ ਨਹੀਂ ਜੋ ਬੰਦਾ ਕਰ ਨਹੀਂ ਸਕਦਾ। ਹਿੰਮਤ ਤੇ ਮਿਹਨਤ ਨਾਲ ਸਭ ਕੁਝ ਕੀਤਾ ਜਾ ਸਕਦੈ।

ਲਾਭ ਸਿੰਘ ਨੇ ਏਸ਼ਿਆਈ ਖੇਡਾਂ 'ਚੋਂ 1 ਚਾਂਦੀ ਤੇ 2 ਤਾਂਬੇ ਦੇ ਤਗ਼ਮੇ ਜਿੱਤੇ। ਉਸ ਨੇ ਟੋਕੀਓ ਦੀਆਂ ਉਲੰਪਿਕ ਖੇਡਾਂ-1964 ਵਿੱਚ ਭਾਗ ਲਿਆ। 1964 ਤੋਂ 1972 ਤੱਕ ਉਹ ਕਈ ਵਾਰ ਹੌਪ ਸਟੈੱਪ ਐਂਡ ਜੰਪ ਤੇ ਲੰਮੀ ਛਾਲ ਦਾ ਨੈਸ਼ਨਲ ਚੈਂਪੀਅਨ ਬਣਿਆ। ਉਹਦੀ ਪਹਿਲੀ ਚੜ੍ਹਤ 1962-63 ਵਿੱਚ ਚੰਡੀਗੜ੍ਹ ਵਿਖੇ ਅੰਤਰ-ਯੂਨੀਵਰਸਿਟੀ ਅਥਲੈਟਿਕ ਮੀਟ 'ਚ ਹੋਈ ਸੀ। ਜਨਵਰੀ ਦੀ ਠਾਰੀ ਵਿੱਚ ਉਸ ਨੇ ਟ੍ਰਿਪਲ ਜੰਪ ਲਾਉਣ 'ਚ 15 ਸਾਲ ਪਹਿਲਾਂ ਦਾ ਇੰਟਰਵਰਸਿਟੀ ਰਿਕਾਰਡ ਤੋੜ ਦਿੱਤਾ ਤੇ 50 ਫੁੱਟੀ ਛਾਲ ਲਾ ਕੇ ਆਪਣਾ ਸੰਭਾਵਨਾਵਾਂ ਭਰਪੂਰ ਖੇਡ ਜੀਵਨ ਸ਼ੁਰੂ ਕੀਤਾ। 1966 'ਚ ਉਸ ਨੇ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚੋਂ 15.49 ਮੀਟਰ ਤੀਹਰੀ ਛਾਲ ਲਾ ਕੇ ਤਾਂਬੇ ਦਾ ਤਗ਼ਮਾ ਤੇ 1970 ਦੀਆਂ ਏਸ਼ਿਆਈ ਖੇਡਾਂ 'ਚੋਂ 15.82 ਮੀਟਰ ਛਾਲ ਲਾ ਕੇ ਚਾਂਦੀ ਦਾ ਤਗ਼ਮਾ ਜਿੱਤਿਆ। ਉੱਥੇ ਉਸ ਨੇ 7.45 ਮੀਟਰ ਲੰਮੀ ਛਾਲ ਲਾ ਕੇ ਤਾਂਬੇ ਦਾ ਇੱਕ ਹੋਰ ਤਗ਼ਮਾ ਵੀ ਜਿੱਤ ਲਿਆ। ਹੁਣ ਉਹ ਪਟਿਆਲੇ ਦੀ ਯਾਦਵਿੰਦਰਾ ਕਲੋਨੀ ਦਾ ਨਿਵਾਸੀ ਹੈ। ਪਹਿਲਾਂ ਗਰਮੀਆਂ 'ਚ ਮੀਆਂ-ਬੀਵੀ ਸਿਆਟਲ ਚਲੇ ਜਾਂਦੇ ਸਨ ਜਿੱਥੇ ਉਨ੍ਹਾਂ ਦੇ ਦੋਵੇਂ ਪੁੱਤਰ ਅਮਰੀਕਨ ਬਣੇ ਘੁੱਗ ਵਸਦੇ ਹਨ। ਹੁਣ ਉਹ ਆਪ ਆ ਕੇ ਮਾਪਿਆਂ ਨੂੰ ਮਿਲ ਜਾਂਦੇ ਹਨ।

***

## ਹਾਕੀ ਵਿਸ਼ਵ ਕੱਪ 'ਚ ਨਹੀਂ ਹੈ ਕੋਈ

ਇਸ 'ਚ ਸ਼ਾਮਲ ਹਨ। ਸ਼ਰਮਾ ਨੇ ਕਿਹਾ ਕਿ ਗਿਣਤੀ ਦੀ ਬਜਾਏ ਗੁਣਵੱਤਾ 'ਤੇ ਫੋਕਸ ਕਰਨਾ ਜ਼ਰੂਰੀ ਹੈ ਤੇ ਇਸ ਲਈ ਅੰਪਾਇਰਾਂ ਨੂੰ ਵੱਧ ਐਕਸਪੋਜ਼ਰ ਦੇਣਾ ਹੋਵੇਗਾ। ਉਸ ਨੇ ਕਿਹਾ ,"ਘਰੇਲੂ ਅੰਪਾਇਰ ਵੱਡੇ ਟੂਰਨਾਮੈਂਟਾਂ 'ਚ ਅੰਪਾਇਰਿੰਗ ਨਹੀਂ ਕਰਨਗੇ ਤਾਂ ਕੌਮਾਂਤਰੀ ਪੱਧਰ ਦਾ ਤਜਰਬਾ ਕਿਵੇਂ ਮਿਲੇਗਾ। ਘਰੇਲੂ ਤੇ ਕੌਮਾਂਤਰੀ ਅੰਪਾਇਰਿੰਗ 'ਚ ਜ਼ਮੀਨ-ਆਸਮਾਨ ਦਾ ਫਰਕ ਹੈ। ਭਾਰਤੀ ਟੀਮਾਂ ਦੇ ਕੈਂਪ 'ਚ ਵੀ ਅੰਪਾਇਰਾਂ ਨੂੰ ਨਾਲ ਰੱਖਿਆ ਜਾਣਾ ਚਾਹੀਦਾ ਹੈ। ਸਾਡੇ ਕੋਲ ਪ੍ਰਤਿਭਾ ਦੀ ਕਮੀ ਨਹੀਂ ਹੈ ਪਰ ਅੰਪਾਇਰਾਂ ਨੂੰ ਵੀ ਮਿਹਨਤ ਕਰਨੀ ਪਵੇਗੀ ਤੇ ਮਹਾਸੰਘ ਨੂੰ ਇਸ 'ਚ ਸਹਿਯੋਗ ਦੇਣਾ ਪਵੇਗਾ।" ਉਸ ਨੇ ਕਿਹਾ ,"ਅੰਪਾਇਰਾਂ ਦੇ ਵਿਕਾਸ ਲਈ ਸਹੀ ਪਲਾਨਿੰਗ ਤੇ ਢਾਂਚੇ ਦੀ ਲੋੜ ਹੈ ਤਾਂ ਜੋ ਅਗਲੇ ਵਿਸ਼ਵ ਕੱਪ ਜਾਂ ਓਲੰਪਿਕ 'ਚ ਸਾਡਾ ਪ੍ਰਤੀਨਿਧਤਾ ਰਹੇ।"

1994 'ਚ ਅੰਪਾਇਰਿੰਗ ਤੋਂ ਵਿਦਾਈ ਲੈ ਚੁੱਕੇ ਬਾਵਾ ਭਾਰਤੀ ਟੀਮ ਦੇ ਨਾਲ ਦੌਰਿਆਂ 'ਤੇ ਜਾਂਦੇ ਸਨ ਜਿਸ 'ਚ 1981 ਦਾ ਯੂਰੋਪ ਦੌਰਾ ਤੇ 1983 'ਚ ਪਾਕਿਸਤਾਨ 'ਚ ਟੈਸਟ ਲੜੀ ਸ਼ਾਮਲ ਹੈ। ਲਾਹੌਰ ਵਿਸ਼ਵ ਕੱਪ 1990 ਤੇ ਸਿਓਲ ਓਲੰਪਿਕ 1988 'ਚ ਅੰਪਾਇਰਿੰਗ ਕਰ ਚੁੱਕੇ ਬਾਵਾ ਨੇ ਕੈਨੇਡਾ ਤੋਂ ਕਿਹਾ ,"ਉਸ ਦੌਰ 'ਚ ਅੰਪਾਇਰਾਂ ਨੂੰ ਖੇਡ ਦਾ ਹਿੱਸਾ ਨਹੀਂ ਮੰਨਿਆ ਜਾਂਦਾ ਸੀ ਪਰ ਮੈਂ ਹਾਲਾਤ ਬਦਲਣ ਦੀ ਕੋਸ਼ਿਸ਼ ਕੀਤੀ। ਜਦੋਂ ਮੈਂ ਸ਼ੁਰੂਆਤ ਕੀਤੀ ਤਦ 20 ਰੁਪਏ ਰੋਜ਼ਾਨਾ ਭੱਤਾ ਮਿਲਦਾ ਸੀ ਜਿਸ ਨੂੰ ਕੇ.ਪੀ.ਐੱਸ. ਗਿੱਲ ਦੇ ਦੌਰ 'ਚ ਮੈਂ ਵਧਵਾ ਕੇ 100 ਰੁਪਏ ਕਰਵਾਇਆ ਸੀ।" ਉਸ ਨੇ ਦੱਸਿਆ ,"ਤਦ ਅੰਪਾਇਰਾਂ ਨੂੰ ਕੋਈ ਤਮਗਾ ਜਾਂ ਸੋਵੇਨੀਅਰ ਨਹੀਂ ਦਿੱਤੇ ਜਾਂਦੇ ਸਨ ਪਰ 1977 'ਚ ਅੰਮ੍ਰਿਤਸਰ 'ਚ ਰਣਜੀਤ ਸਿੰਘ ਟੂਰਨਾਮੈਂਟ ਦੌਰਾਨ ਅਸੀਂ ਯਕੀਨੀ ਕਰਵਾਇਆ ਕਿ ਅੰਪਾਇਰਾਂ ਨੂੰ ਵੀ ਸਨਮਾਨ ਤੇ ਯਾਦਗਾਰੀ ਚਿੰਨ੍ਹ ਦਿੱਤੇ ਜਾਣ।"

ਤਿੰਨਾਂ ਧਾਕੜਾਂ ਨੇ ਕਿਹਾ ਕਿ ਇਸ ਪੇਸ਼ੇ 'ਚ ਵਿੱਤੀ ਸੁਰੱਖਿਆ ਨਹੀਂ ਹੈ ਤੇ ਸਿਰਫ ਜਨੂੰਨ ਲਈ ਉਹ ਇਸ ਨਾਲ ਜੁੜੇ ਰਹੇ। ਸ਼ਰਮਾ ਨੇ ਕਿਹਾ ,"ਸਾਡੇ ਸਮੇਂ 'ਚ 150 ਜਾਂ 200 ਰੁਪਏ ਰੋਜ਼ਾਨਾ ਤੇ ਕੌਮਾਂਤਰੀ ਟੂਰਨਾਮੈਂਟਾਂ 'ਚ 40-50 ਡਾਲਰ ਭੱਤਾ ਮਿਲਦਾ ਸੀ ਜੋ ਸਾਡਾ ਮਹਾਸੰਘ ਹੀ ਦਿੰਦਾ ਸੀ। ਜੇਕਰ ਤੁਸੀਂ ਕਿਸੇ ਟੂਰਨਾਮੈਂਟ 'ਚ ਨਿਰਪੱਖ ਹੋ ਤਾਂ ਟੂਰਨਾਮੈਂਟ ਦਾ ਮੇਜ਼ਬਾਨ ਬੋਰਡਿੰਗ, ਲਾਜਿੰਗ ਤੇ 40-50 ਡਾਲਰ ਰੋਜ਼ਾਨਾ ਭੱਤਾ ਦਿੰਦਾ ਹੈ। ਸਾਡੇ ਜ਼ਿਆਦਾਤਰ ਅੰਪਾਇਰਾਂ ਕੋਲ ਨੌਕਰੀ ਨਹੀਂ ਹੈ ਤੇ ਘਰੇਲੂ ਟੂਰਨਾਮੈਂਟਾਂ 'ਤੇ ਹੀ ਕੰਮ ਚੱਲ ਰਿਹਾ ਹੈ।"

ਪਿਛਲੇ ਸਾਲ ਸੰਨਿਆਸ ਤੋਂ ਬਾਅਦ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਨਿੱਜੀ ਨੌਕਰੀ ਕਰ ਰਹੇ ਰਘੂ ਨੇ ਕਿਹਾ ,"ਜਦੋਂ ਤੱਕ ਅੰਪਾਇਰਿੰਗ ਕੀਤੀ, ਉਸੇ 'ਤੇ ਫੋਕਸ ਰਿਹਾ ਤੇ ਨੌਕਰੀ ਦੇ ਬਾਰੇ 'ਚ ਸੋਚਿਆ ਨਹੀਂ। ਕੇ.ਐੱਸ.ਐੱਚ.ਏ. 'ਚ ਨੌਕਰੀ ਨਿੱਜੀ ਕਾਰਨਾਂ ਕਰਕੇ ਛੱਡਣੀ ਪਈ। ਅਜੇ ਆਪਣੀਆਂ ਕੋਸ਼ਿਸ਼ਾਂ ਨਾਲ ਇਕ ਨਿੱਜੀ ਨੌਕਰੀ ਸ਼ੁਰੂ ਕੀਤੀ ਹੈ ਪਰ ਓਨੀ ਕਮਾਈ ਨਹੀਂ ਹੈ। ਕੋਈ ਵੀ ਮਾਂ-ਬਾਪ ਅਜਿਹੇ ਹਾਲਾਤ 'ਚ ਬੱਚੇ ਨੂੰ ਅੰਪਾਇਰ ਕਿਉਂ ਬਣਾਉਣਾ ਚਾਹੁਣਗੇ।"

ਉਸ ਨੇ ਕਿਹਾ,"ਖਿਡਾਰੀਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਐਵਾਰਡ ਤੇ ਸਰਕਾਰੀ ਨੌਕਰੀ ਮਿਲ ਜਾਂਦੀ ਹੈ ਪਰ ਅੰਪਾਇਰਾਂ ਨੂੰ ਕੋਈ ਐਵਾਰਡ ਜਾਂ ਤਨਖਾਹ ਨਹੀਂ ਮਿਲਦੀ। ਜਿਹੜੇ ਅੰਪਾਇਰ ਨੌਕਰੀ ਕਰ ਰਹੇ ਹਨ, ਉਨ੍ਹਾਂ ਨੂੰ ਕਦੇ ਟੂਰਨਾਮੈਂਟਾਂ ਲਈ ਛੁੱਟੀ ਨਹੀਂ ਮਿਲਦੀ। ਇਕ ਮਹਿਲਾ ਅਧਿਕਾਰੀ ਨੇ ਤਾਂ ਇਹ ਵੀ ਕਿਹਾ ਕਿ ਕਈ ਵਾਰ ਮਹਾਸੰਘ ਤੋਂ ਸਹਿਯੋਗ ਨਹੀਂ ਮਿਲਦਾ ਤੇ ਪੱਖਪਾਤ ਕਰਕੇ ਅੱਗੇ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ।

***

## ਕੀ ਜ਼ੈੱਨ-ਜੀ ਇਨਕਲਾਬ ਦਾ ਪੰਜਾਬ

ਨਵੀਂ ਪੀੜੀ ਪੰਜਾਬ ਦੀ ਜਰਖੇਜ਼ ਧਰਤੀ, ਇਸ ਦੇ ਪਾਣੀਆਂ, ਖੇਤੀ ਅਤੇ ਰੇਤ-ਬਜ਼ਰੀ ਜਿਹੇ ਸੋਨੇ ਅਤੇ ਨਾਨਕ ਦੇ ਕਿਰਤ ਸੱਭਿਆਚਾਰ ਦੀ ਰਾਖੀ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ। ਉਹ ਨਸ਼ੇ, ਗੈਂਗਸਟਰਵਾਦ ਅਤੇ ਭ੍ਰਿਸ਼ਟਾਚਾਰ ਤੋਂ ਪੰਜਾਬ ਨੂੰ ਉਵੇਂ ਹੀ ਖੁਦ ਮੁਕਤ ਕਰਨਾ ਚਾਹੁੰਦੇ ਹਨ, ਜਿਵੇਂ ਪੰਜਾਬੀਆਂ ਨੇ ਖੁਦ ਅੱਗੇ ਆ ਕੇ ਇਸ ਨੂੰ ਅੱਤਵਾਦ ਤੋਂ ਮੁਕਤ ਕੀਤਾ ਸੀ। ਉਹ ਸਮਝਦੇ ਹਨ ਕਿ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਗੁੱਟਾਂ, ਕਾਂਗਰਸ ਪਾਰਟੀ ਦੇ ਵੱਖ-ਵੱਖ ਧੜਿਆਂ, ਭਾਜਪਾ ਦੇ ਟਕਸਾਲੀ ਅਤੇ ਦੂਸਰੀਆਂ ਪਾਰਟੀਆਂ 'ਚੋਂ ਦਲ ਬਦਲ ਕੇ ਆਏ ਆਗੂਆਂ, ਆਪ ਅੰਦਰ 50 ਹਲਕਿਆਂ ਦੇ ਕਰੀਬ ਕਮਜ਼ੋਰ ਅਤੇ ਬਦਨਾਮ ਵਿਧਾਇਕਾਂ ਦੀਆਂ ਟਿਕਟਾਂ ਬਦਲਣ ਕਰਕੇ ਪੈਦਾ ਹੋਈ ਚਾਰ-ਚੁਫੇਰੇ ਕਲੇਸ਼ ਕਰਕੇ ਉਹਨਾਂ ਲਈ ਤਾਮਿਲਨਾਡੂ ਦੀ ਨਵੀਂ ਗਠਤ ਪਾਰਟੀ ਤਾਮਿਲ ਵੇਤਰੀ ਕੜਗਮ ਦੇ ਬਣੇ ਮੁੱਖ ਮੰਤਰੀ ਥੀਰੂ ਜੋਜਫ ਵਿਜੇ ਵਾਂਗ ਪੰਜਾਬ 'ਚ ਰਾਜਨੀਤਿਕ ਥਾਂ ਖਾਲੀ ਕਰ ਰੱਖੀ ਹੈ। ਪੰਜਾਬ ਦੇ ਵਿਦਿਅਕ ਅਦਾਰਿਆਂ, ਯੂਨੀਵਰਸਿਟੀਆ, ਸੋਸ਼ਲ ਗਰੁੱਪਾਂ ਅਤੇ ਵਿਦੇਸ਼ਾਂ 'ਚ ਜੈੱਨ-ਜ਼ੀ ਲੀਡਰਸ਼ਿਪ ਤਿਆਰ ਬੈਠੀ ਹੈ। ਉਹ 2032 ਦੀ ਥਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਲੀਡਰਸ਼ਿਪ ਆਪਣੇ ਹੱਥਾਂ 'ਚ ਲੈਣ ਲਈ ਜ਼ੋਰ-ਅਜ਼ਮਾਈ ਲਈ ਤਿਆਰ ਬਰ ਤਿਆਰ ਹਨ। ਬਹੁਤ ਲੰਘ ਚੁੱਕਾ ਹੈ ਸਤਲੁਜ ਦੇ ਪੁਲਾਂ ਹੇਠੋਂ ਦੀ ਪਾਣੀ।

***

## ਪੰਜਾਬ ਦੇ ਹਕੀਕੀ ਮਸਲੇ

ਦੇਸ਼ ਦੀ ਰਾਜਧਾਨੀ ਦਿੱਲੀ 'ਚ ਜਾ ਕੇ ਕੋਈ ਰੈਲੀ, ਧਰਨਾ, ਮੁਜ਼ਾਹਰਾ ਕਰਨਾ ਹੋਵੇ ਤਾਂ ਪੰਜਾਬੀਆਂ ਨੂੰ ਹਰਿਆਣਾ ਸਰਕਾਰ ਸ਼ੰਭੂ ਤੋਂ ਅੱਗੇ ਨਹੀਂ ਲੰਘਣ ਦਿੰਦੀ। ਮਨੋਹਰ ਲਾਲ ਖੱਟਰ ਦੇ ਸਮੇਂ ਗੈਰਕਾਨੂੰਨੀ ਬੈਰੀਕੇਡ ਲਾ ਕੇ ਪੰਜਾਬੀ ਕਿਸਾਨਾਂ 'ਤੇ ਅੱਥਰੂ ਗੈਸ, ਪਾਣੀ ਦੀਆਂ ਬੁਛਾੜਾਂ ਤੇ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਫੱਟੜ ਕੀਤਾ ਗਿਆ।

ਮੌਜੂਦਾ ਮੁੱਖ ਮੰਤਰੀ ਸੈਣੀ ਨੇ ਵੀ ਇਸੇ ਤਰ੍ਹਾਂ ਬੈਰੀਕੇਡ ਲਾ ਕੇ ਰਸਤਾ ਬੰਦ ਕਰਕੇ ਸਾਨੂੰ ਵਾਰ-ਵਾਰ ਜ਼ਲੀਲ ਕੀਤਾ ਹੈ। ਫਿਰ ਉਹ ਕਿਹੜੇ ਮੂੰਹ ਨਾਲ ਪੰਜਾਬ ਵਿਚ ਵੋਟਾਂ ਮੰਗਣ ਲਈ ਆਉਂਦਾ ਹੈ। ਦਰਅਸਲ ਕਸੂਰ ਪੰਜਾਬੀਆਂ ਦਾ ਵੀ ਹੈ, ਇਹ ਸਿਆਸੀ ਲੋਕਾਂ ਨੂੰ ਦੇਖ ਕੇ ਉਨ੍ਹਾਂ ਨਾਲ ਹੱਥ ਮਿਲਾਉਣ ਲਈ ਭੱਜਦੇ ਹਨ। ਚੋਣਾਂ ਸਮੇਂ ਅਸੀਂ ਅੱਡੀਆਂ ਚੁੱਕ-ਚੁੱਕ ਨੇਤਾਵਾਂ ਦੀਆਂ ਕਾਰਾਂ ਵਿੱਚ ਚੜ੍ਹਨ ਲਈ ਕਾਹਲੇ ਪੈ ਜਾਂਦੇ ਹਾਂ। ਅਸੀਂ ਹੀ ਪਿੰਡਾਂ ਵਿੱਚ ਧੜੇਬਾਜ਼ੀ ਖੜ੍ਹੀ ਕਰਦੇ ਹਾਂ, ਅਸੀਂ ਸ਼ਰਾਬ ਬਦਲੇ ਵੋਟ ਦਿੰਦੇ ਹਾਂ, ਮਤਲਬ ਕੁਝ ਛਿੱਲੜਾਂ ਪਿੱਛੇ ਵੋਟਾਂ ਵੇਚ ਕੇ 5 ਸਾਲਾਂ ਲਈ ਆਪਣੇ ਹੱਕ ਗਹਿਣੇ ਪਾ ਦਿੰਦੇ ਹਾਂ। ਜਦੋਂ ਸੱਤਾਧਾਰੀ ਲੈਂਡ ਪੂਲਿੰਗ ਪਾਲਿਸੀ ਲਿਆ ਕੇ ਜ਼ਮੀਨਾਂ ਖੋਹਣ ਦੀ ਤਿਆਰੀ ਕਰਦੇ ਹਨ ਤਾਂ ਕਿਸਾਨ ਜਥੇਬੰਦੀਆਂ ਦੇ ਮੋਰਚੇ ਦੀ ਉਡੀਕ ਕਰਦੇ ਹਾਂ। ਇਸ ਵੇਲੇ ਪੰਜਾਬ ਸਾਢੇ 5 ਲੱਖ ਕਰੋੜ ਦਾ ਕਰਜ਼ਾਈ ਹੈ। ਇਹ ਸਾਰਾ ਕਰਜ਼ਾ ਸਰਕਾਰਾਂ ਨੇ ਵਿੰਗੇ ਟੇਢੇ ਢੰਗ ਨਾਲ ਤੁਹਾਡੀਆਂ ਹੀ ਜੇਬਾਂ 'ਚੋਂ ਕੱਢਣਾ ਹੈ।

ਪੰਜਾਬ ਵਾਸੀਆਂ ਲਈ ਹੁਣ ਸਮਝਣ ਤੇ ਵਿਚਾਰ ਕਰਨ ਦਾ ਸਮਾਂ ਹੈ, ਕਿਉਂਕਿ ਤੁਹਾਡਾ ਭਵਿੱਖ ਖਤਰਨਾਕ ਦੌਰ ਵਿੱਚ ਦਾਖਲ ਹੋ ਰਿਹਾ ਹੈ। ਕੀ ਤੁਹਾਡੇ ਵਿਰੁੱਧ ਜਾ ਕੇ ਸਮਝੌਤੇ ਕਰਨ ਵਾਲੇ ਲੋਕ ਸਰਕਾਰ ਵਿੱਚ ਜਾ ਕੇ ਤੁਹਾਡਾ ਭਵਿੱਖ ਬਚਾਅ ਸਕਣਗੇ। ਹੁਣ ਲੋਕਾਂ ਨੂੰ ਕਿਸੇ ਪਾਰਟੀ ਦੀਆਂ ਨੀਤੀਆਂ ਬਾਰੇ ਜਾਣ ਕੇ ਸੋਚ ਸਮਝ ਕੇ ਵੋਟ ਪਾਉਣੀ ਸਿੱਖਣੀ ਪਵੇਗੀ। ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਰ ਮੁਕਤ ਵਪਾਰਕ ਸਮਝੌਤਾ, ਪੰਜਾਬ ਦੇ ਪਾਣੀਆਂ ਦਾ ਮਸਲਾ, ਨਸ਼ਿਆਂ ਤੇ ਭਿ੍ਸ਼ਟਾਚਾਰ ਦੇ ਮਸਲੇ ਨੂੰ ਹੱਲ ਕਰਨ ਲਈ ਤੁਹਾਡੀ ਪਸੰਦ ਦਾ ਉਮੀਦਵਾਰ ਕਿੰਨੀ ਕੁ ਸਮਝ ਰੱਖਦਾ ਹੈ। ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ, ਲੋਕਾਂ ਨੂੰ ਸਿਆਣੇ ਬਣਨਾ ਪਵੇਗਾ।

***

## ਪੰਜਾਬ ਦੇ ਵਿਕਾਸ ਲਈ ਇੱਕ ਢੁੱਕਵਾਂ ਮਾਡਲ

ਕਿੰਨਾ ਚੰਗਾ ਹੁੰਦਾ ਜੇਕਰ ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਵੱਲੋਂ ਤਿਆਰ ਕੀਤੀ ਖੇਤੀ ਨੀਤੀ ਦੇ ਅਨੁਸਾਰੀ ਪੈਂਗਯੋ ਟੈਕਨੋ ਵੈਲੀ ਵਾਂਗ ਏਕੀਕਿਰਤ ਨਵੀਨਤਾ ਤੇ ਸਟਾਰਟਅੱਪ ਸੈਂਟਰ ਸਥਾਪਿਤ ਕੀਤਾ ਜਾਂਦਾ, ਸ਼ਾਇਦ ਖੇਤੀਬਾੜੀ ਨੀਤੀ ਦੀ ਅਣਹੋਂਦ ਕਾਰਨ ਇਸ ਸੈਂਟਰ ਵਲੋਂ ਪੰਜਾਬ ਦੀ ਕਿਸਾਨੀ ਦੀਆਂ ਦਰਪੇਸ਼ ਸਮੱਸਿਆਵਾਂ ਦੀ ਚਿਰਜੀਵੀ ਤੇ ਟਿਕਾਊ ਹੱਲ ਦੀ ਆਸ ਕਰਨੀਂ ਔਖੀ ਗੱਲ ਜਾਪ ਰਹੀ ਹੈ। ਇਸ ਕਰਕੇ ਸਰਕਾਰ ਨੂੰ ਖੇਤੀ ਨੀਤੀ ਤੁਰੰਤ ਲਾਗੂ ਕਰਨ ਵੱਲ ਵਧਣਾ ਚਾਹੀਦਾ ਹੈ ਤੇ ਉਸ ਦੀਆਂ ਸਿਫਾਰਸ਼ਾਂ ਅਨੁਸਾਰ ਸਟਾਰਟਅੱਪ ਦੀ ਵਿਉਂਤਬੰਦੀ ਕਰਨੀਂ ਚਾਹੀਦੀ ਹੈ। ਇਸ ਤੋਂ ਇਲਾਵਾ ਸਰਕਾਰ ਨੂੰ ਖੇਤੀ ਅਤੇ ਪਿੰਡ ਨਾਲ ਜੁੜੀ ਮਨੁੱਖੀ ਮਾਨਸਿਕਤਾ ਨੂੰ ਸਮਝਕੇ ਇਸ ਦੇ ਵਿਕਾਸ ਲਈ ਕਾਰਗਰ ਮਾਡਲ ਵਿਕਸਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਸੂਬੇ ਦੀ ਬਹੁਪੱਖੀ ਸਮੂਹਿਕ ਤਰੱਕੀ ਹੋ ਸਕੇ।

***

## ਕੀ ਅਕਾਲੀ-ਭਾਜਪਾ ਦੀ ਮੁੜ ਨੇੜਤਾ ਬਦਲ ਸਕੇਗੀ

ਭਾਜਪਾ ਜਾਣਦੀ ਹੈ ਕਿ ਆਮ ਆਦਮੀ ਪਾਰਟੀ ਹੁਣ ਕਈ ਥਾਵਾਂ 'ਤੇ ਕਾਂਗਰਸ ਦੀ ਬਜਾਏ ਵਿਰੋਧੀ ਵੋਟਾਂ ਵੀ ਵੰਡ ਸਕਦੀ ਹੈ। ਸਤੀਸ਼ ਪੂਨੀਆ ਨੂੰ ਪੰਜਾਬ ਮਾਮਲਿਆਂ ਦਾ ਇੰਚਾਰਜ ਲਗਾਉਣਾ, ਮਨਪ੍ਰੀਤ ਸਿੰਘ ਬਾਦਲ ਤੇ ਤਰੁਣ ਚੁੱਘ ਵਰਗੇ ਨੇਤਾਵਾਂ ਨੂੰ ਸਰਗਰਮ ਕਰਨਾ, ਅਤੇ ਚੋਣ ਮੁਹਿੰਮ ਦੀ ਵਾਗਡੋਰ ਪ੍ਰਧਾਨ ਮੰਤਰੀ ਦੇ ਭਰੋਸੇਮੰਦ ਆਗੂ ਸੀ.ਆਰ. ਪਾਟਿਲ ਦੇ ਹੱਥ ਸੌਂਪਣਾ ਇਹ ਸਾਬਤ ਕਰਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਪੰਜਾਬ ਦੀ ਸਿਆਸਤ ਨੂੰ ਆਪਣੇ ਹੱਥਾਂ ਵਿੱਚ ਲੈ ਕੇ ਭਾਜਪਾ ਨੂੰ 'ਵੱਡੇ ਭਰਾ' ਦੀ ਭੂਮਿਕਾ ਵਿੱਚ ਲਿਆਉਣਾ ਚਾਹੁੰਦੇ ਹਨ।

ਸਿਆਸੀ ਮਾਹਿਰਾਂ ਦੀ ਰਾਇ ਅਨੁਸਾਰ ਪੰਜਾਬ ਦੀ ਸਿਆਸਤ ਹੁਣ ਰਵਾਇਤੀ ਦੋ-ਧਿਰੀ ਲੜਾਈ ਵਿੱਚੋਂ ਨਿਕਲ ਕੇ ਬਹੁ-ਕੋਣੀ ਤੇ ਗੁੰਝਲਦਾਰ ਬਣ ਚੁੱਕੀ ਹੈ। ਇੱਕ ਪਾਸੇ 'ਵਾਰਿਸ ਪੰਜਾਬ ਦੇ' ਵਰਗੇ ਵਰਤਾਰੇ ਦਾ ਉਭਾਰ ਹੈ, ਜਿਸ ਨੇ ਰਵਾਇਤੀ ਪੰਥਕ ਸਿਆਸਤ ਅਤੇ ਨੌਜਵਾਨ ਵਰਗ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਉਭਾਰ ਅਕਾਲੀ ਦਲ ਦੇ ਪੰਥਕ ਵੋਟ ਬੈਂਕ ਨੂੰ ਸਭ ਤੋਂ ਵੱਡਾ ਖ਼ੋਰਾ ਲਗਾ ਰਿਹਾ ਹੈ।

ਦੂਜੇ ਪਾਸੇ ਕਾਂਗਰਸ ਅੰਦਰਲੀ ਧੜੇਬੰਦੀ ਅਤੇ ਆਗੂਆਂ ਦੀ ਖਿੱਚੋਤਾਣ ਉਸ ਨੂੰ ਮੁੱਖ ਵਿਰੋਧੀ ਧਿਰ ਵਜੋਂ ਉੱਭਰਨ ਤੋਂ ਰੋਕ ਰਹੀ ਹੈ। ਜੇਕਰ ਅਕਾਲੀ ਦਲ ਅਤੇ ਭਾਜਪਾ ਦਾ ਸਮਝੌਤਾ ਸਿਰੇ ਚੜ੍ਹਦਾ ਵੀ ਹੈ, ਤਾਂ ਵੀ ਪੰਜਾਬ ਦੀ ਪੰਥਕ, ਸ਼ਹਿਰੀ, ਦਲਿਤ ਅਤੇ ਕਿਸਾਨੀ ਵੋਟ ਇੰਨੀ ਬੁਰੀ ਤਰ੍ਹਾਂ ਖਿੰਡ ਚੁੱਕੀ ਹੈ ਕਿ ਕਿਸੇ ਵੀ ਧਿਰ ਲਈ ਬਹੁਮਤ ਦਾ ਰਸਤਾ ਆਸਾਨ ਨਹੀਂ ਰਹਿ ਗਿਆ।

ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਇਸ ਸਾਰੇ ਸਿਆਸੀ ਜੋੜ-ਤੋੜ ਅਤੇ ਸੱਤਾ ਦੀ ਖੇਡ ਵਿੱਚ ਪੰਜਾਬ ਦੇ ਅਸਲ ਅਤੇ ਬੁਨਿਆਦੀ ਮੁੱਦੇ ਪੂਰੀ ਤਰ੍ਹਾਂ ਅੱਖੋਂ-ਪਰੋਖੇ ਹੋ ਰਹੇ ਹਨ। ਸੂਬੇ ਸਿਰ ਚੜ੍ਹਿਆ ਭਾਰੀ ਕਰਜ਼ਾ, ਖੇਤੀਬਾੜੀ ਖੇਤਰ ਵਿੱਚ ਆਇਆ ਖੜੋਤ, ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਉਦਯੋਗਾਂ ਦਾ ਪਲਾਇਨ, ਨੌਜਵਾਨਾਂ ਦੀ ਬੇਰੁਜ਼ਗਾਰੀ, ਵਿਦੇਸ਼ਾਂ ਵੱਲ ਦੌੜ ਅਤੇ ਨਸ਼ਿਆਂ ਦਾ ਲਗਾਤਾਰ ਪਸਾਰ ਅਜਿਹੇ ਸੰਕਟ ਹਨ ਜਿਨ੍ਹਾਂ ਬਾਰੇ ਕੋਈ ਵੀ ਸਿਆਸੀ ਧਿਰ ਠੋਸ ਰੋਡਮੈਪ ਪੇਸ਼ ਨਹੀਂ ਕਰ ਰਹੀ। ਹਰ ਪਾਰਟੀ ਸਿਰਫ਼ ਇਸ ਹਿਸਾਬ-ਕਿਤਾਬ ਵਿੱਚ ਰੁੱਝੀ ਹੋਈ ਹੈ ਕਿ ਅਗਲੀ ਸਰਕਾਰ ਕਿਸ ਤਰ੍ਹਾਂ ਬਣਾਈ ਜਾਵੇ, ਪਰ ਡੂੰਘੇ ਸੰਕਟ ਵਿੱਚ ਫਸੇ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਕਿਸੇ ਕੋਲ ਕੋਈ ਸਪੱਸ਼ਟ ਦੂਰਅੰਦੇਸ਼ੀ ਨਜ਼ਰ ਨਹੀਂ ਆ ਰਹੀ।

***

## 8 ਕਰੋੜ ਦੀ ਰਿਸ਼ਵਤ ਤੇ ਵਿਦੇਸ਼ ਵਸਣ

ਇਸ ਤੋਂ ਵੀ ਵੱਧ ਰੂਹ ਕੰਬਾਊ ਗੱਲ ਇਹ ਸੀ ਕਿ ਪੁਲਿਸ ਚੌਕੀ ਦੇ ਇੰਚਾਰਜ ਅਧਿਕਾਰੀ ਨੇ ਇਨ੍ਹਾਂ ਦਰਿੰਦਿਆਂ ਤੋਂ ਹੱਸਦਿਆਂ ਪੁੱਛਿਆ, ਸ਼ਾਬਾਸ਼! ਕਿੰਨੇ ਮੁਰਗੇ ਭੁੰਨ ਦਿੱਤੇ? ਇਹ ਇਤਿਹਾਸਕ ਸ਼ਬਦ ਗਵਾਹੀ ਭਰਦੇ ਹਨ ਕਿ ਕਿਵੇਂ ਰਾਖੇ ਹੀ ਭਖਸ਼ੀ ਬਣ ਚੁੱਕੇ ਸਨ ਅਤੇ ਸਿੱਖਾਂ ਦੀ ਨਸਲਕੁਸ਼ੀ ਨੂੰ ਇੱਕ ਖੁਸ਼ੀ ਦੇ ਉਤਸਵ ਵਾਂਗ ਮਨਾਇਆ ਜਾ ਰਿਹਾ ਸੀ।

ਅਜਿਹੇ ਖ਼ੌਫ਼ਨਾਕ ਮਾਹੌਲ ਵਿੱਚ ਵੀ ਬੀਬੀ ਜਗਦੀਸ਼ ਕੌਰ ਨੇ ਹੌਸਲਾ ਨਹੀਂ ਹਾਰਿਆ। ਸਿਸਟਮ ਅਤੇ ਮੁਲਜ਼ਮ ਧਿਰ ਨੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ। ਕੇਸ ਵਾਪਸ ਲੈਣ ਅਤੇ ਅਦਾਲਤ ਵਿੱਚ ਗਵਾਹੀ ਤੋਂ ਮੁਕਰਨ ਲਈ ਉਨ੍ਹਾਂ ਨੂੰ 8 ਕਰੋੜ ਰੁਪਏ ਦੀ ਭਾਰੀ ਰਕਮ, ਚੰਡੀਗੜ੍ਹ ਵਿੱਚ ਕੀਮਤੀ ਪਲਾਟ ਅਤੇ ਪੂਰੇ ਪਰਿਵਾਰ ਨੂੰ ਵਿਦੇਸ਼ ਵਿੱਚ ਪੱਕੇ ਤੌਰ 'ਤੇ ਵਸਾਉਣ ਦਾ ਲਾਲਚ ਦਿੱਤਾ ਗਿਆ ਸੀ ਪਰ ਇੱਕ ਸੱਚੀ ਸਰਦਾਰਨੀ ਨੇ ਇਸ ਸਾਰੇ ਧਨ-ਦੌਲਤ ਦੇ ਅੰਬਾਰ ਨੂੰ ਠੋਕਰ ਮਾਰਦਿਆਂ ਸਪੱਸ਼ਟ ਕਿਹਾ ਸੀ ਕਿ ਉਹ ਆਪਣੇ ਸ਼ਹੀਦ ਪਰਿਵਾਰ ਦੇ ਖ਼ੂਨ ਦੀ ਦਲਾਲੀ ਕਦੇ ਨਹੀਂ ਕਰੇਗੀ। ਉਨ੍ਹਾਂ ਨੇ ਆਪਣੇ ਬਾਕੀ ਬੱਚਿਆਂ ਦਾ ਪੇਟ ਪਾਲਣ ਲਈ ਗ਼ਰੀਬੀ ਵਿੱਚ ਛੋਟੇ-ਮੋਟੇ ਕੰਮ ਕੀਤੇ, ਪਰ ਅਦਾਲਤਾਂ ਦੀਆਂ ਬਰੂਹਾਂ 'ਤੇ ਖੜ੍ਹ ਕੇ ਕਾਤਲਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਸੱਚ ਬੋਲਣ ਤੋਂ ਕਦੇ ਪਿੱਛੇ ਨਹੀਂ ਹਟੀ।

ਸਾਲ 2018 ਵਿੱਚ ਦਿੱਲੀ ਹਾਈ ਕੋਰਟ ਵੱਲੋਂ ਸੁਣਾਇਆ ਗਿਆ ਫ਼ੈਸਲਾ ਨਾ ਸਿਰਫ਼ ਸੱਜਣ ਕੁਮਾਰ ਦੀ ਸਜ਼ਾ ਦਾ ਐਲਾਨ ਸੀ, ਸਗੋਂ ਇਹ ਬੀਬੀ ਜਗਦੀਸ਼ ਕੌਰ ਵਰਗੀਆਂ ਦਲੇਰ ਔਰਤਾਂ ਦੇ ਅਡੋਲ ਸਿਦਕ ਦੀ ਜਿੱਤ ਸੀ। ਅਦਾਲਤ ਨੇ ਆਪਣੀ 207 ਪੰਨਿਆਂ ਦੀ ਜਜਮੈਂਟ ਵਿੱਚ ਸਪੱਸ਼ਟ ਲਿਖਿਆ ਸੀ ਕਿ ਇਹ ਆਮ ਹਿੰਸਾ ਨਹੀਂ ਸਗੋਂ ਮਨੁੱਖਤਾ ਖ਼ਿਲਾਫ਼ ਅਪਰਾਧ ਸੀ, ਜਿਸ ਵਿੱਚ ਦੋਸ਼ੀਆਂ ਨੂੰ ਸਿਆਸੀ ਅਤੇ ਪ੍ਰਸ਼ਾਸਕੀ ਸਰਪ੍ਰਸਤੀ ਹਾਸਲ ਸੀ। ਹਾਈ ਕੋਰਟ ਨੇ ਬੀਬੀ ਜਗਦੀਸ਼ ਕੌਰ ਅਤੇ ਹੋਰ ਗਵਾਹਾਂ ਦੀ ਬੇਖ਼ੌਫ਼ ਗਵਾਹੀ ਨੂੰ ਸਲਾਮ ਕੀਤਾ, ਜਿਨ੍ਹਾਂ ਨੇ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਦਹਿਸ਼ਤ, ਦਬਾਅ ਅਤੇ ਲਾਲਚਾਂ ਦੇ ਤੂਫ਼ਾਨਾਂ ਦਾ ਸਾਹਮਣਾ ਕਰਦਿਆਂ ਸੱਚ ਦਾ ਦੀਵਾ ਜਗਾਈ ਰੱਖਿਆ।

ਸੱਜਣ ਕੁਮਾਰ ਦੀ ਤਿਹਾੜ ਜੇਲ੍ਹ ਵਿੱਚ ਬੰਦ ਰਹਿ ਕੇ ਹੋਈ ਮੌਤ ਨੇ ਪੀੜਤ ਪਰਿਵਾਰਾਂ ਨੂੰ ਇੱਕ ਹੱਦ ਤੱਕ ਸੰਤੁਸ਼ਟੀ ਜ਼ਰੂਰ ਦਿੱਤੀ ਹੈ ਕਿ ਮੁੱਖ ਦੋਸ਼ੀ ਆਪਣੀ ਜ਼ਿੰਦਗੀ ਦੇ ਆਖ਼ਰੀ ਪਲ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਇਕੱਲਾ ਅਤੇ ਗੁਨਾਹਾਂ ਦੇ ਬੋਝ ਹੇਠ ਕੱਟ ਕੇ ਮਰਿਆ। ਪਰ ਇਸ ਦੇ ਬਾਵਜੂਦ ਇਹ ਅਧੂਰੇ ਇਨਸਾਫ਼ ਦਾ ਇੱਕ ਕੌੜਾ ਸੱਚ ਵੀ ਹੈ। ਇਹ ਸਵਾਲ ਅੱਜ ਵੀ ਭਾਰਤ ਦੇ ਨਿਆਂ ਪ੍ਰਬੰਧ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ ਕਿ ਇਸ ਕਤਲੇਆਮ ਦੀ ਸਾਜ਼ਿਸ਼ ਰਚਣ ਵਾਲੇ ਕਈ ਹੋਰ ਵੱਡੇ ਸਿਆਸੀ ਚਿਹਰੇ, ਨਫ਼ਰਤ ਭੜਕਾਉਣ ਵਾਲੇ ਆਗੂ ਅਤੇ ਕਾਤਲਾਂ ਦਾ ਸਾਥ ਦੇਣ ਵਾਲੇ ਦਿੱਲੀ ਪੁਲਿਸ ਦੇ ਦੋਸ਼ੀ ਅਫ਼ਸਰ ਬਿਨਾਂ ਕਿਸੇ ਸਜ਼ਾ ਦੇ ਕਿਵੇਂ ਬਚ ਨਿਕਲੇ।

ਬੀਬੀ ਜਗਦੀਸ਼ ਕੌਰ ਦਾ ਜੀਵਨ ਅਤੇ ਸੰਘਰਸ਼ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸਿਖਾਉਂਦਾ ਰਹੇਗਾ ਕਿ ਜਦੋਂ ਰਾਜ-ਸੱਤਾ ਖ਼ੁਦ ਜ਼ਾਲਮ ਬਣ ਜਾਵੇ, ਕਾਨੂੰਨ ਦੇ ਰਾਖੇ ਕਾਤਲਾਂ ਨਾਲ ਰਲ ਜਾਣ ਅਤੇ ਸਮਾਂ ਸਭ ਤੋਂ ਵੱਡੀ ਪ੍ਰੀਖਿਆ ਲੈ ਰਿਹਾ ਹੋਵੇ, ਤਾਂ ਵੀ ਅਣਖ, ਧਰਮ ਅਤੇ ਸੱਚ ਦੇ ਰਾਹ 'ਤੇ ਅਡੋਲ ਖੜ੍ਹੇ ਰਹਿ ਕੇ ਜ਼ੁਲਮ ਦੇ ਵੱਡੇ ਤੋਂ ਵੱਡੇ ਮਹਿਲਾਂ ਦੀਆਂ ਨੀਹਾਂ ਹਿਲਾਈਆਂ ਜਾ ਸਕਦੀਆਂ ਹਨ। ਉਨ੍ਹਾਂ ਦੀ ਗਵਾਹੀ ਇਤਿਹਾਸ ਦੇ ਪੰਨਿਆਂ ਵਿੱਚ ਜ਼ੁਲਮ ਖ਼ਿਲਾਫ਼ ਨਾਬਰੀ ਦੀ ਇੱਕ ਅਮਰ ਮਿਸਾਲ ਵਜੋਂ ਹਮੇਸ਼ਾ ਦਰਜ ਰਹੇਗੀ।

***

## ਗੁ. ਹੇਮਕੁੰਟ ਸਾਹਿਬ ਦੇ ਆਲੇ ਦੁਆਲੇ ਸੱਤ ਉੱਚੀਆਂ

ਇਹ ਸੱਤ ਚੋਟੀਆਂ ਵਿੱਚ ਸਭ ਤੋਂ ਉੱਚੀ ਚੋਟੀ ਲਗਪਗ 18 ਹਜ਼ਾਰ ਫ਼ੁਟ ਤੋਂ ਵਧੇਰੇ ਉੱਚੀ ਹੈ। ਇਹ ਚੋਟੀਆਂ 'ਤੇ ਜਾਣ ਵਾਸਤੇ ਕੋਈ ਸਥਾਪਤ ਰਸਤੇ ਵੀ ਨਹੀਂ ਹਨ। ਇਸ ਟੀਮ ਵਿੱਚ ਸ਼ਾਮਿਲ ਸਾਰੇ ਹੀ ਮੈਂਬਰ ਖੇਤੀਬਾੜੀ ਕਰਨ ਵਾਲੇ ਅਤੇ ਸਧਾਰਨ ਪਰਿਵਾਰਾਂ ਦੇ ਜੀਅ ਹਨ, ਜਿੰਨਾਂ ਕੋਲ ਉੱਚੇ ਪਹਾੜਾਂ 'ਤੇ ਚੜਨ ਦੀ ਕੋਈ ਟ੍ਰੇਨਿੰਗ ਵੀ ਨਹੀਂ ਹੈ।

ਭਾਈ ਸੇਵਾ ਸਿੰਘ ਨੇ ਆਖਿਆ ਕਿ ਇਹ ਸਾਰੀ ਟੀਮ ਕੁਝ ਦਿਨਾਂ ਵਿੱਚ ਹੀ ਸੱਤ ਚੋਟੀਆਂ 'ਤੇ ਨਿਸ਼ਾਨ ਸਾਹਿਬ ਦੀ ਸੇਵਾ ਮੁਕੰਮਲ ਕਰ ਲੈਂਦੀ ਹੈ। ਉਹਨਾਂ ਦੱਸਿਆ ਕਿ ਇਹਨਾਂ ਵਿੱਚੋਂ ਚਾਰ ਨੰਬਰ ਚੋਟੀ 'ਤੇ ਚੜਨ ਵਾਸਤੇ ਵੱਡਾ ਜੋਖ਼ਮ ਲੈਣਾ ਪੈਂਦਾ ਹੈ ਪਰ ਇਸ ਟੀਮ 'ਤੇ ਗੁਰੂ ਕਿਰਪਾ ਹੈ ਕਿ ਇਹ ਟੀਮ ਆਪਣੇ ਸਰੀਰ ਨੂੰ ਵਾਤਾਵਰਣ ਪ੍ਰਤੀ ਅਨੁਕੂਲ ਬਣਾਏ ਬਿਨਾਂ ਹੀ ਇਹ ਸੇਵਾ ਨੂੰ ਮੁਕੰਮਲ ਕਰਦੀ ਹੈ। ਉਹਨਾਂ ਦੱਸਿਆ ਕਿ ਇਸ ਟੀਮ ਦੇ ਮੁਖੀ ਬਾਬਾ ਸ਼ੇਰ ਸਿੰਘ ਨੇ ਲਗਪਗ 40 ਸਾਲ ਪਹਿਲਾਂ ਇਹ ਸੇਵਾ ਸ਼ੁਰੂ ਕੀਤੀ ਸੀ ਅਤੇ ਉਹ ਅੰਤ ਤੱਕ ਇਸ ਸੇਵਾ ਨਾਲ ਜੁੜੇ ਰਹੇ ਹਨ। ਉਨ੍ਹਾਂ ਦੀ ਇਸ ਇਸ ਟੀਮ ਨੂੰ ਗੁਰਦੁਆਰਾ ਗੋਬਿੰਦ ਘਾਟ ਵਿਖੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਹੈ ਅਤੇ ਗੁਰੂ ਅੱਗੇ ਅਰਦਾਸ ਕੀਤੀ ਗਈ ਕਿ ਗੁਰੂ ਸਾਹਿਬ ਇਸ ਟੀਮ ਨੂੰ ਇਸੇ ਤਰ੍ਹਾਂ ਸੇਵਾ ਕਰਨ ਦਾ ਬਲ ਬਖਸ਼ਣ।

ਭਾਈ ਸੇਵਾ ਸਿੰਘ ਨੇ ਦੱਸਿਆ ਕਿ 20 ਮਈ ਤੋਂ ਆਰੰਭ ਹੋਈ ਸਲਾਨਾ ਯਾਤਰਾ ਤਹਿਤ 19 ਅਗਸਤ ਤੱਕ ਲਗਪਗ 2 ਲੱਖ 62 ਹਜਾਰ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਤਮਸਤਕ ਹੋ ਚੁੱਕੇ ਹਨ। ਇਹ ਅੰਕੜਾ ਪਿਛਲੇ ਇੱਕ ਦਹਾਕੇ ਦਾ ਸਭ ਤੋਂ ਵੱਡੀ ਗਿਣਤੀ ਵਾਲਾ ਅੰਕੜਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਇਸ ਵਾਰ ਸ਼ਰਧਾਲੂਆਂ ਦੀ ਗਿਣਤੀ 3 ਲੱਖ ਤੋਂ ਵਧੇਰੇ ਹੋ ਜਾਵੇਗੀ।

**

## ਗੁਰਬਾਣੀ ਦੇ ਯੂ-ਟਿਊਬ ਪ੍ਰਸਾਰਨ 'ਚ 'ਜਾਣਬੁੱਝ ਕੇ'

ਗੁਰਬਾਣੀ ਦੇ ਸਿੱਧੇ ਪ੍ਰਸਾਰਣ 'ਤੇ ਜੀ.ਟੀ.ਸੀ. ਦੇ ਇਤਰਾਜ਼ਾਂ ਨੂੰ ਸ਼੍ਰੋਮਣੀ ਕਮੇਟੀ ਨੇ ਕੀਤਾ ਰੱਦ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਜੀ.ਟੀ.ਸੀ. ਨੈੱਟਵਰਕ ਵੱਲੋਂ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਚੁੱਕੇ ਗਏ ਇਤਰਾਜ਼ਾਂ ਨੂੰ ਪੂਰੀ ਤਰ੍ਹਾਂ ਖਾਰਜ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਕਤ ਨੈੱਟਵਰਕ ਕੋਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਮੁੜ-ਪ੍ਰਸਾਰਣ ਕਰਨ ਦਾ ਕੋਈ 'ਕਾਨੂੰਨੀ ਅਧਿਕਾਰ' ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਅਜੇ ਵੀ ਅਦਾਲਤ ਵਿੱਚ ਵਿਚਾਰਅਧੀਨ ਹੈ, ਇਸ ਲਈ ਤਕਨੀਕੀ ਤੌਰ 'ਤੇ ਜੀ.ਟੀ.ਸੀ. ਗੁਰਬਾਣੀ ਦੇ ਪ੍ਰਸਾਰਣ 'ਤੇ ਕੋਈ ਇਤਰਾਜ਼ ਖੜ੍ਹਾ ਨਹੀਂ ਕਰ ਸਕਦਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਅੱਗੇ ਆਖਿਆ ਕਿ ਜੇਕਰ ਪ੍ਰਸਾਰਣ ਵਿੱਚ ਕਿਸੇ ਕਿਸਮ ਦੀ ਤਕਨੀਕੀ ਖਰਾਬੀ ਜਾਂ ਸਮੱਸਿਆ ਆਉਂਦੀ ਹੈ, ਤਾਂ ਉਸ ਦੀ ਜਾਂਚ ਆਮ ਸੰਗਤ ਅਤੇ ਸ਼ਰਧਾਲੂਆਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾ ਸਕਦੀ ਹੈ, ਨਾ ਕਿ ਜੀ.ਟੀ.ਸੀ. ਨੈੱਟਵਰਕ ਦੇ ਦਬਾਅ ਜਾਂ ਕਹਿਣ 'ਤੇ।

***

## ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ

ਸਿਰਫ਼ ਉਹ ਵਿਦਿਆਰਥੀ ਯੂਨੀਵਰਸਿਟੀ ਸਿਹਤ ਬੀਮੇ ਤੋਂ ਬਾਹਰ ਰਹਿ ਸਕਦੇ ਹਨ ਜਿਨ੍ਹਾਂ ਕੋਲ ਓਨਟਾਰੀਓ ਹੈਲਥ ਇੰਸ਼ੋਰੈਂਸ ਪਲਾਨ ਮੌਜੂਦ ਹੋਵੇ ਜਾਂ ਉਹ ਕਿਸੇ ਹੋਰ ਅਗਾਊਂ ਪ੍ਰਵਾਨਤ ਯੋਜਨਾ ਦੇ ਘੇਰੇ ਵਿਚ ਆਉਂਦੇਹੋਣ। ਓਨਟਾਰੀਓ ਵਿੱਚ ਵਿਦੇਸ਼ੀ ਨਾਗਰਿਕ ਸਰਕਾਰੀ ਸਿਹਤ ਬੀਮੇ ਦੇ ਘੇਰੇ ਵਿੱਚ ਨਹੀਂ ਆਉਂਦੇ,ਜਿਸ ਦੇ ਮੱਦੇਨਜ਼ਰ ਕੌਮਾਂਤਰੀ ਵਿਦਿਆਰਥੀਆਂ ਲਈ ਵਿਦਿਅਕ ਅਦਾਰੇ ਵਾਲੀ ਯੋਜਨਾ ਲਾਜ਼ਮੀ ਹੋ ਜਾਂਦੀ ਹੈ। ਓਨਟਾਰੀਓ ਦੇ ਉਲਟ ਐਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਰਾਜਾਂ ਵਿਚ ਕੌਮਾਂਤਰੀ ਵਿਦਿਆਰਥੀਆਂ ਨੂੰ ਸਰਕਾਰੀ ਸਿਹਤ ਬੀਮੇ ਦੀ ਸਹੂਲਤ ਦਿੱਤੀ ਜਾਂਦੀ ਹੈ। ਬੀਮੇ ਦੀ ਮਿਆਦ ਉਸੇ ਦਿਨ ਸ਼ੁਰੂ ਹੋ ਜਾਂਦੀ ਹੈ ਜਦੋਂ ਕੌਮਾਂਤਰੀ ਵਿਦਿਆਰਥੀ ਕੈਨੇਡਾ ਦੀ ਧਰਤੀ 'ਤੇ ਕਦਮ ਰਖਦਾ ਹੈ।

ਯੂਨੀਵਰਸਿਟੀ ਹੈਲਥ ਇੰਸ਼ੋਰੈਂਸ ਪਲਾਨ ਤਹਿਤ ਸਾਲਾਨਾ ਆਧਾਰ 'ਤੇ ਵੱਧ ਤੋਂ ਵੱਧ 10 ਲੱਖ ਕੈਨੇਡੀਅਨ ਡਾਲਰ ਦੀ ਕਵਰੇਜ ਮੁਹੱਈਆ ਕਰਵਾਈ ਜਾਂਦੀ ਹੈ। ਬੀਮਾ ਹੋਣ ਦੀ ਸੂਰਤ ਵਿਚ ਕੌਮਾਂਤਰੀ ਵਿਦਿਆਰਥੀ ਐਮਰਜੈਂਸੀ ਰੂਮ ਜਾ ਸਕਦੇ ਹਨ, ਟੈਸਟ ਕਰਵਾ ਸਕਦੇ ਹਨ ਅਤੇ ਉਨ੍ਹਾਂ ਨੂੰ ਸਰਜਰੀ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਂਦੀ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home